ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 157| 8 Jan. to 14 Jan., 2025 | Ph.: (510) 240-5949 | Email: asrtimes@gmail.com



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ
ਚਾਲ਼ੀ ਮੁਕਤਿਆਂ ਦੀ ਲਾਸਾਨੀ ਸ਼ਹਾਦਤ ਨੂੰ
ਕੋਟਿਨ ਕੋਟ ਪ੍ਰਣਾਮ।

# ਕੀ ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਦੇ ਮੂਡ ’ਚ ਹੈ ?

## ਜਥੇਦਾਰ ਅਕਾਲ ਤਖ਼ਤ ਸਾਹਿਬ ਹੁਕਮਨਾਮੇ ਲਾਗੂ ਕਰਾਉਣ ਲਈ ਹੋਏ ਸਖ਼ਤ

## ਸੁਖਬੀਰ ਬਾਦਲ ਨੂੰ ਮਾਘੀ ਮੇਲੇ ਵਿੱਚ ਕਾਨਫ਼ਰੰਸ ਕਰ ਕੇ ਰੀਲਾਂਚ ਕਰੇਗਾ ਸ਼੍ਰੋਮਣੀ ਅਕਾਲੀ ਦਲ

## ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਨਵਾਂ ਅਕਾਲੀ ਦਲ ਬਣਾਉਣਗੇ



ਦੋ ਦਸੰਬਰ ਦਾ ਇਤਿਹਾਸਕ ਹੁਕਮਨਾਮਾ ਜਾਰੀ ਕੀਤੇ ਜਾਣ ਤੋਂ ਕਰੀਬ ਇੱਕ ਮਹੀਨੇ ਬਾਅਦ ਆਖ਼ਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਪਣੀ ਚੁੱਪ ਤੋੜ ਦਿੱਤੀ ਹੈ ਅਤੇ ਹੁਕਮਨਾਮੇ ਨੂੰ ਸਮੁੱਚੇ ਰੂਪ ਵਿੱਚ ਲਾਗੂ ਕਰਨ ਤੋਂ ਬਚਣ ਦੀਆਂ ਕੋਸ਼ਿਸ਼ਾਂ ਕਰਦੀ ਆ ਰਹੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਲਈ ਹੁਣ ਸ਼ਾਇਦ ਹੋਰ ਰਾਹ ਬੰਦ ਹੋ ਗਏ ਹਨ। ਉਨ੍ਹਾਂ ਦੋ ਟੁੱਕ ਲਫ਼ਜ਼ਾਂ ਵਿੱਚ ਆਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਟਾਲਮਟੋਲ ਛੱਡ ਕੇ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਕੀਤਾ ਗਿਆ ਫ਼ੈਸਲਾ ਲਾਗੂ ਕਰਨਾ ਚਾਹੀਦਾ ਹੈ ਅਤੇ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਗਿਆ ਅਸਤੀਫ਼ਾ ਫੌਰੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਅਤੇ ਹੋਰਨਾਂ ਆਗੂਆਂ ਦੇ ਅਸਤੀਫ਼ੇ ਵੀ ਲਏ ਜਾਣੇ ਚਾਹੀਦੇ ਹਨ। ਉਸ ਸੰਬੰਧੀ ਅਕਾਲੀ ਦਲ ਨੂੰ ਕੋਈ ਆਨਾਕਾਨੀ ਨਹੀਂ ਕਰਨੀ ਚਾਹੀਦੀ, ਉਸ ਨੂੰ ਜਲਦ ਤੋਂ ਜਲਦ ਲਾਗੂ ਕਰਨਾ ਚਾਹੀਦਾ ਹੈ ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਦੋਸ਼ਾਂ ਦੀ ਜਾਂਚ ਲਈ ਗਠਿਤ ਕੀਤੀ ਜਾਂਚ ਕਮੇਟੀ ਪ੍ਰਤੀ ਨਾਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਮੈਂ ਉਸ ਦਿਨ ਵੀ ਇਸ ਕਮੇਟੀ ਦੇ ਗਠਨ ਪ੍ਰਤੀ ਇਤਰਾਜ਼ ਕੀਤਾ ਸੀ ਕਿ ਜਥੇਦਾਰਾਂ ਦੀ ਪੜਤਾਲ ਦਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਹੀ ਅਧਿਕਾਰ ਹੈ, ਇਸ ਲਈ ਇਹ ਪੜਤਾਲ ਸਾਨੂੰ ਸੌਂਪ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜਦੋਂ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜ ਪਿਆਰੇ ਸਾਹਿਬਾਨ ਦੇ ਸਨਮੁਖ ਜਾ ਕੇ ਆਪਣੇ ’ਤੇ ਲੱਗੇ ਇਲਜ਼ਾਮਾਂ ਦਾ ਖੰਡਨ ਕਰ ਦਿੱਤਾ ਹੈ ਤਾਂ ਮੈਂ ਸਮਝਦਾ ਇਸ ਤੋਂ ਬਾਅਦ ਕੋਈ ਵੀ ਪੜਤਾਲ ਬਾਕੀ ਨਹੀਂ ਰਹਿ ਜਾਂਦੀ।

ਪੰਜ ਸਿੰਘ ਸਾਹਿਬਾਨ ਦਾ ਆਦੇਸ਼ ਆਉਣ ਤੋਂ ਬਾਅਦ ਤਨਖ਼ਾਹੀਏ ਕਰਾਰ ਦਿੱਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਆਪਣੀ ਧਾਰਮਿਕ ਸੇਵਾ ਨਿਭਾਉਣ ਦਾ ਕਾਰਜ ਸ਼ੁਰੂ ਕਰ ਦਿੱਤਾ ਗਿਆ ਪਰ ਜਿੱਥੋਂ ਤੱਕ ਹੁਕਮਨਾਮੇ ਦੇ ਸਿਆਸੀ ਹਿੱਸੇ ਦਾ ਤਾਅਲੁਕ ਸੀ, ਉਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅੰਦਰ ਸ਼ੁਰੂ ਤੋਂ ਹੀ ਝਿਜਕ ਬਣੀ ਰਹੀ ਅਤੇ ਪਾਰਟੀ ਦੇ ਕੁਝ ਆਗੂਆਂ ਦੇ ਬਿਆਨਾਂ ਤੋਂ ਸਾਫ਼ ਸੰਕੇਤ ਮਿਲੇ ਸਨ ਕਿ ਲੀਡਰਸ਼ਿਪ ਇਨ੍ਹਾਂ ਫ਼ੈਸਲਿਆਂ ਨੂੰ ਪ੍ਰਵਾਨ ਨਹੀਂ ਕਰੇਗੀ।

ਇਸ ਸਬੰਧ ਵਿੱਚ ਅਕਾਲੀ ਦਲ ਦੇ ਕੁਝ ਆਗੂਆਂ ਵੱਲੋਂ ਇਹ ਦਲੀਲ



ਵੀ ਦਿੱਤੀ ਗਈ ਸੀ ਕਿ ਜੇ ਅਸਤੀਫ਼ਿਆਂ ਅਤੇ ਨਵੀਂ ਮੈਂਬਰਸ਼ਿਪ ਮੁਤੱਲਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਲਾਗੂ ਕੀਤਾ ਗਿਆ ਤਾਂ ਪਾਰਟੀ ਦੀ ਮਾਨਤਾ ਰੱਦ ਹੋ ਸਕਦੀ ਹੈ।

ਇਸੇ ਦੌਰਾਨ ਅਕਾਲੀ ਦਲ ਨੇ ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ’ਤੇ ਕਾਨਫ਼ਰੰਸ ਲਈ ਆਪਣੀ ਸਿਆਸੀ ਸਰਗਰਮੀ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤੀ ਹੈ ਅਤੇ ਸੁਖਬੀਰ ਸਿੰਘ ਬਾਦਲ ਵੱਲੋਂ ਆਇਆ ਇਹ ਬਿਆਨ ਵੀ ਗ਼ੌਰਤਲਬ ਹੈ ਕਿ ਉਨ੍ਹਾਂ ਖ਼ਿਲਾਫ਼ ਲਾਏ ਗਏ ਸਾਰੇ ਦੋਸ਼ ਝੂਠੇ ਸਨ ਅਤੇ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਕਰ ਕੇ ਹੀ ਇਨ੍ਹਾਂ ਦੀ ਜ਼ਿੰਮੇਵਾਰੀ ਕਬੂਲ ਕੀਤੀ ਸੀ। ਉਨ੍ਹਾਂ ਸਾਫ ਕਿਹਾ ਕਿ ਅਕਾਲੀ ਦਲ ਹੁਣ ਜਾਗ ਗਿਆ ਹੈ ਤੇ ਸਭ ਨੂੰ ਬੰਦੇ ਬਣਾਵੇਗਾ।

(ਬਾਕੀ ਸਫ਼ਾ 30 ’ਤੇ)

## ਸੁਖਬੀਰ ਦਾ ਨਿਸ਼ਾਨਾ ਬਾਗ਼ੀ ਧੜੇ ਦੀ ਥਾਂ ਭਾਈ ਅੰਮ੍ਰਿਤਪਾਲ ਸਿੰਘ ਦਾ ਜਥਾ ਕਿਉਂ ?



ਬਾਦਲ ਅਕਾਲੀ ਦਲ ਨੂੰ ਸਭ ਤੋਂ ਵੱਡਾ ਚੈਲਿੰਜ ਭਾਈ ਅੰਮ੍ਰਿਤਪਾਲ ਸਿੰਘ ਦਾ ਜਥਾ ਹੈ ਕਿਉਂਕਿ ਉਹ ਲੋਕ ਸਭਾ ਚੋਣਾਂ ਦੌਰਾਨ ਬਾਦਲ ਅਕਾਲੀ ਦਲ ਉੱਪਰ ਤੇ ਇਕੱਠ ਕਰਨ ਵਿੱਚ ਬਾਦਲ ਦਲ ਉੱਪਰ ਭਾਰੂ ਪਿਆ ਸੀ। ਹੁਣ ਵੀ ਭਾਈ ਅੰਮ੍ਰਿਤਪਾਲ ਸਿੰਘ ਦਾ ਜਥਾ ਸਭ ਪੰਥਕ ਧਿਰਾਂ ਤੋਂ ਮਜਬੂਤ ਜਾਪਦਾ ਹੈ। ਇਸ ਵਿੱਚ ਨਵੇਂ ਚਿਹਰੇ, ਖਾਸ ਕਰਕੇ ਨੌਜਵਾਨ ਹਨ। ਅਕਾਲੀ ਦਲ (ਬਾਦਲ) ਕੋਲ ਸਿਰਫ਼ ਇੱਕ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਹੈ। ਜਦੋਂਕਿ ਨਵੀਂ ਐਲਾਨੀ ਪਾਰਟੀ ਵਿੱਚ ਦੋ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖ਼ਾਲਸਾ ਹਨ। ਦੂਜੇ ਪਾਸੇ ਅਕਾਲੀ ਦਲ ਦਾ ਬਾਗੀ ਧੜਾ ਇੱਕ ਵਾਰ ਫਿਰ ਬਾਗੀ ਸੁਰ ਅਪਣਾ ਰਿਹਾ ਹੈ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ 2 ਦਸੰਬਰ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਮੰਗ ਕਰ ਰਹੇ ਹਨ। ਜੇਕਰ ਅਜਿਹਾ ਨਾ ਹੋਇਆ ਤਾਂ ਬਾਗੀ ਧੜਾ ਵੀ ਵੱਖਰੀ ਪਾਰਟੀ ਬਣਾ ਸਕਦੇ ਹੈ ਪਰ ਉਹ ਬਾਦਲ ਦਲ ਵਰਗੇ ਹੰਢੇ ਸਿਆਸਤਦਾਨ ਨਹੀਂ ਹਨ ਤੇ ਅਕਾਲੀ ਦਲ ਕੋਲ ਮਜਬੂਤ ਆਰਥਿਕਤਾ ਤੇ ਸਾਧਨ ਹਨ।

ਸੁਖਬੀਰ ਸਿੰਘ ਬਾਦਲ ਦਾ ਇਸ ਬਾਰੇ ਕਹਿਣਾ ਹੈ ਕਿ ਇਹ ਅਕਾਲੀ ਦਲ ਨੂੰ ਤਬਾਹ ਕਰਨ ਦੀ ਕੋਸ਼ਿਸ਼ ਹੈ ਕਿਉਂਕਿ ਜਦੋਂ ਅਕਾਲੀ ਦਲ ਨੇ ਜ਼ਿਮਨੀ ਚੋਣ ਨਹੀਂ ਲੜੀ ਤਾਂ ਉਨ੍ਹਾਂ ਨੇ ਵੀ ਨਹੀਂ ਲੜੀ। ਸਰਬਜੀਤ ਸਿੰਘ ਖ਼ਾਲਸਾ ਆਪਣੀ ਜਿੱਤ ਤੋਂ ਬਾਅਦ ਹਲਕੇ ਦੇ ਲੋਕਾਂ ਨੂੰ ਮਿਲਣ ਲਈ ਵੀ ਨਹੀਂ ਪਹੁੰਚੇ। ਉਨ੍ਹਾਂ ਆਪਣੇ ਹਲਕੇ ਦੇ ਵੋਟਰਾਂ ਦਾ ਧੰਨਵਾਦ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ। ਪੰਜਾਬ ਦੀ ਸਰਦਾਰੀ ਕਾਇਮ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕੀਤਾ ਜਾਵੇ।

ਅੰਮ੍ਰਿਤਪਾਲ ਸਿੰਘ ’ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਾਡੇ ਬਜ਼ੁਰਗਾਂ ਨੇ 16 ਸਾਲ ਜੇਲ੍ਹ ਕੱਟੀ ਹੈ। ਇੱਥੇ ਸਿਰਫ਼ ਇੱਕ ਸਾਲ ਵਿੱਚ ਹੀ ਚੀਕਾਂ ਪੈਣ ਲੱਗ ਗਈਆਂ ਹਨ। ਇਸ ਮੌਕੇ ਸੁਖਬੀਰ ਬਾਦਲ ਨੇ ਪ੍ਰਕਾਸ਼ ਸਿੰਘ ਬਾਦਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ 16-16 ਸਾਲ ਜੇਲ੍ਹਾਂ ਕੱਟੀਆਂ ਹਨ ਤੇ ਇਨ੍ਹਾਂ ਦੀਆਂ ਇੱਕ ਹੀ ਸਾਲ ਵਿੱਚ ਚੀਕਾਂ ਨਿਕਲ ਗਈਆਂ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੀ ਕੌਮ ਦਾ ਸਰਵਉੱਚ ਹੈ। ਬਾਦਲ ਨੇ ਕਿਹਾ ਕਿ ਹੁਣ ਜੰਗ ਸ਼ੁਰੂ ਹੋ ਗਈ ਹੈ ਕਿਉਂਕਿ ਅਸੀਂ ਪੰਜਾਬ ਅਤੇ ਆਪਣੀ ਕੌਮ ਨੂੰ ਬਚਾਉਣਾ ਹੈ।

ਦੂਜੇ ਪਾਸੇ ਨੈਸ਼ਨਲ ਸਕਿਓਰਿਟੀ ਐਕਟ ਤਹਿਤ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਖ਼ਾਲਿਸਤਾਨ ਸਮਰਥਕ ਤੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਆਪਣੀ ਪਾਰਟੀ ਦਾ ਨਾਂਅ ਅਕਾਲੀ ਦਲ (ਸ਼੍ਰੀ ਆਨੰਦਪੁਰ ਸਾਹਿਬ) ਰੱਖਣ ਜਾ ਰਹੇ ਹਨ। ਇਸ ਨੂੰ ਲੈ ਕੇ ਉਨ੍ਹਾਂ ਨੇ ਮਾਘੀ ਮੇਲੇ ਉੱਤੇ ਵੱਡਾ ਇਕੱਠ ਸੱਦਿਆ ਹੈ। ਇਸ ਨੂੰ ਲੈ ਕੇ ਅੰਮ੍ਰਿਤਪਾਲ ਸਿੰਘ ਦੇ ਸੋਸ਼ਲ ਮੀਡੀਆ ਖਾਤੇ ਤੋਂ ਜਾਣਕਾਰੀ ਸਾਂਝੀ ਕੀਤੀ ਗਈ ਹੈ।

## ਅਕਾਲੀ ਦਲ ਅੰਮ੍ਰਿਤਸਰ ਗੁਰਮਤੇ ਲਾਗੂ ਕਰਾਉਣ ਦੇ ਹੱਕ ਵਿੱਚ



ਅਕਾਲੀ ਦਲ ਅੰਮ੍ਰਿਤਸਰ ਦੇ ਮੁੱਖ ਬੁਲਾਰੇ, ਸਿਆਸੀ ਅਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ ਨੇ ਕਿਹਾ ਕਿ 2 ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਹੋਏ ਫੈਸਲਿਆਂ ਨੂੰ ਜਨਤਕ ਤੌਰ ’ਤੇ ਪ੍ਰਵਾਨ ਕਰਕੇ, ਤਨਖਾਹਾਂ ਲਗਾ ਕੇ ਪੂਰਨ ਕਰਨ ਵਾਲੇ ਬਾਦਲ ਦਲ ਨੇ ਬੇਸ਼ਕ ਆਪਣੀਆਂ ਲੱਗੀਆਂ ਤਨਖਾਹਾਂ ਪੂਰੀਆਂ ਕਰ ਲਈਆਂ ਹਨ ਪਰ ਅਕਾਲ ਤਖ਼ਤ ਸਾਹਿਬ ਤੋਂ ਮਿਲੇ ਹੁਕਮਾਂ ਅਨੁਸਾਰ ਆਪਣੇ ਸਿਆਸੀ ਅਹੁਦਿਆਂ ਤੋਂ ਅਸਤੀਫ਼ੇ ਨਾ ਦੇ ਕੇ ਉਨ੍ਹਾਂ ਅਸਲੀਅਤ ਵਿੱਚ ਆਪਣੀ ਸਿਆਸੀ ਹੋਂਦ ਨੂੰ ਬਚਾਉਣ ਦੀਆਂ ਸਾਜ਼ਿਸ਼ਾਂ ਕੀਤੀਆਂ ਹਨ। ਇਹ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਬਾਦਲ ਦਲ ਦੀ ਲੀਡਰਸ਼ਿਪ, ਜਿਨ੍ਹਾਂ ਨੂੰ ਸਿੱਖ ਕੌਮ ਨੇ ਉਨ੍ਹਾਂ ਦੀਆਂ ਗਲਤੀਆਂ ਕਾਰਨ ਸਿਆਸੀ ਤੇ ਧਾਰਮਿਕ ਤੌਰ ’ਤੇ ਰੱਦ ਕਰ ਦਿੱਤਾ ਹੈ, ਨੂੰ ਸਿਆਸੀ ਚਾਲਾਂ ਖੇਡਣੀਆਂ ਬੰਦ ਕਰਕੇ ਅਕਾਲ ਤਖ਼ਤ ਦੇ ਹੁਕਮਾਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਜਥੇਦਾਰ ਅਕਾਲ ਤਖਤ ਸਾਹਿਬ ਨੂੰ ਗੁਰਮਤਾ ਲਾਗੂ ਕਰਾਉਣਾ ਚਾਹੀਦਾ ਹੈ।

## ਬਾਬਾ ਸਰਬਜੋਤ ਸਿੰਘ ਬੇਦੀ ਨੇ ਬਣਾਈ ਹੁਕਮਨਾਮੇ ਲਾਗੂ ਕਰਾਉਣ ਲਈ ਕਮੇਟੀ



ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਹੁਕਮਨਾਮੇ ਲਾਗੂ ਕਰਾਉਣ ਲਈ ਬਾਬਾ ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ ਤੇ ਰਵੀਇੰਦਰ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ 1920 ਦੀ ਕਮੇਟੀ ਬਣਾ ਦਿਤੀ ਹੈ ਜੋ ਦਸ ਨਵੰਬਰ ਨੂੰ ਸਭ ਪੰਥਕ ਧਿਰਾਂ ਦੀ ਮੀਟਿੰਗ ਜਲੰਧਰ ਵਿੱਚ ਬੁਲਾ ਰਹੀ ਹੈ ਤਾਂ ਜੋ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਜਬੂਤ ਕੀਤਾ ਜਾ ਸਕੇ ਤੇ ਖ਼ਾਲਸਾ ਪੰਥ ਦੀਆਂ ਪਰੰਪਰਾਵਾਂ ਬਹਾਲ ਕੀਤੀਆ ਜਾ ਸਕਣ।




### ਜੰਗ ਤੋ ਖ਼ੁਦ ਹੀ ਏਕ ਮਸਲਾ ਹੈ...

# ਕੌਣ ਰੋਕੇਗਾ ਜੰਗਾਂ ਦੀ ਆੜ 'ਚ ਹੋ ਰਹੇ ਮਨੁੱਖਤਾ ਦੇ ਘਾਣ ਨੂੰ ?

## ਵਿਸ਼ਵ ਸ਼ਾਂਤੀ ਲਈ ਵੱਡਾ ਖ਼ਤਰਾ ਹੈ ਰੂਸ-ਯੂਕ੍ਰੇਨ ਅਤੇ ਇਜ਼ਰਾਇਲ-ਫ਼ਲਸਤੀਨ ਵਿਚਾਲ਼ੇ ਟਕਰਾਓ

### ਅਮਰੀਕਾ ਅਤੇ ਰੂਸ ਵਿਚਾਲ਼ੇ ਸ਼ੁਰੂ ਹੋਈ ਪਰਮਾਣੂ ਹਥਿਆਰਾਂ ਦੀ ਨਵੀਂ ਦੌੜ





*ਸਾਹਿਰ ਲੁਧਿਆਣਵੀ ਨੇ ਲਿਖਿਆ ਹੈ ਕਿ " ਜੰਗ ਤੋ ਖ਼ੁਦ ਹੀ ਏਕ ਮਸਲਾ ਹੈ, ਜੰਗ ਕਯਾ ਮਸਲੋਂ ਕਾ ਹਲ ਦੇਗੀ''। ਜੇ ਸਾਹਿਰ ਲੁਧਿਆਣਵੀ ਅੱਜ ਜਿਉਂਦਾ ਹੁੰਦਾ ਤਾਂ ਉਸ ਨੇ ਇਸ ਸਮੇਂ ਵੱਖ-ਵੱਖ ਮੁਲਕਾਂ ਵਿਚਾਲ਼ੇ ਚੱਲ ਰਹੀਆਂ ਜੰਗਾਂ ਅਤੇ ਆਪਸੀ ਟਕਰਾਓ ਨੂੰ ਵੇਖ ਕੇ ਉਦਾਸ ਹੋ ਜਾਣਾ ਸੀ। ਜੰਗ ਇੱਕ ਕੁਸੈਲ਼ੀ ਹਕੀਕਤ ਹੁੰਦੀ ਹੈ ਪਰ ਇਹ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦੀ ਪਰ ਇਸ ਗੱਲ ਨੂੰ ਕੋਈ ਮੁਲਕ ਸਮਝੇ ਵੀ ਤਾਂ। ਇਸ ਸਮੇਂ ਵੱਡੀ ਗਿਣਤੀ ਦੇਸ਼ ਪੂਰੀ ਦੁਨੀਆਂ 'ਤੇ ਆਪਣੀ ਚੌਧਰ ਚਮਕਾਉਣ ਲਈ ਜੰਗਾਂ ਦਾ ਸਹਾਰਾ ਭਾਲ਼ ਰਹੇ ਹਨ, ਜੋ ਕਿ ਉਹਨਾਂ ਦੀ ਵੱਡੀ ਭੁੱਲ ਹੈ। ਜੰਗਾਂ ਵਿੱਚ ਉਹ ਖ਼ੁਦ ਵੀ ਉੱਜੜ ਜਾਣਗੇ ਅਤੇ ਹੋਰਨਾਂ ਮੁਲਕਾਂ ਨੂੰ ਵੀ ਉਜਾੜ ਦੇਣਗੇ।*

ਸਾਲ 2025 ਵਿੱਚ ਵੀ ਰੂਸ-ਯੂਕ੍ਰੇਨ ਅਤੇ ਇਜ਼ਰਾਇਲ-ਫ਼ਲਸਤੀਨ ਵਿਚਾਲੇ ਜੰਗਾਂ ਜਾਰੀ ਰਹਿਣ ਦੇ ਆਸਾਰ ਹਨ। ਹੁਣ ਰੂਸ ਨੇ ਕਿਹਾ ਹੈ ਕਿ ਜੇ ਅਮਰੀਕਾ ਪਰਮਾਣੂ ਪ੍ਰੀਖਣ ਕਰੇਗਾ ਤਾਂ ਰੂਸ ਵੀ ਪਰਮਾਣੂ ਪਰੀਖਣ ਕਰੇਗਾ। ਇਸ ਤਰ੍ਹਾਂ ਦੁਨੀਆਂ ਵਿੱਚ ਪਰਮਾਣੂ ਹਥਿਆਰਾਂ ਦੀ ਨਵੀਂ ਦੌੜ ਸ਼ੁਰੂ ਹੋ ਗਈ ਹੈ। ਇਸ ਤੋਂ ਇਲਾਵਾ ਚੀਨ ਅਤੇ ਤਾਈਵਾਨ, ਅਰਮੇਨੀਆ ਅਤੇ ਅਜ਼ਰਬਾਈਜਾਨ, ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਵਿਚਕਾਰ ਵੀ ਅੰਦਰੂਨੀ ਜੰਗ ਚੱਲ ਰਹੀ ਹੈ। ਜਿਸ ਕਰਕੇ ਕਿਹਾ ਜਾ ਰਿਹਾ ਹੈ ਕਿ ਜਲਦੀ ਹੀ ਤੀਜੀ ਵਿਸ਼ਵ ਜੰਗ ਸ਼ੁਰੂ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਤੀਜੀ ਵਿਸ਼ਵ ਜੰਗ ਇਸ ਸਮੇਂ ਕਿਸ਼ਤਾਂ ਵਿੱਚ ਲੜੀ ਜਾ ਰਹੀ ਹੈ। ਵੱਖ ਵੱਖ ਮੁਲਕਾਂ ਵਿਚਾਲੇ ਹੋ ਰਹੀਆਂ ਜੰਗਾਂ ਕਾਰਨ ਸਭ ਤੋਂ ਜ਼ਿਆਦਾ ਨੁਕਸਾਨ ਆਮ ਲੋਕਾਂ ਦਾ ਹੋ ਰਿਹਾ ਹੈ। ਇਹਨਾਂ ਜੰਗਾਂ ਵਿੱਚ ਵੱਡੀ ਗਿਣਤੀ ਲੋਕ ਮਾਰੇ ਗਏ ਹਨ ਅਤੇ ਅਨੇਕਾਂ ਲੋਕ ਫ਼ੱਟੜ ਹੋਏ ਹਨ। ਇਹਨਾਂ ਜੰਗਾਂ ਕਾਰਨ ਵੱਡੀ ਗਿਣਤੀ ਆਮ ਲੋਕਾਂ ਦੇ ਘਰ ਤਬਾਹ ਹੋ ਗਏ ਹਨ ਅਤੇ ਉਹਨਾਂ ਲਈ ਦੋ ਵਕਤ ਦੀ ਰੋਟੀ ਦਾ ਜੁਗਾੜ ਕਰਨਾ ਮੁਸ਼ਕਿਲ ਹੋ ਗਿਆ ਹੈ। ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹਨਾਂ ਜੰਗਾਂ ਕਾਰਨ ਹੋ ਰਹੇ ਮਨੁੱਖਤਾ ਦੇ ਘਾਣ ਨੂੰ ਆਖਰ ਕੌਣ ਰੋਕੇਗਾ ?

ਰੂਸ-ਯੂਕ੍ਰੇਨ ਅਤੇ ਇਜ਼ਰਾਈਲ-ਫ਼ਲਸਤੀਨ ਟਕਰਾਓ ਦੇ ਕਾਰਨ ਭਾਵੇਂ ਕੋਈ ਵੀ ਹੋਣ ਪਰ ਅਸਲ ਵਿੱਚ ਇਹ ਜੰਗਾਂ ਵਿਸ਼ਵ ਮਹਾਂਸ਼ਕਤੀ ਬਣਨ ਅਤੇ ਪੂਰੀ ਦੁਨੀਆਂ 'ਤੇ ਆਪਣੀ ਸਰਦਾਰੀ ਕਾਇਮ ਕਰਨ ਦੀ ਇੱਛਾ ਰੱਖਦਿਆਂ ਹੀ ਲੜੀਆਂ ਜਾ ਰਹੀਆਂ ਹਨ। ਚੌਧਰ ਦੀ ਇਸ ਭੁੱਖ ਕਾਰਨ ਵਿਸ਼ਵ ਦੀਆਂ ਅਹਿਮ ਸ਼ਕਤੀਆਂ ਵੱਲੋਂ ਮਨੁੱਖ਼ਤਾ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸਦੀ ਭਰਪਾਈ ਕਦੇ ਵੀ ਨਹੀਂ ਕੀਤੀ ਜਾ ਸਕਦੀ। ਕਈ ਦੇਸ਼ ਇੱਕ ਦੂਜੇ ਉੱਤੇ ਆਪਣਾ ਅਧਿਕਾਰ ਸਥਾਪਤ ਕਰਨ ਲਈ ਨਵੀਆਂ ਮਿਜ਼ਾਈਲਾਂ, ਪ੍ਰਮਾਣੂ ਅਤੇ ਫ਼ੌਜੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਹੇ ਹਨ। ਜਨੇਵਾ ਕਨਵੈਨਸ਼ਨ ਦੌਰਾਨ ਬਣਾਏ ਗਏ ਜੰਗ ਸਬੰਧੀ ਕੌਮਾਂਤਰੀ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਲੱਗਦਾ ਹੈ ਕਿ ਅੱਜ ਮਨੁੱਖੀ ਕਦਰਾਂ-ਕੀਮਤਾਂ ਦੀ ਕੋਈ ਕੀਮਤ ਨਹੀਂ ਰਹੀ।

ਇਹ ਗੱਲ ਸਭ ਨੂੰ ਪਤਾ ਹੈ ਕਿ ਰੂਸ ਅਤੇ ਯੂਕ੍ਰੇਨ ਦੀ ਸੱਭਿਆਚਾਰਕ ਵਿਰਾਸਤ ਇੱਕ ਹੈ। ਯੂਕਰੇਨ 1991 ਤੱਕ ਸੋਵੀਅਤ ਰੂਸ ਦਾ ਹਿੱਸਾ ਸੀ। ਸੋਵੀਅਤ ਰੂਸ ਦੇ ਭੰਗ ਹੋਣ ਤੋਂ ਬਾਅਦ ਰੂਸ ਦੇ ਪੱਛਮੀ ਖੇਤਰ ਵਿੱਚ ਯੂਕਰੇਨ ਦੇਸ਼ ਹੋਂਦ ਵਿੱਚ ਆਇਆ। ਯੂਕ੍ਰੇਨ ਵਿੱਚ ਲਗਭਗ 50 ਪ੍ਰਤੀਸ਼ਤ ਲੋਕ ਰੂਸੀ ਭਾਸ਼ੀ ਹਨ। ਇਨ੍ਹਾਂ ਦਾ ਸੁਭਾਅ ਰੂਸ ਵਰਗਾ ਹੈ। ਦੋ ਗੁਆਂਢੀ ਇਕੱਠੇ ਬੈਠ ਕੇ ਕਿਸੇ ਵੀ ਵੱਡੇ ਮਸਲੇ ਨੂੰ ਆਸਾਨੀ ਨਾਲ ਹੱਲ ਕਰ ਸਕਦੇ ਹਨ ਪਰ ਯੂਕ੍ਰੇਨ ਵਿੱਚ ਤੀਜੇ ਦੇਸ਼ਾਂ ਦੀ ਮੌਜੂਦਗੀ ਕਾਰਨ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ।

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਅੱਜ ਦਾ ਯੁੱਗ ਮਜਬੂਤ ਅਰਥਿਕਤਾ ਦਾ ਹੈ। ਖਾਸ ਕਰਕੇ ਜੇਕਰ ਜੰਗ ਵਰਗੇ ਹਾਲਾਤ ਹੋਣ ਤਾਂ ਅਰਥਿਕਤਾ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਕਿਸੇ ਦੇਸ਼ ਕੋਲ ਜਿੰਨਾ ਜ਼ਿਆਦਾ ਪੈਸਾ ਹੋਵੇਗਾ, ਉਹ ਜੰਗ ਵਿੱਚ ਓਨਾ ਹੀ ਜ਼ਿਆਦਾ ਸਮਾਂ ਬਚ ਸਕਦਾ ਹੈ। ਯੂਕ੍ਰੇਨ ਆਰਥਿਕ ਤੌਰ 'ਤੇ ਕਮਜ਼ੋਰ ਦੇਸ਼ ਹੈ। ਇੱਕ ਦਿਨ ਦੀ ਜੰਗ ਵਿੱਚ ਅਰਬਾਂ ਰੁਪਏ ਖਰਚ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਯੂਕ੍ਰੇਨ ਨੂੰ ਹਥਿਆਰ ਮੁਹੱਈਆ ਕਰਵਾ ਕੇ ਪੱਛਮੀ ਦੇਸ਼ਾਂ ਦੀ ਦਿਲਚਸਪੀ ਰੂਸ ਨੂੰ ਯੁੱਧ ਵਿੱਚ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਵਿੱਚ ਹੈ, ਨਾ ਕਿ ਜੰਗ ਨੂੰ ਰੋਕ ਕੇ ਵਿਵਾਦ ਨੂੰ ਸੁਲਝਾਉਣ ਵਿੱਚ।

ਜੇ ਹੁਣ ਸੰਯੁਕਤ ਰਾਸ਼ਟਰ ਦੀ ਭੂਮਿਕਾ ਦੀ ਗੱਲ ਕੀਤੀ ਜਾਵੇ ਤਾਂ ਇਹ ਕਹਿਣ ਵਿੱਚ ਕੋਈ ਸੰਕੋਚ ਨਹੀਂ ਹੈ ਕਿ ਰੂਸ -ਯੂਕ੍ਰੇਨ ਅਤੇ ਇਜ਼ਰਾਇਲ-ਫ਼ਲਸਤੀਨ ਜੰਗਾਂ ਨੂੰ ਰੋਕਣ ਵਿੱਚ ਸੰਯੁਕਤ ਰਾਸ਼ਟਰ ਹੁਣ ਤੱਕ ਨਾਕਾਮਯਾਬ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਸਥਾਪਨਾ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਕਾਇਮ ਰੱਖਣ, ਅੰਤਰਰਾਸ਼ਟਰੀ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੀਤੀ ਗਈ ਸੀ ਪਰ ਰੂਸ-ਯੂਕਰੇਨ ਯੁੱਧ, ਇਜ਼ਰਾਇਲ-ਫ਼ਲਸਤੀਨ ਯੁੱਧ ਅਤੇ ਇਰਾਨ-ਪਾਕਿਸਤਾਨ ਟਕਰਾਓ ਵਿੱਚ ਸੰਯੁਕਤ ਰਾਸ਼ਟਰ ਦੀ ਭੂਮਿਕਾ ਅਸਰਦਾਇਕ ਨਹੀਂ ਰਹੀ। ਸੰਯੁਕਤ ਰਾਸ਼ਟਰ ਵਿੱਚ ਕਰੀਬ 193 ਦੇਸ਼ ਸ਼ਾਮਲ ਹਨ। ਜੇਕਰ ਵਿਸ਼ਵ ਸ਼ਾਂਤੀ ਲਈ ਸਮੇਂ ਸਿਰ ਸਹੀ ਕਦਮ ਨਾ ਚੁੱਕੇ ਗਏ ਤਾਂ ਇਸ ਦੇ ਨਤੀਜੇ ਮਨੁੱਖੀ ਕਦਰਾਂ-ਕੀਮਤਾਂ ਲਈ ਵਿਸਫ਼ੋਟਕ ਅਤੇ ਘਾਤਕ ਹੋਣਗੇ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਪਿਛਲੇ ਸਾਲਾਂ ਦੌਰਾਨ ਕੋਰੋਨਾ ਵਰਗੀ ਵਿਸ਼ਵ ਮਹਾਂਮਾਰੀ ਕਾਰਨ ਵਿਸ਼ਵ ਦੇ ਸਾਰੇ ਦੇਸ਼ ਲੰਬੀ ਜੰਗ ਲੜਨ ਦੇ ਯੋਗ ਨਹੀਂ ਰਹੇ ਪਰ ਫ਼ਿਰ ਵੀ ਵੱਖ ਵੱਖ ਮੁਲਕਾਂ ਵਿਚਾਲੇ ਹੋ ਰਹੀਆਂ ਜੰਗਾਂ ਵਿਸ਼ਵ ਸ਼ਾਂਤੀ ਲਈ ਵੱਡਾ ਖ਼ਤਰਾ ਬਣੀਆਂ ਹੋਈਆਂ ਹਨ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ, ਇਸ ਕਰਕੇ ਜੰਗ ਲੜ ਰਹੀਆਂ ਸਾਰੀਆਂ ਧਿਰਾਂ ਨੂੰ ਆਪਸੀ ਮਸਲੇ ਗੱਲਬਾਤ ਰਾਹੀਂ ਹੱਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਇਹਨਾਂ ਜੰਗਾਂ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਨੂੰ ਆਪਣੀ ਭੂਮਿਕਾ ਅਸਰਦਾਇਕ ਤਰੀਕੇ ਨਾਲ ਨਿਭਾਉਣੀ ਚਾਹੀਦੀ ਹੈ ਤਾਂ ਕਿ ਜੰਗਾਂ ਦੀ ਆੜ 'ਚ ਹੋ ਰਿਹਾ ਮਨੁੱਖ਼ਤਾ ਦਾ ਘਾਣ ਰੋਕਿਆ ਜਾ ਸਕੇ।





# ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਿੱਤਾ ਅਸਤੀਫ਼ਾ



ਟੋਰਾਂਟੋ/ਏ.ਟੀ.ਨਿਊਜ਼ : ਪਾਰਟੀ 'ਚ ਅੰਦਰੂਨੀ ਖਿੱਚੋਤਾਣ ਅਤੇ ਲੋਕਾਂ 'ਚ ਡਿੱਗ ਰਹੇ ਵੱਕਾਰ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ (53) ਨੇ ਅਸਤੀਫ਼ੇ ਦਾ ਐਲਾਨ ਕਰਦਿਆਂ ਹੁਕਮਰਾਨ ਲਿਬਰਲ ਪਾਰਟੀ ਨੂੰ ਨਵਾਂ ਨੇਤਾ ਚੁਣਨ ਲਈ ਆਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਦਾ ਮਤਲਬ ਹੈ ਕਿ ਉਹ ਅਗਲੀਆਂ ਚੋਣਾਂ 'ਚ 'ਬਿਹਤਰੀਨ ਬਦਲ' ਨਹੀਂ ਹੋ ਸਕਦੇ ਹਨ।

ਟਰੂਡੋ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਪਣੀ ਲਿਬਰਲ ਪਾਰਟੀ ਦੇ ਪ੍ਰਧਾਨ ਨੂੰ ਕਿਹਾ ਕਿ ਉਹ ਨਵੇਂ ਆਗੂ ਦੀ ਚੋਣ ਦਾ ਅਮਲ ਸ਼ੁਰੂ ਕਰਨ। ਟਰੂਡੋ ਨੇ ਆਪਣੀ ਰਿਹਾਇਸ਼ ਦੇ ਬਾਹਰ ਸੱਦੀ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਉਹ ਪਾਰਟੀ ਦੇ ਨਵੇਂ ਨੇਤਾ ਦੀ ਚੋਣ ਤੱਕ ਪ੍ਰਧਾਨ ਮੰਤਰੀ ਅਹੁਦੇ 'ਤੇ ਬਣੇ ਰਹਿਣਗੇ।



ਉਨ੍ਹਾਂ ਕਿਹਾ ਕਿ ਗਵਰਨਰ ਜਨਰਲ ਵੱਲੋਂ ਸੰਸਦ 24 ਮਾਰਚ ਤੱਕ ਮੁਅੱਤਲ ਰੱਖਣ ਦੀ ਬੇਨਤੀ ਨੂੰ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਉਦੋਂ ਤੱਕ ਪਾਰਟੀ ਦੇ ਨਵੇਂ ਆਗੂ ਦੀ ਚੋਣ ਵੀ ਹੋ ਜਾਵੇਗੀ। ਪਹਿਲਾਂ ਸੰਸਦ ਦਾ ਇਜਲਾਸ 27 ਜਨਵਰੀ ਤੋਂ ਸ਼ੁਰੂ ਹੋਣਾ ਸੀ। ਇਸ ਤੋਂ ਪਹਿਲਾਂ 'ਗਲੋਬ ਐਂਡ ਮੇਲ' ਅਖ਼ਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਸੀ ਕਿ 2015 ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਚੱਲੇ ਆ ਰਹੇ ਟਰੂਡੋ ਵੱਲੋਂ ਕੌਮੀ ਕੌਕਸ ਦੀ ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਅਸਤੀਫ਼ਾ ਦਿੱਤਾ ਜਾ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਕਿ ਆਗੂ ਦੇ ਮੁੱਦੇ 'ਤੇ ਫ਼ੈਸਲਾ ਲੈਣ ਵਾਲੀ ਲਿਬਰਲ ਪਾਰਟੀ ਦੀ ਕੌਮੀ ਕਾਰਜਕਾਰਨੀ ਇਸ ਹਫ਼ਤੇ ਕੌਕਸ ਇਜਲਾਸ ਮਗਰੋਂ ਮੀਟਿੰਗ ਕਰ ਸਕਦੀ ਹੈ।

**ਨਵੇਂ ਆਗੂ ਦੀ ਚੋਣ ਵਿੱਚ ਲੱਗ ਸਕਦੇ ਨੇ ਤਿੰਨ ਮਹੀਨੇ**

ਲਿਬਰਲ ਪਾਰਟੀ ਦੇ ਇਕ ਸੂਤਰ ਨੇ ਦੱਸਿਆ ਕਿ ਲੀਡਰਸ਼ਿਪ ਦਾ ਫ਼ੈਸਲਾ ਕਰਨ ਵਿੱਚ ਘੱਟੋ ਘੱਟ ਤਿੰਨ ਮਹੀਨੇ ਲੱਗਣਗੇ, ਹਾਲਾਂਕਿ ਪਾਰਟੀ ਸੰਵਿਧਾਨ ਵਿੱਚ ਘੱਟੋ ਘੱਟ ਚਾਰ ਮਹੀਨੇ ਦਾ ਪ੍ਰਬੰਧ ਹੈ। ਜਸਟਿਨ ਟਰੂਡੋ ਦੇ ਅਸਤੀਫ਼ੇ ਦੀ ਖ਼ਬਰ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਦੇਸ਼ ਵਿੱਚ ਉਨ੍ਹਾਂ ਦੀ ਲੋਕਪ੍ਰਿਅਤਾ ਲਗਾਤਾਰ ਘੱਟਦੀ ਜਾ ਰਹੀ ਹੈ ਅਤੇ ਅਕਤੂਬਰ ਦੇ ਅਖ਼ੀਰ ਤੱਕ ਦੇਸ਼ ਵਿੱਚ ਚੋਣਾਂ ਹੋ ਸਕਦੀਆਂ ਹਨ।

# ਟਰੂਡੋ ਦੇ ਬਦਲ ਵਜੋਂ ਨਵੇਂ ਚਿਹਰੇ ਦੀ ਭਾਲ ਸ਼ੁਰੂ

## ਮਾਰਕ ਕਾਰਨੀ, ਮੈਲੇਨੀ ਜੌਲੀ, ਕ੍ਰਿਸਟੀ ਕਲਾਰਕ ਤੇ ਕੁਝ ਹੋਰ ਨਾਵਾਂ ਦੀ ਚਰਚਾ



ਵਿਨੀਪੈਗ/ਵੈਨਕੂਵਰ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਸਤੀਫ਼ੇ ਦਾ ਐਲਾਨ ਕਰ ਦਿੱਤਾ ਹੈ। ਟਰੂਡੋ ਨੇ ਕਿਹਾ ਕਿ ਲਿਬਰਲ ਪਾਰਟੀ ਵੱਲੋਂ ਉਨ੍ਹਾਂ ਦਾ ਉੱਤਰਾਧਿਕਾਰੀ ਚੁਣੇ ਜਾਣ ਮਗਰੋਂ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਜਸਟਿਨ ਟਰੂਡੋ 2013 ਵਿੱਚ ਲਿਬਰਲ ਆਗੂ ਬਣੇ ਸਨ ਅਤੇ 2015 ਵਿੱਚ ਉਨ੍ਹਾਂ ਮੁਲਕ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ। ਟਰੂਡੋ ਵੱਲੋਂ ਅਸਤੀਫ਼ੇ ਦੇ ਐਲਾਨ ਮਗਰੋਂ ਅਜੇ ਤੱਕ ਕਿਸੇ ਨੇ ਵੀ ਅਧਿਕਾਰਤ ਤੌਰ 'ਤੇ ਉਨ੍ਹਾਂ ਦੇ ਬਦਲ ਵਜੋਂ ਆਪਣਾ ਨਾਂ ਪੇਸ਼ ਨਹੀਂ ਕੀਤਾ ਹੈ, ਪਰ ਲਿਬਰਲ ਪਾਰਟੀ ਦੇ ਕਈ ਸੀਨੀਅਰ ਆਗੂ ਪਾਰਟੀ ਲੀਡਰ ਬਣਨ ਦੀਆਂ ਗਿਣਤੀਆਂ ਮਿਣਤੀਆਂ ਵਿੱਚ ਪੈ ਗਏ ਹਨ।

ਇਨ੍ਹਾਂ ਵਿੱਚ ਸਾਬਕ ਰੱਖਿਆ ਮੰਤਰੀ ਤੇ ਓਕਵਿਲ ਤੋਂ ਐੱਮ.ਪੀ. ਅਨੀਤਾ ਅਨੰਦ (57), ਅਰਥ ਸ਼ਾਸਤਰੀ ਤੇ ਬੈਂਕ ਆਫ਼ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ (59), ਮੌਜੂਦਾ ਵਿੱਤ ਮੰਤਰੀ ਡੌਮਿਨਿਕ ਲੇਬਲਾਂ, ਆਲਮੀ ਸੂਝ ਬੂਝ ਵਾਲੇ ਮੰਨੇ ਪ੍ਰਮੰਨੇ ਵਕੀਲ ਫ਼ਰੈਂਕੋਜ ਫ਼ਿਲਿਪਸ ਚੰਪੈਂਜੀ (54), ਟੀਵੀ ਹੋਸਟ ਤੋਂ ਸਿਆਸਤ ਵਿੱਚ ਆਈ ਤੇ ਦੋ ਵਾਰ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਮੰਤਰੀ ਰਹੀ ਕ੍ਰਿਸਟੀ ਕਲਾਰਕ (59), ਪਿਛਲੇ ਮਹੀਨੇ ਵਜ਼ਾਰਤ ਤੋਂ ਅਸਤੀਫ਼ਾ ਦੇ ਕੇ ਟਰੂਡੋ ਵਿਰੁੱਧ ਬਗਾਵਤ ਦਾ ਬਿਗਲ ਵਜਾਉਣ ਵਾਲੇ ਸਿਆਨ ਫ਼ੇਰਜ਼ਰ (40), ਸਾਬਕਾ ਲਿਬਰਲ ਐਮਪੀ ਫ਼੍ਰੈਂਕ ਬੇਲਿਸ ਅਤੇ ਸਾਬਕਾ ਉੱਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ (59) ਪ੍ਰਮੁੱਖ ਹਨ। ਦੂਜੇ ਪਾਸੇ ਤਿੰਨ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਕਿਹਾ ਹੈ ਕਿ ਚੋਣਾਂ ਵਿੱਚ ਹੁਣ ਬਹੁਤੀ ਦੇਰ ਨਹੀਂ, ਕਿਉਂਕਿ ਉਹ ਸੰਸਦੀ ਕਾਰਵਾਈ ਦੇ ਪਹਿਲੇ ਦਿਨ ਟਰੂਡੋ ਸਰਕਾਰ ਵਿਰੁੱਧ ਬੇਭਰੋਸਗੀ ਮਤਾ ਪਾਸ ਕਰਕੇ ਚੋਣਾਂ ਦਾ ਰਾਹ ਖੋਲ੍ਹ ਦੇਣਗੇ।

ਹਾਲਾਂਕਿ ਪਾਰਲੀਮੈਂਟ 24 ਮਾਰਚ ਤੱਕ ਠੱਪ ਹੋਣ ਨਾਲ ਲਿਬਰਲਾਂ ਨੂੰ 2 ਮਹੀਨਿਆਂ ਦਾ ਸਮਾਂ ਮਿਲ ਗਿਆ ਹੈ, ਪਰ ਅਗਾਮੀ ਚੋਣਾਂ ਦੇ ਮੱਦੇਨਜ਼ਰ ਇਹ ਬਹੁਤ ਘੱਟ ਸਮਾਂ ਹੈ। ਉਧਰ ਕਿਊਬਿਕ ਤੋਂ ਲਿਬਰਲ ਐਮ.ਪੀ. ਸੋਫ਼ੀ ਚੇਟਲ ਨੇ ਇੱਕ ਈਮੇਲ ਵਿੱਚ ਜ਼ਿਕਰ ਕੀਤਾ ਕਿ 1990 ਵਿੱਚ ਜੌਨ ਟਰਨਰ ਦੇ ਅਸਤੀਫ਼ੇ ਤੋਂ ਬਾਅਦ ਲਿਬਰਲਾਂ ਨੇ 98 ਦਿਨਾਂ ਵਿੱਚ ਪਾਰਟੀ ਕਨਵੈਨਸ਼ਨ ਵਿਉਂਤ ਲਈ ਸੀ।

ਚੇਟਲ ਨੇ ਕਿਹਾ ਕਿ ਪਾਰਟੀ ਦਾ ਨੈਸ਼ਨਲ ਬੋਰਡ ਲੀਡਰਸ਼ਿਪ ਦੀ ਉਮੀਦਵਾਰੀ ਦੀਆਂ ਅਰਜ਼ੀਆਂ ਹਫ਼ਤਿਆਂ ਵਿੱਚ ਪ੍ਰਾਪਤ ਕਰਨ ਦੀ ਬਜਾਏ ਦਿਨਾਂ ਵਿੱਚ ਪ੍ਰਾਪਤ ਕਰਨ ਲਈ ਆਖ ਸਕਦਾ ਹੈ। (**ਬਾਕੀ ਸਫ਼ਾ 30 'ਤੇ**)

## ਕੈਨੇਡਾ 'ਚ ਪ੍ਰਧਾਨ ਮੰਤਰੀ ਦੀ ਦੌੜ 'ਚ ਦੋ ਭਾਰਤੀ ਵੀ ਹਨ ਸ਼ਾਮਲ



ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੱਤਾਧਾਰੀ ਲਿਬਰਲ ਪਾਰਟੀ ਦੇ ਨੇਤਾ ਅਤੇ ਪੀ.ਐੱਮ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਲਿਬਰਲ ਪਾਰਟੀ ਦਾ ਨਵਾਂ ਆਗੂ ਚੁਣਨ ਦੀ ਦੌੜ ਸ਼ੁਰੂ ਹੋ ਗਈ ਹੈ। ਲਿਬਰਲ ਪਾਰਟੀ ਦੇ ਨਵੇਂ ਨੇਤਾ ਲਈ ਕਈ ਨਾਂਅ ਸਾਹਮਣੇ ਆਏ ਹਨ। ਇਨ੍ਹਾਂ ਨਾਵਾਂ ਵਿੱਚ ਭਾਰਤੀ ਮੂਲ ਦੇ ਦੋ ਸਿਆਸਤਦਾਨ ਵੀ ਹਨ, ਜਿਨ੍ਹਾਂ ਵਿੱਚੋਂ ਇੱਕ ਕੈਨੇਡਾ ਦਾ ਨਵਾਂ ਪ੍ਰਧਾਨ ਮੰਤਰੀ ਬਣ ਸਕਦਾ ਹੈ। ਇਸ ਵਿੱਚ ਇੱਕ ਨਾਮ ਅਨੀਤਾ ਆਨੰਦ ਦਾ ਹੈ ਅਤੇ ਦੂਜਾ ਜਾਰਜ ਚਾਹਲ ਦਾ ਹੈ। ਇਨ੍ਹਾਂ ਤੋਂ ਇਲਾਵਾ ਕ੍ਰਿਸਟੀਆ ਫ਼੍ਰੀਲੈਂਡ, ਮਾਰਕ ਕਾਰਨੇ, ਡੋਮਿਨਿਕ ਲੇਬਲੈਂਕ, ਮੇਲਾਨੀਆ ਜੋਲੀ, ਫ਼੍ਰੈਂਕੋਇਸ-ਫਿਲਿਪ ਸ਼ੈਂਪੇਨ, ਕ੍ਰਿਸਟੀ ਕਲਾਰਕ, ਅਨੀਤਾ ਆਨੰਦ ਅਤੇ ਜਾਰਜ ਚਾਹਲ ਸ਼ਾਮਲ ਹਨ। ਇਨ੍ਹਾਂ ਵਿੱਚੋਂ ਇੱਕ ਨੂੰ ਲਿਬਰਲ ਪਾਰਟੀ ਦਾ ਆਗੂ ਚੁਣੇ ਜਾਣ ਦੀ ਉਮੀਦ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਭਾਰਤੀ ਮੂਲ ਦੇ ਦੋ ਸੰਸਦ ਮੈਂਬਰ ਹਨ। ਇਨ੍ਹਾਂ ਵਿੱਚੋਂ ਇੱਕ ਸਾਬਕਾ ਰੱਖਿਆ ਮੰਤਰੀ ਅਤੇ (**ਬਾਕੀ ਸਫ਼ਾ 30 'ਤੇ**)

# ਟਰੰਪ ਨੇ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਦੀ ਪੇਸ਼ਕਸ਼ ਦੁਹਰਾਈ

ਵਾਸ਼ਿੰਗਟਨ/ਏ.ਟੀ. ਨਿਊਜ਼ :ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਸਤੀਫ਼ੇ ਮਗਰੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਆਪਣੀ ਪੇਸ਼ਕਸ਼ ਦੁਹਰਾਈ ਹੈ। ਟਰੰਪ (78) ਨੇ ਪਿਛਲੇ ਸਾਲ 5 ਨਵੰਬਰ ਨੂੰ ਰਾਸ਼ਟਰਪਤੀ ਦੀ ਚੋਣ ਜਿੱਤਣ ਮਗਰੋਂ ਟਰੂਡੋ ਨਾਲ ਮੁਲਾਕਾਤ ਕੀਤੀ ਸੀ, ਜਿਸ ਮਗਰੋਂ ਟਰੰਪ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀ ਲਗਾਤਾਰ ਇੱਛਾ ਜਤਾਉਂਦੇ ਆ ਰਹੇ ਹਨ। ਟਰੰਪ ਕਈ ਵਾਰ ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ਵੀ ਇਸ ਪੇਸ਼ਕਸ਼ ਦਾ ਜ਼ਿਕਰ ਕਰ



ਚੁੱਕੇ ਹਨ। ਟਰੰਪ ਦੇ 2017 ਤੋਂ 2021 ਦੇ ਪਿਛਲੇ ਕਾਰਜਕਾਲ ਦੌਰਾਨ ਵੀ ਉਨ੍ਹਾਂ ਦੇ ਟਰੂਡੋ ਨਾਲ ਸਬੰਧ ਕੋਈ ਬਹੁਤੇ ਚੰਗੇ ਨਹੀਂ ਰਹੇ ਸਨ। ਟਰੰਪ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਟਰੁਥ ਸੋਸ਼ਲ' ਉੱਤੇ ਇੱਕ ਪੋਸਟ ਵਿੱਚ ਕਿਹਾ, "ਕੈਨੇਡਾ ਵਿੱਚ ਬਹੁਤ ਸਾਰੇ ਲੋਕ ਆਪਣੇ ਦੇਸ਼ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੇ ਇੱਛੁਕ ਹਨ। ਅਮਰੀਕਾ ਵੱਡੇ ਵਪਾਰਕ ਘਾਟੇ ਅਤੇ ਸਬਸਿਡੀਆਂ ਨੂੰ ਸਹਿਣ ਨਹੀਂ ਕਰ ਸਕਦਾ, ਜਿਸ ਦੀ ਕੈਨੇਡਾ ਨੂੰ ਆਪਣਾ ਵੱਕਾਰ ਬਚਾਅ ਕੇ ਰੱਖਣ ਦੀ ਲੋੜ ਹੈ। ਜਸਟਿਨ ਟਰੂਡੋ ਨੂੰ ਇਹ ਪਤਾ ਸੀ ਜਿਸ ਕਾਰਨ ਉਨ੍ਹਾਂ ਅਸਤੀਫ਼ਾ ਦੇ ਦਿੱਤਾ ਹੈ। ਜੇ ਕੈਨੇਡਾ, ਅਮਰੀਕਾ ਦਾ ਹਿੱਸਾ ਬਣ ਜਾਂਦਾ ਹੈ ਤਾਂ ਨਾ ਕੋਈ ਨਵਾਂ ਟੈਕਸ ਲੱਗੇਗਾ ਅਤੇ ਬਾਕੀ ਦੇ ਟੈਕਸ ਬਹੁਤ ਘੱਟ ਹੋ ਜਾਣਗੇ। ਉਹ ਰੂਸੀ ਅਤੇ ਚੀਨੀ ਜਹਾਜ਼ਾਂ ਦੇ ਖਤਰੇ ਤੋਂ ਵੀ ਪੂਰੀ ਤਰ੍ਹਾਂ ਸੁਰੱਖਿਅਤ ਰਹਿਣਗੇ, ਜੋ ਲਗਾਤਾਰ (**ਬਾਕੀ ਸਫ਼ਾ 30 'ਤੇ**)

## ਕੈਨੇਡਾ ਨੂੰ ਅਮਰੀਕਾ ਵਿੱਚ ਮਿਲਾਉਣਾ ਬੱਚਿਆਂ ਵਾਲੀ ਖੇਡ ਨਹੀਂ: ਟਰੂਡੋ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਸਤੀਫ਼ੇ ਦੇ ਐਲਾਨ ਤੋਂ ਬਾਅਦ ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਾਰਡ ਟਰੰਪ ਵਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੇ ਬਿਆਨ 'ਤੇ ਤੰਨਜ਼ ਕਸਿਆ ਹੈ। ਟਰੂਡੋ ਨੇ ਕਿਹਾ ਕਿ ਕਿਸੇ ਪ੍ਰਭੁਸਤਾ ਸੰਪੂਰਨ ਦੇਸ਼ ਦਾ ਦੂਜੇ ਦੇਸ਼ ਵਿੱਚ ਮਿਲਾਣ ਕੋਈ ਬੱਚਿਆਂ ਵਾਲੀ ਖੇਡ ਨਹੀਂ। ਟਰੂਡੋ ਨੇ ਆਪਣੇ 'ਐਕਸ' ਖਾਤੇ 'ਤੇ ਪਾਈ ਪੋਸਟ ਵਿੱਚ ਲਿਖਿਆ ਕਿ ਦੋਵਾਂ ਦੇਸ਼ਾਂ ਭਾਵ ਅਮਰੀਕਾ ਤੇ ਕੈਨੇਡਾ ਵਿੱਚ ਕਾਮਿਆਂ ਅਤੇ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਸਭ ਤੋਂ ਵੱਡੇ ਵਪਾਰਕ ਅਤੇ ਸੁਰੱਖਿਆ ਦੇ ਤਕੜੇ ਭਾਈਵਾਲ ਹੋਣ ਦਾ ਦੁਵੱਲਾ ਫ਼ਾਇਦਾ ਮਿਲਦਾ ਹੈ। (**ਬਾਕੀ ਸਫ਼ਾ 30 'ਤੇ**)

# ਕੈਲੀਫ਼ੋਰਨੀਆ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਸੈਕਰਾਮੈਂਟੋ,ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)-ਪੋਮੋਨਾ, ਕੈਲੀਫ਼ੋਰਨੀਆ ਵਿਖੇ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਦਰਬਾਰ-ਏ-ਖ਼ਾਲਸਾ ਵਿਖੇ ਹਜ਼ਾਰਾਂ ਸੰਗਤਾਂ ਨਤਮਸਤਕ ਹੋਈਆਂ ਤੇ ਸੰਗਤਾਂ ਨੇ ਕੀਰਤਨ ਦਾ ਆਨੰਦ ਮਾਣਿਆ। ਇੰਟਰਨੈਸ਼ਨਲ ਇੰਸਟੀਚਿਊਟ ਗੁਰਮਤਿ ਸਟੱਡੀਜ਼ ਦੁਆਰਾ ਆਯੋਜਿਤ ਸਮਾਗਮ ਦੀ ਸ਼ੁਰੂਆਤ ਆਸਾ ਕੀ ਵਾਰ ਨਾਲ ਹੋਈ। ਉਪਰੰਤ ਵੱਖ-ਵੱਖ ਜਥਿਆਂ ਨੇ ਕੀਰਤਨ ਤੇ ਧਾਰਮਿਕ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਰਾਗੀ ਜਥਿਆਂ ਤੋਂ ਇਲਾਵਾ



ਕੈਲੀਫ਼ੋਰਨੀਆ ਦੇ ਵੱਖ- ਵੱਖ ਗੁਰੂ ਘਰਾਂ ਤੋਂ 150 ਤੋਂ ਵਧ ਬੱਚਿਆਂ ਨੇ ਕੀਰਤਨ ਦਰਬਾਰ ਵਿੱਚ ਸ਼ਿਰਕਤ ਕੀਤੀ। ਵੱਖ- ਵੱਖ 5 ਜਥਿਆਂ ਵੱਲੋਂ ਇਕੱਠਿਆਂ ਕੀਤੇ ਕੀਰਤਨ ਨੇ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ। ਵੱਖ ਵੱਖ ਬੁਲਾਰਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੇਸ਼ ਤੇ ਕੌਮ ਲਈ ਕੀਤੀ ਕੁਰਬਾਨੀ ਬਾਰੇ ਚਾਨਣਾ ਪਾਇਆ। ਸਮਾਗਮ ਦੀ ਸਮਾਪਤੀ ਅਰਦਾਸ ਨਾਲ ਹੋਈ। ਉਪਰੰਤ ਸੰਗਤਾਂ ਨੇ ਛੋਲੇ ਭਟੂਰਿਆਂ ਸਮੇਤ ਵੱਖ -ਵੱਖ ਤਰ੍ਹਾਂ ਦੇ ਲੰਗਰਾਂ ਦਾ ਆਨੰਦ ਮਾਣਿਆ। ਬਾਅਦ ਵਿੱਚ ਸਜਾਏ ਗਏ ਨਗਰ ਕੀਰਤਨ ਵਿੱਚ ਸੰਗਤਾਂ ਸ਼ਾਮਿਲ ਹੋਈਆਂ ਜਿਸ ਵਿੱਚ ਸ਼ਾਮਿਲ ਨੌਜਵਾਨਾਂ ਨੇ ਗਤਕੇ ਦੇ ਜੌਹਰ ਵਿਖਾਏ। ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ ਨੇ ਦੇਗ ਤੇਗ ਫ਼ਤਿਹ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਾ ਕੇ ਚਾਰ ਚੁਫ਼ੇਰਾ ਗੂੰਜਣ ਲਾ ਦਿੱਤਾ। ਸੇਵਾਦਾਰ ਹਰਵਿੰਦਰ ਕੌਰ ਤੇ ਹੋਰ ਪ੍ਰਬੰਧਕਾਂ ਨੇ ਕਿਹਾ ਕਿ ਇਹ ਸਮਾਗਮ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਨੁੱਖਤਾ ਪ੍ਰਤੀ ਯੋਗਦਾਨ ਨੂੰ ਯਾਦ ਕਰਨ ਦਾ ਅਵਸਰ ਪ੍ਰਦਾਨ ਕਰਦਾ ਹੈ ਉਥੇ ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦਾ ਅਵਸਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਾਲਾਨਾ ਸਮਾਗਮ ਸੇਵਾਦਾਰਾਂ ਦੀ ਸਮੁੱਚੀ ਟੀਮ ਦੁਆਰਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਕੀਤੀ ਸੇਵਾ ਦੇ ਸਿੱਟੇ ਵਜੋਂ ਸਫ਼ਲ ਹੋ ਨਿੱਬੜਿਆ ਹੈ। ਇਸ ਮੌਕੇ ਖ਼ਾਲਸਾ ਬਾਜ਼ਾਰ ਵੀ ਲਾਇਆ ਗਿਆ ਜਿਸ ਵਿੱਚ ਸੰਗਤਾਂ ਨੇ ਪੰਜਾਬੀ ਵਸਤਰਾਂ, ਗਹਿਣਿਆਂ ਦੇ ਨਾਲ ਨਾਲ ਧਾਰਮਿਕ ਪੁਸਤਕਾਂ ਦੀ ਖਰੀਦਦਾਰੀ ਵੀ ਕੀਤੀ।

# ਹੁਣ ਅਮਰੀਕਾ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਰਕ ਪਰਮਿਟ ਖ਼ਤਮ ਕਰਨ 'ਤੇ ਕਰ ਰਿਹੈ ਵਿਚਾਰ

ਵਾਸ਼ਿੰਗਟਨ/ਏ.ਟੀ.ਨਿਊਜ਼: ਵਿਕਲਪਿਕ ਵਿਹਾਰਕ ਸਿਖਲਾਈ ਪ੍ਰੋਗਰਾਮ ਤਹਿਤ ਅਮਰੀਕਾ ਵਿੱਚ ਪੇਸ਼ੇਵਰ ਤਜਰਬਾ ਹਾਸਲ ਕਰਨ ਲਈ ਭਾਰਤ ਦੇ ਬਹੁਤ ਸਾਰੇ ਵਿਦਿਆਰਥੀਆਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਮਾਰਗ ਹੁਣ ਜਾਂਚ ਦੇ ਅਧੀਨ ਹੈ। ਅਸਥਾਈ ਹੁਨਰ ਵਿਕਾਸ ਦੀ ਸਹੂਲਤ ਲਈ ਤਿਆਰ ਕੀਤਾ ਗਿਆ, ਇਹ ਪ੍ਰੋਗਰਾਮ ਹੁਣ ਅਮਰੀਕੀ ਨੌਕਰੀ ਬਾਜ਼ਾਰ ਅਤੇ ਇਮੀਗ੍ਰੇਸ਼ਨ ਨੀਤੀਆਂ 'ਤੇ ਇਸ ਦਾ ਵੱਡਾ ਪ੍ਰਭਾਵ ਹੈ।

ਓ.ਪੀ.ਟੀ. ਪ੍ਰੋਗਰਾਮ ਐਫ-1 ਵੀਜ਼ਾ 'ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਐਸ.ਟੀ.ਈ.ਐਮ. ਖੇਤਰਾਂ ਵਿੱਚ ਤਿੰਨ




ਸਾਲਾਂ ਤੱਕ ਦੇ ਵਾਧੇ ਦੇ ਨਾਲ, ਪੋਸਟ-ਗ੍ਰੈਜੂਏਸ਼ਨ ਤੋਂ ਬਾਅਦ 12 ਮਹੀਨਿਆਂ ਤੱਕ ਅਮਰੀਕਾ ਵਿੱਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਆਲੋਚਕ ਦਲੀਲ ਦਿੰਦੇ ਹਨ ਕਿ ਸਥਾਪਿਤ ਵੀਜ਼ਾ ਪ੍ਰੋਗਰਾਮਾਂ ਨੂੰ ਬਾਈਪਾਸ ਕਰਦੇ ਹੋਏ, ਲੰਬੇ ਸਮੇਂ ਦੇ ਇਮੀਗ੍ਰੇਸ਼ਨ ਲਈ 'ਪਿਛਲੇ ਦਰਵਾਜ਼ੇ' ਵਜੋਂ ਇਸਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਵਿਰੋਧੀਆਂ ਦਾ ਦਾਅਵਾ ਹੈ ਕਿ ਇਹ ਸਿੱਧੇ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਕੰਮ ਕਰਦੇ ਹੋਏ ਨੌਕਰੀ ਦੇ ਮੌਕਿਆਂ ਲਈ ਅਮਰੀਕੀ ਗ੍ਰੈਜੂਏਟਾਂ ਨਾਲ ਗਲਤ ਢੰਗ ਨਾਲ ਮੁਕਾਬਲਾ ਕਰਦਾ ਹੈ। ਯੂ.ਐਸ. ਟੈਕ ਵਰਕਰਜ਼ ਵਰਗੀਆਂ ਸੰਸਥਾਵਾਂ ਉਨ੍ਹਾਂ ਦੇ ਵਿਰੋਧ ਵਿੱਚ ਆਵਾਜ਼ ਉਠਾਉਂਦੀਆਂ ਰਹਿੰਦੀਆਂ ਹਨ। ਐਕਸ 'ਤੇ ਇੱਕ ਤਾਜ਼ਾ ਪੋਸਟ ਵਿੱਚ, ਸਮੂਹ ਨੇ ਕਿਹਾ, 'ਓ.ਪੀ.ਟੀ. ਪ੍ਰੋਗਰਾਮ ਇੱਕ ਗੈਸਟ ਵਰਕਰ ਸਕੀਮ ਹੈ ਜੋ ਵਿਦੇਸ਼ੀ ਵਿਦਿਆਰਥੀਆਂ ਲਈ ਇੱਕ ਇੰਟਰਨਸ਼ਿਪ ਦੇ ਭੇਸ ਵਿੱਚ ਹੈ। ਯੂਨੀਵਰਸਿਟੀਆਂ ਵਿੱਦਿਆ ਦੀ ਥਾਂ ਵਰਕ ਪਰਮਿਟ ਵੇਚ ਰਹੀਆਂ ਹਨ।' ਡੀ.ਏ.ਸੀ.ਏ. ਦੀ ਤਰ੍ਹਾਂ ਗੈਰ-ਕਾਨੂੰਨੀ ਤੌਰ 'ਤੇ ਬਣਾਏ ਗਏ ਅਮਰੀਕੀ ਕਾਲਜ ਗ੍ਰੇਡਾਂ ਨੂੰ ਅਣਉਚਿਤ ਮੁਕਾਬਲੇ ਤੋਂ ਬਚਾਉਣ ਲਈ ਓ.ਪੀ.ਟੀ. ਨੂੰ ਖਤਮ ਕਰਨਾ ਚਾਹੀਦਾ ਹੈ।

## ਟਰੰਪ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਐੱਚ-1ਬੀ ਵੀਜ਼ੇ ਸਬੰਧੀ ਵਿਵਾਦ

ਵਾਂਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਦੇ ਤਿੰਨ ਹਫਤੇ ਪਹਿਲਾਂ 'ਐੱਚ-1ਬੀ' ਵੀਜ਼ੇ ਨੂੰ ਲੈ ਕੇ ਬਹਿਸ ਛਿੜ ਗਈ ਹੈ, ਜਿਸ ਕਾਰਨ ਡੈਮੋਕਰੈਟਿਕ ਅਤੇ ਰੀਪਬਲਿਕਨ ਦੋਵਾਂ ਧਿਰਾਂ ਵਿੱਚ ਮਤਭੇਦ ਪੈਦਾ ਹੋ ਗਏ ਹਨ। ਕੁੱਝ ਡੈਮੋਕਰੈਟਿਕ ਸੰਸਦ ਮੈਂਬਰਾਂ ਵੱਲੋਂ ਇਸ ਵੀਜ਼ੇ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਕੁੱਝ ਨੇ ਇਸ ਦੀ ਹਮਾਇਤ ਕੀਤੀ ਹੈ। ਉੱਚ ਹੁਨਰਮੰਦ ਪੇਸ਼ੇਵਰਾਂ ਨੂੰ ਦਿੱਤੇ ਜਾਂਦੇ 'ਐੱਚ-1ਬੀ' ਵੀਜ਼ੇ ਦੇ ਮੁੱਖ ਲਾਭਪਾਤਰੀ ਭਾਰਤੀ ਹਨ। ਟਰੰਪ 20 ਜਨਵਰੀ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ। ਉਨ੍ਹਾਂ ਐੱਚ-1ਬੀ ਵੀਜ਼ੇ ਦਾ ਸਮਰਥਨ ਕੀਤਾ ਹੈ। ਉਨ੍ਹਾਂ ਦੇ ਦੋ




ਨਜ਼ਦੀਕੀਆਂ ਟੈਸਲਾ ਦੇ ਮਾਲਕ ਐਲਨ ਮਸਕ ਅਤੇ ਸਨਅਤਕਾਰ ਵਿਵੇਕ ਰਾਮਾਸਵਾਮੀ ਵੀ 'ਐੱਚ-1ਬੀ' ਦਾ ਸਮਰਥਨ ਕਰ ਰਹੇ ਹਨ। ਟਰੰਪ ਨੇ ਨਵੇਂ ਸਾਲ ਦੀ ਪੂਰਬਲੀ ਸੰਧਿਆ 'ਤੇ ਇੱਕ ਸਮਾਗਮ ਵਿੱਚ ਪੱਤਰਕਾਰਾਂ ਨਾਲ ਗੱਲਾਬਤ ਕਰਦਿਆਂ ਕਿਹਾ, 'ਮੈਨੂੰ ਹਮੇਸ਼ਾ ਲੱਗਦਾ ਰਿਹਾ ਹੈ ਕਿ ਸਾਡੇ ਦੇਸ਼ ਵਿੱਚ ਸਭ ਤੋਂ ਕਾਬਲ ਲੋਕ ਹੋਣੇ ਚਾਹੀਦੇ ਹਨ। ਸਾਨੂੰ ਕਾਬਲ ਲੋਕਾਂ ਦੀ ਜ਼ਰੂਰਤ ਹੈ। ਸਾਡੇ ਕੋਲ ਅਜਿਹੀਆਂ ਨੌਕਰੀਆਂ ਹੋਣਗੀਆਂ, ਜੋ ਪਹਿਲਾਂ ਕਦੇ ਨਹੀਂ ਸਨ।' ਰੋ ਖੰਨਾ, ਰਾਜਾ ਕ੍ਰਿਸ਼ਨਾਮੂਰਤੀ ਅਤੇ ਸ੍ਰੀ ਥਾਣੇਦਾਰ ਸਮੇਤ ਭਾਰਤੀ ਅਮਰੀਕੀ ਡੈਮੋਕਰੈਟਿਕ ਸੰਸਦ ਮੈਂਬਰ ਵੀ ਐੱਚ-1ਬੀ ਵੀਜ਼ੇ ਦੇ ਸਮਰਥਨ 'ਚ ਆਏ ਹਨ। ਟਰੰਪ ਦੇ ਕੁਝ ਸਮਰਥਕਾਂ ਦਾ ਕਹਿਣਾ ਹੈ ਕਿ ਐੱਚ-1ਬੀ ਵੀਜ਼ੇ ਕਾਰਨ ਅਮਰੀਕੀਆਂ ਦੀਆਂ ਨੌਕਰੀਆਂ ਖਤਮ ਹੋ ਰਹੀਆਂ ਹਨ ਪਰ ਮਸਕ ਅਤੇ ਰਾਮਾਸਵਾਮੀ ਨੇ ਇਸ ਦਾ ਸਮਰਥਨ ਕੀਤਾ ਹੈ। ਡੈਮੋਕਰੈਟਿਕ ਸੈਨੇਟਰ ਬਰਨੀ ਸੈਂਡਰਸ ਵੱਲੋਂ ਇਸ ਵੀਜ਼ੇ ਦਾ ਵਿਰੋਧ ਕੀਤਾ ਜਾ ਰਿਹਾ ਹੈ।

**ਲੇਖਿਕਾ ਕੈਰੋਲ ਨਾਲ ਜ਼ਬਰਜਨਾਹ ਦਾ ਮਾਮਲਾ**

## ਸੰਘੀ ਅਦਾਲਤ ਵੱਲੋਂ ਟਰੰਪ ਦੁਆਰਾ ਕੀਤੀ ਨਵੇਂ ਸਿਰੇ ਤੋਂ ਸੁਣਵਾਈ ਦੀ ਅਪੀਲ ਰੱਦ





ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਇੱਕ ਸੰਘੀ ਅਪੀਲ ਅਦਾਲਤ ਨੇ ਇੱਕ ਜਿਊਰੀ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲੇਖਿਕਾ ਈ ਜੀਨ ਕੈਰੋਲ ਨਾਲ ਜਬਰਜਨਾਹ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦੇਣ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਹੈ ਤੇ ਮਾਮਲੇ ਦੀ ਨਵੇਂ ਸਿਰੇ ਤੋਂ ਸੁਣਵਾਈ ਦੀ ਉਸ ਦੁਆਰਾ ਕੀਤੀ ਗਈ ਬੇਨਤੀ ਰੱਦ ਕਰ ਦਿੱਤੀ ਹੈ। ਟਰੰਪ ਨੇ ਇਸ ਮਾਮਲੇ ਵਿੱਚ ਜਿਊਰੀ ਦੁਆਰਾ 50 ਲੱਖ ਡਾਲਰ ਮੁਆਵਜ਼ਾ ਦੇਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਟਰੰਪ ਨੇ ਆਪਣੀ ਬੇਨਤੀ ਵਿੱਚ ਕਿਹਾ ਸੀ ਕਿ ਹੇਠਲੀ ਅਦਾਲਤ ਨੇ ਦੋ ਹੋਰ ਔਰਤਾਂ ਨੂੰ ਮਾਮਲੇ ਵਿੱਚ ਗਵਾਹੀ ਦੀ ਇਜਾਜ਼ਤ ਦੇਣ ਸਮੇਤ ਹੋਰ ਕਈ ਗਲਤੀਆਂ ਕੀਤੀਆਂ ਹਨ।

ਇਨ੍ਹਾਂ ਔਰਤਾਂ ਨੇ ਵੀ ਦਾਅਵਾ ਕੀਤੀ ਸੀ ਕਿ ਟਰੰਪ ਵੱਲੋਂ ਉਨ੍ਹਾਂ ਨਾਲ ਵੀ ਸਰੀਰਕ ਸੋਸ਼ਣ ਕੀਤਾ ਗਿਆ ਹੈ। ਅਪੀਲ ਅਦਾਲਤ ਨੇ ਆਪਣੇ ਨਿਰਨੇ ਵਿੱਚ ਕਿਹਾ ਹੈ ਕਿ ਅਦਾਲਤ ਨੇ ਸਬੂਤਾਂ ਬਾਰੇ ਨਿਰਨਾ ਦੇਣ ਸਮੇਂ ਮੰਦਭਾਵਨਾ ਨਹੀਂ ਵਿਖਾਈ ਤੇ ਜੇਕਰ ਉਸ ਨੇ ਕੋਈ ਗਲਤੀ ਕੀਤੀ ਵੀ ਹੈ ਤਾਂ ਉਸ ਨਾਲ ਕੈਰੋਲ ਦੇ ਪੱਖ ਨੂੰ ਮਜਬੂਤੀ ਮਿਲੀ ਹੈ। ਉਹ ਇਸ ਗੱਲ ਨਾਲ ਸਹਿਮਤ ਨਹੀਂ ਹੈ ਕਿ ਟਰੰਪ

ਦੇ ਅਧਿਕਾਰ ਪ੍ਰਭਾਵਿਤ ਹੋਏ ਹਨ ਤੇ ਨਵੇਂ ਸਿਰੇ ਤੋਂ ਸੁਣਵਾਈ ਦੀ ਲੋੜ ਹੈ। ਕੈਰੋਲ ਤੇ ਉਸ ਦੇ ਵਕੀਲ ਰਾਬਰਟਾ ਕਪਲਾਨ ਨੇ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਤੇ ਧੰਨਵਾਦ ਕੀਤਾ ਹੈ। ਇੱਕ ਹੋਰ ਜਿਊਰੀ ਨੇ ਟਰੰਪ ਨੂੰ 833 ਲੱਖ ਡਾਲਰ ਮੁਆਵਜ਼ੇ ਵਜੋਂ ਦੇਣ ਦਾ ਆਦੇਸ਼ ਦਿੱਤਾ ਸੀ ਜਿਸ ਫ਼ੈਸਲੇ ਵਿਰੁੱਧ ਵੀ ਟਰੰਪ ਨੇ ਅਪੀਲ ਕੀਤੀ ਹੋਈ ਹੈ। ਇਸ ਜਿਊਰੀ ਨੇ ਆਪਣੇ ਫ਼ੈਸਲੇ ਵਿਚ ਕਿਹਾ ਸੀ ਕਿ ਟਰੰਪ ਨੇ ਜਬਰਜਨਾਹ ਦੇ ਦੋਸ਼ਾਂ ਤੋਂ ਇਨਕਾਰ ਕਰਕੇ ਕੈਰੋਲ ਦੀ ਹੱਤਕ ਕੀਤੀ ਹੈ। ਕੈਰੋਲ ਨੇ ਦੋਸ਼ ਲਾਇਆ ਸੀ ਕਿ ਸਾਬਕਾ ਰਾਸ਼ਟਰਪਤੀ ਨੇ ਉਸ ਨਾਲ ਬਰਗਡੋਰਫ਼ ਗੁੱਡਮੈਨ ਡਿਪਾਰਟਮੈਂਟ ਸਟੋਰ ਵਿੱਚ ਜਬਰਜਨਾਹ ਕੀਤਾ ਸੀ ਤੇ ਉਸ ਨੇ ਮੇਰੇ ਇਸ ਦਾਅਵੇ ਤੋਂ ਇਨਕਾਰ ਕਰਕੇ ਮੇਰੀ ਹੱਤਕ ਕੀਤੀ ਹੈ।

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜਾਰਜ ਸੋਰੋਸ ਨੂੰ ਅਮਰੀਕਾ ਦਾ ਸਰਵਉੱਚ ਨਾਗਰਿਕ ਸਨਮਾਨ ਮਿਲਣ ’ਤੇ ਭੜਕੇ ਮਸਕ

## ਰਿਪਬਲਿਕਨ ਨੇਤਾ ਵੀ ਇਸ ਫ਼ੈਸਲੇ ਤੋਂ ਖ਼ੁਸ਼ ਨਹੀਂ, ਮੋਦੀ ਦੇ ਵਿਰੋਧ ਵਿੱਚ ਹਨ ਜਾਰਜ

ਵਾਸ਼ਿੰਗਟਨ/ਏ.ਟੀ.ਨਿਊਜ਼: ਜਿਹੜੇ ਜਾਰਜ ਸੋਰੋਸ ਦੇ ਮੁੱਦੇ ’ਤੇ ਭਾਰਤ ਵਿੱਚ ਸੱਤਾਧਾਰੀ ਪਾਰਟੀ ਤੇ ਵਿਰੋਧੀ ਧਿਰ ਵਿਚਾਲੇ ਤਲਵਾਰਾਂ ਤੱਕ ਖਿੱਚ ਗਈਆਂ, ਉਸ ਨੂੰ ਅਮਰੀਕਾ ਵਿੱਚ ਸਰਵਉੱਚ ਨਾਗਰਿਕ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਸੋਰੋਸ ਤੋਂ ਇਲਾਵਾ ਹਿਲੇਰੀ ਕਲਿੰਟਨ, ਫੁੱਟਬਾਲਰ, ਲਿਓਨਲ ਮੈਸੀ ਤੇ ਵੋਗ ਮੈਗਜ਼ੀਨ ਦੀ ਮੁੱਖ ਸੰਪਾਦਕ ਐਨਾ ਵਿਨਟੌਰ, ਵਿਗਿਆਨੀ ਬਿਲ ਨੇਈ, ਅਦਾਕਾਰ ਮਾਈਕਲ ਜੇ ਫੌਕਸ ਦੇ ਨਾਲ ਡੇਂਜਲ ਵਾਸ਼ਿੰਗਟਨ ਸਮੇਤ 19 ਲੋਕਾਂ ਦਾ ਨਾਂਅ ਇਸ ਇਨਾਮ ਲਈ ਸ਼ਾਮਲ ਸਨ। ਅਮਰੀਕਾ ਦੇ ਸਰਵਉੱਚ ਨਾਗਰਿਕ ਸਨਮਾਨ ਨੂੰ ਰਾਸ਼ਟਰਪਤੀ ਮੈਡਲ ਆਫ਼ ਫ੍ਰੀਡਮ ਕਿਹਾ ਜਾਂਦਾ ਹੈ। ਇਹ ਪੁਰਸਕਾਰ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਅਮਰੀਕਾ ਦੀ ਖੁਸ਼ਹਾਲੀ, ਉਸ ਦੀਆਂ ਕਦਰਾਂ-ਕੀਮਤਾਂ, ਸੁਰੱਖਿਆ ਅਤੇ ਵਿਸ਼ਵ ਸ਼ਾਂਤੀ ਵਿੱਚ ਅਹਿਮ ਯੋਗਦਾਨ ਦਿੱਤਾ ਹੋਵੇ ਜਾਂ ਜਨਤਕ ਤੇ ਨਿੱਜੀ ਖੇਤਰਾਂ ’ਚ ਮਹੱਤਵਪੂਰਨ ਕੰਮ ਕੀਤੇ ਹੋਣ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਦਾ ਐਲਾਨ ਕੀਤਾ ਹੈ। ਜਾਰਜ ਸੋਰੋਸ ਦੇ ਪੁੱਤਰ ਅਲੈਕਸ ਸੋਰੋਸ ਨੇ ਇਹ ਮੈਡਲ ਸਵੀਕਾਰ ਕੀਤਾ। ਅਮਰੀਕੀ ਨਿਵੇਸ਼ਕ ਜਾਰਜ ਸੋਰੋਸ ਓਪਨ ਸੋਸਾਇਟੀ ਫਾਊਂਡੇਸ਼ਨ ਨਾਂਅ ਦੀ ਸੰਸਥਾ ਚਲਾਉਂਦੇਹਨ। ਵ੍ਹਾਈਟ ਹਾਊਸ ਦੇ ਅਨੁਸਾਰ ਉਨ੍ਹਾਂ ਨੂੰ ਲੋਕਤੰਤਰ, ਮਨੁੱਖੀ ਅਧਿਕਾਰਾਂ, ਸਿੱਖਿਆ ਅਤੇ ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨ ਵਾਲੀਆਂ ਗਲੋਬਲ ਪਹਿਲਕਦਮੀਆਂ ’ਤੇ ਧਿਆਨ ਕੇਂਦਰਿਤ ਕਰਨ ਲਈ ਸਨਮਾਨਿਤ ਕੀਤਾ ਗਿਆ। ਮੈਸੀ ਖੁਦ ਪੁਰਸਕਾਰ ਲੈਣ ਲਈ ਹਾਜ਼ਰ ਨਾ ਹੋ ਸਕੇ। ਕਈ ਹੋਰ ਹਸਤੀਆਂ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਤਰਫ਼ੋਂ ਮੈਡਲ ਹਾਸਲ ਕੀਤੇ। ਅਮਰੀਕਾ ਵਿੱਚ ਨਸਲੀ ਨਿਆਂ ਲਈ ਸੰਘਰਸ਼ ਕਰਨ ਵਾਲੇ ਫੈਨੀ ਲੂ ਹੈਮਰ, ਸਾਬਕਾ ਰੱਖਿਆ ਮੰਤਰੀ ਐਸ਼ਟਨ ਕਾਰਟਰ, ਸਾਬਕਾ ਅਟਾਰਨੀ ਜਨਰਲ ਰੌਬਰਟ ਫਰਾਂਸਿਸ ਕੈਨੇਡੀ ਅਤੇ ਕਾਰੋਬਾਰੀ ਜੌਰਜ ਡਬਲਿਊ ਰੋਮਨੀ ਨੂੰ ਮਰਨ ਉਪਰੰਤ ਇਹ ਮੈਡਲ ਪ੍ਰਦਾਨ ਕੀਤਾ ਗਿਆ। ਹੁਣ ਐਲਨ ਮਸਕ ਬਾਇਡਨ ਦੇ ਫੈਸਲੇ ’ਤੇ ਭੜਕ ਗਏ ਹਨ। ਉਨ੍ਹਾਂ ਇਸ ਨੂੰ ਹਾਸੋਹੀਣਾ ਦੱਸਿਆ ਹੈ। ਮਸਕ ਨੇ ਕਿਹਾ ਕਿ ਬਾਇਡਨ ਵੱਲੋਂ ਸੋਰੋਸ ਨੂੰ ‘ਮੈਡਲ ਆਫ਼ ਫਰੀਡਮ’ ਦਿੱਤਾ ਜਾਣਾ ਕੋਝਾ ਮਜ਼ਾਕ ਹੈ। -

ਰਿਪਬਲਿਕਨ ਨੇਤਾਵਾਂ ਨੇ ਵੀ ਸੋਰੋਸ ਨੂੰ ਦਿੱਤੇ ਗਏ ਸਨਮਾਨ ਦੀ ਨਿੰਦਾ ਕੀਤੀ ਹੈ। ਨਿੱਕੀ ਹੇਲੀ ਨੇ ਇਸ ਨੂੰ ਅਮਰੀਕਾ ਦੇ ਮੂੰਹ ’ਤੇ ਚਪੇੜ ਕਰਾਰ ਦਿੱਤਾ ਹੈ। ਬਿਡੇਨ ਦੇ



ਪਿਛਲੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ, ਉਸਨੇ ਉਸ ’ਤੇ ਰਾਸ਼ਟਰੀ ਮੁੱਲਾਂ ਦੀ ਬਜਾਏ ਰਾਜਨੀਤਿਕ ਏਜੰਡੇ ਨੂੰ ਤਰਜੀਹ ਦੇਣ ਦਾ ਦੋਸ਼ ਲਗਾਇਆ। ਡੋਨਾਲਡ ਟਰੰਪ ਜੂਨੀਅਰ ਨੇ ਸੋਸ਼ਲ ਮੀਡੀਆ ’ਤੇ ਇੱਕ ਵੀਡੀਓ ਸ਼ੇਅਰ ਕੀਤੀ ਹੈ ਜਿਸ ਵਿੱਚ ਇੱਕ ਪੀਜ਼ਾ ਡਿਲੀਵਰੀ ਮੈਨ ਨੇ ਪੰਜ ਬੱਚਿਆਂ ਨੂੰ ਸੜਦੇ ਹੋਏ ਘਰ ਤੋਂ ਬਚਾਇਆ ਹੈ। ਉਸਨੇ ਲਿਖਿਆ ਕਿ ਇਹ ਆਦਮੀ ਆਜ਼ਾਦੀ ਦੇ ਰਾਸ਼ਟਰਪਤੀ ਮੈਡਲ ਦਾ ਹੱਕਦਾਰ ਹੈ, ਸੋਰੋਸ ਨਹੀਂ।

**ਜਾਰਜ ਸੋਰੋਸ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼**

ਇਥੇ ਜ਼ਿਕਰਯੋਗ ਹੈ ਕਿ ਅਮਰੀਕੀ ਕਾਰੋਬਾਰੀ ਜਾਰਜ ਸੋਰੋਸ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ ਹੈ ਉਸ ਨੇ ਜਰਮਨੀ ਦੇ ਮਿਊਨਿਖ ਰੱਖਿਆ ਸੰਮੇਲਨ ਵਿੱਚ ਕਿਹਾ ਸੀ ਕਿ ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਤੰਤਰਿਕ ਨਹੀਂ ਹਨ। ਨਰਿੰਦਰ ਮੋਦੀ ਦੇ ਵੱਡਾ ਆਗੂ ਬਣਨ ਦਾ ਕਾਰਨ ਭਾਰਤੀ ਮੁਸਲਮਾਨਾਂ ਖ਼ਿਲਾਫ਼ ਹੋਈ ਹਿੰਸਾ ਹੈ। ਉਨ੍ਹਾਂ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਇਸ ਨਾਲ ਭਾਰਤ ਵਿੱਚ ਲੋਕਤੰਤਰਿਕ ਪ੍ਰਕਿਰਿਆ ਦਾ ‘ਪੁਨਰ-ਉਥਾਨ’ ਹੋਵੇਗਾ।

(ਬਾਕੀ ਸਫ਼ਾ 30 ’ਤੇ)

## ਕੌਣ ਨੇ ਜਾਰਜ?

ਜਾਰਜ ਸੋਰੋਸ ਇੱਕ ਅਮਰੀਕੀ ਅਰਬਪਤੀ ਉਦਯੋਗਪਤੀ ਹਨ। ਬਰਤਾਨੀਆਂ ਵਿੱਚ, ਉਨ੍ਹਾਂ ਨੂੰ 1992 ਵਿੱਚ ਬੈਂਕ ਆਫ਼ ਇੰਗਲੈਂਡ ਨੂੰ ਬਰਬਾਦ ਕਰਨ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਦਾ ਜਨਮ ਹੰਗਰੀ ਵਿੱਚ ਇੱਕ ਯਹੂਦੀ ਪਰਿਵਾਰ ’ਚ ਹੋਇਆ ਸੀ। ਜਦੋਂ ਹਿਟਲਰ ਦੇ ਨਾਜ਼ੀ ਜਰਮਨੀ ਵਿੱਚ ਯਹੂਦੀਆਂ ਨੂੰ ਮਾਰਿਆ ਜਾ ਰਿਹਾ ਸੀ ਤਾਂ ਉਹ ਕਿਸੇ ਤਰ੍ਹਾਂ ਬਚ ਗਏ ਸਨ। ਬਾਅਦ ਵਿੱਚ ਉਹ ਕਮਿਊਨਿਸਟ ਦੇਸ਼ ਛੱਡ ਕੇ ਪੱਛਮੀ ਦੇਸ਼ ਆ ਗਏ। ਉਹ ਸਟਾਕ ਮਾਰਕੀਟ ਵਿੱਚ ਪੈਸਾ ਲਗਾਉਂਦੇ ਸਨ ਤੇ ਇਸ ਤੋਂ ਉਨ੍ਹਾਂ ਨੇ ਕਰੀਬ 44 ਬਿਲੀਅਨ ਡਾਲਰ ਕਮਾਏ। ਇਸ ਪੈਸੇ ਨਾਲ, ਉਨ੍ਹਾਂ ਨੇ ਹਜ਼ਾਰਾਂ ਸਕੂਲ ਸਥਾਪਿਤ ਕੀਤੇ ਤੇ ਹਸਪਤਾਲ ਬਣਵਾਏ।

ਉਹ ਲੋਕਤੰਤਰ ਲਈ ਕੰਮ ਕਰਦੀਆਂ ਸੰਸਥਾਵਾਂ ਤੇ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੀ ਮਦਦ ਵੀ ਕਰਦੇ ਰਹੇ ਸਨ। 1979 ਵਿੱਚ, ਉਨ੍ਹਾਂ ਨੇ ਓਪਨ ਸੋਸਾਇਟੀ ਫਾਊਂਡੇਸ਼ਨ ਦੀ ਸਥਾਪਨਾ ਕੀਤੀ, ਜੋ ਹੁਣ ਕਰੀਬ 120 ਦੇਸ਼ਾਂ ਵਿੱਚ ਕੰਮ ਕਰਦੀ ਹੈ।

ਜਾਰਜ ਸੋਰੋਨ ਜੋ ਕਿ ਲੋਕਤੰਤਰ ਦੇ ਹੱਕ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਨ। ਆਪਣੇ ਕੰਮ ਕਾਰਨ ਉਹ ਹਮੇਸ਼ਾ ਸੱਜੇ ਪੱਖੀ ਧਿਰਾਂ ਦੇ ਨਿਸ਼ਾਨੇ ’ਤੇ ਰਹਿੰਦੇ ਹਨ। ਬਰਤਾਨੀਆਂ ਵਿੱਚ, ਉਨ੍ਹਾਂ ਨੂੰ 1992 ਵਿੱਚ ਬੈਂਕ ਆਫ਼ ਇੰਗਲੈਂਡ ਨੂੰ ਬਰਬਾਦ ਕਰਨ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ। ਉਹ ਸਟਾਕ ਮਾਰਕੀਟ ਵਿੱਚ ਪੈਸਾ ਲਗਾਉਂਦੇ ਸਨ ਤੇ ਇਸ ਤੋਂ ਉਨ੍ਹਾਂ ਨੇ ਕਰੀਬ 44 ਬਿਲੀਅਨ ਡਾਲਰ ਕਮਾਏ।

## ਬਾਇਡਨ ਨੇ ਹਿਲੇਰੀ ਅਤੇ ਮੈਸੀ ਸਣੇ 19 ਹਸਤੀਆਂ ਨੂੰ ‘ਪ੍ਰੈਜ਼ੀਡੈਂਸ਼ੀਅਲ ਮੈਡਲ ਆਫ਼ ਫ਼ਰੀਡਮ’ ਨਾਲ ਨਿਵਾਜਿਆ



ਵਾਸ਼ਿੰਗਟਨ/ਏ.ਟੀ. ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ, ਵਿਵਾਦਤ ਨਿਵੇਸ਼ਕ ਜੌਰਜ ਸੋਰੋਸ, ਵੋਗ ਮੈਗਜ਼ੀਨ ਦੀ ਮੁੱਖ ਸੰਪਾਦਕ ਐਨਾ ਵਿਨਟੌਰ, ਵਿਗਿਆਨੀ ਬਿਲ ਨੇਈ, ਅਦਾਕਾਰ ਡੇਨਜ਼ੇਲ ਵਾਸ਼ਿੰਗਟਨ ਅਤੇ ਫੁਟਬਾਲਰ ਲਿਓਨਲ ਮੈਸੀ ਸਮੇਤ 19 ਵਿਅਕਤੀਆਂ ਨੂੰ ਅਮਰੀਕਾ ਦੇ ਸਭ ਤੋਂ ਵੱਡੇ ਨਾਗਰਿਕ ਪੁਰਸਕਾਰ ‘ਪ੍ਰੈਜ਼ੀਡੈਂਸ਼ੀਅਲ ਮੈਡਲ ਆਫ਼ ਫਰੀਡਮ’ ਨਾਲ ਸਨਮਾਨਿਤ ਕੀਤਾ। ਇਹ ਪੁਰਸਕਾਰ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਅਮਰੀਕਾ ਦੀ ਖੁਸ਼ਹਾਲੀ, ਉਸ ਦੀਆਂ ਕਦਰਾਂ-ਕੀਮਤਾਂ, ਸੁਰੱਖਿਆ ਅਤੇ ਵਿਸ਼ਵ ਸ਼ਾਂਤੀ ’ਚ ਅਹਿਮ ਯੋਗਦਾਨ ਦਿੱਤਾ ਹੋਵੇ ਜਾਂ ਜਨਤਕ ਤੇ ਨਿੱਜੀ ਖੇਤਰਾਂ ’ਚ ਮਹੱਤਵਪੂਰਨ ਕੰਮ ਕੀਤੇ ਹੋਣ। ਮੈਸੀ ਖੁਦ ਪੁਰਸਕਾਰ ਲੈਣ ਲਈ ਹਾਜ਼ਰ ਨਾ ਹੋ ਸਕੇ। ਕਈ ਹੋਰ ਹਸਤੀਆਂ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਤਰਫ਼ੋਂ ਮੈਡਲ ਹਾਸਲ ਕੀਤੇ। ਅਮਰੀਕਾ ’ਚ ਨਸਲੀ ਨਿਆਂ ਲਈ ਸੰਘਰਸ਼ ਕਰਨ ਵਾਲੇ ਫੈਨੀ ਲੂ ਹੈਮਰ, ਸਾਬਕਾ ਰੱਖਿਆ ਮੰਤਰੀ ਐਸ਼ਟਨ ਕਾਰਟਰ, ਸਾਬਕਾ ਅਟਾਰਨੀ ਜਨਰਲ ਰੌਬਰਟ ਫਰਾਂਸਿਸ ਕੈਨੇਡੀ ਅਤੇ ਕਾਰੋਬਾਰੀ ਜੌਰਜ ਡਬਲਿਊ ਰੋਮਨੀ ਨੂੰ ਮਰਨ ਉਪਰੰਤ ਇਹ ਮੈਡਲ ਪ੍ਰਦਾਨ ਕੀਤਾ ਗਿਆ।

## ਛੇ ਭਾਰਤੀ-ਅਮਰੀਕੀਆਂ ਨੇ ਅਮਰੀਕੀ ਪ੍ਰਤੀਨਿਧ ਸਦਨ ਦੇ ਮੈਂਬਰ ਵਜੋਂ ਹਲਫ਼ ਲਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਛੇ ਭਾਰਤੀ-ਅਮਰੀਕੀ ਆਗੂਆਂ ਨੇ ਅਮਰੀਕੀ ਪ੍ਰਤੀਨਿਧ ਸਦਨ ਦੇ ਮੈਂਬਰ ਵਜੋਂ ਹਲਫ ਲਿਆ ਹੈ। ਉਂਝ ਇਹ ਪਹਿਲੀ ਵਾਰ ਹੈ ਜਦੋਂ ਇਕੋ ਵੇਲੇ ਛੇ ਭਾਰਤੀ ਅਮਰੀਕੀਆਂ ਨੇ ਪ੍ਰਤੀਨਿਧ ਸਦਨ ਦੇ ਮੈਂਬਰਾਂ ਵਜੋਂ ਸਹੁੰ ਚੁੱਕੀ ਹੈ। ਇਨ੍ਹਾਂ ਵਿੱਚ ਡਾ. ਐਮੀ ਬੇਰਾ, ਸੁਹਾਸ ਸੁਬਰਾਮਨੀਅਮ, ਸ੍ਰੀ ਥਾਨੇਦਾਰ, ਰੋਅ ਖੰਨਾ, ਰਾਜਾ ਕ੍ਰਿਸ਼ਨਾਮੂਰਤੀ ਤੇ ਪ੍ਰਮਿਲਾ ਜੈਪਾਲ ਸ਼ਾਮਲ ਹਨ।



ਸੰਸਦ ਮੈਂਬਰ ਡਾ.ਐਮੀ ਬੇਰਾ ਨੇ ਐਕਸ ਉੱਤੇ ਇੱਕ ਪੋਸਟ ਵਿੱਚ ਕਿਹਾ, “ਜਦੋਂ 12 ਸਾਲ ਪਹਿਲਾਂ ਮੈਂ ਪਹਿਲੀ ਵਾਰ ਹਲਫ਼ ਲਿਆ ਸੀ ਉਦੋਂ ਮੈਂ ਭਾਰਤੀ-ਅਮਰੀਕੀ ਭਾਈਚਾਰੇ ਦਾ ਇਕਲੌਤਾ ਤੇ ਅਮਰੀਕੀ ਇਤਿਹਾਸ ਵਿੱਚ ਤੀਜਾ ਐੱਮ.ਪੀ. ਸੀ। ਹੁਣ ਅਸੀਂ ਛੇ ਜਣੇ ਹਾਂ। ਮੈਨੂੰ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਅਮਰੀਕੀ ਸੰਸਦ ਵਿੱਚ ਸਾਡੇ ਭਾਈਚਾਰੇ ਦੇ ਲੋਕਾਂ ਦੀ ਗਿਣਤੀ ਵਧੇਗੀ।” ਬੇਰਾ ਨੇ ਕੈਲੀਫੋਰਨੀਆ ਤੋਂ ਪ੍ਰਤੀਨਿਧ ਵਜੋਂ ਲਗਾਤਾਰ ਸੱਤਵੀਂ ਵਾਰ ਹਲਫ਼ ਲਿਆ ਹੈ। ਉਨ੍ਹਾਂ ਸਾਰੇ ਛੇ ਭਾਰਤੀ ਅਮਰੀਕੀ ਸੰਸਦ ਮੈਂਬਰਾਂ ਦੀ ਤਸਵੀਰ ਵੀ ਪੋਸਟ ਕੀਤੀ ਹੈ। ਸੁਹਾਸ ਸੁਬਰਾਮਨੀਅਨ ਨੇ ਪਹਿਲੀ ਵਾਰ ਹਲਫ਼ ਲਿਆ ਹੈ। ਉਧਰ ਖੰਨਾ, ਕ੍ਰਿਸ਼ਨਾਮੂਰਤੀ ਤੇ ਜੈਪਾਲ ਨੇ ਲਗਾਤਾਰ ਪੰਜਵੀਂ ਵਾਰ ਹਲਫ਼ ਲਿਆ ਹੈ।

## ਟਰੰਪ ਵੱਲੋਂ ਆਪਣੀ ਆਲੋਚਕ ਰਹੀ ਮਾਰਗਨ ਓਰਟਾਗੁਸ ਮੱਧ ਪੂਰਬ ਲਈ ਵਿਸ਼ੇਸ਼ ਡਿਪਟੀ ਦੂਤ ਨਿਯੁਕਤ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਮਾਰਗਨ ਓਰਟਾਗੁਸ, ਜਿਸ ਨੇ ਕਿਸੇ ਵੇਲੇ ਡੋਨਾਲਡ ਟਰੰਪ ਦੇ ਵਿਵਹਾਰ ਨੂੰ ਲੈ ਕੇ ਸਵਾਲ ਉਠਾਏ ਸਨ ਤੇ ਉਸ ਦੀ ਸਖ਼ਤ ਸ਼ਬਦਾਂ ਵਿੱਚ ਅਲੋਚਨਾ ਕੀਤੀ ਸੀ। ਹੁਣ ਮੁੜ ਉਨ੍ਹਾਂ ਨਾਲ ਕੰਮ ਕਰੇਗੀ। 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਜਾ ਰਹੇ ਟਰੰਪ ਨੇ ਐਲਾਨ ਕੀਤਾ ਹੈ ਕਿ ਓਰਟਾਗੁਸ ਮੱਧ ਪੂਰਬ ਅਮਨ ਵਾਸਤੇ ਉਨ੍ਹਾਂ ਦੇ ਵਿਸ਼ੇਸ਼ ਡਿਪਟੀ ਦੂਤ ਵਜੋਂ ਕੰਮ ਕਰੇਗੀ। ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਓਰਟਾਗੁਸ ਨੇ 3 ਸਾਲ ਵਿਦੇਸ਼ ਵਿਭਾਗ ਵਿੱਚ ਬੁਲਾਰੇ ਵਜੋਂ ਕੰਮ ਕੀਤਾ ਸੀ।

## ਦੁਨੀਆਂ ’ਚ ਸਭ ਤੋਂ ਵੱਧ ਤਨਖ਼ਾਹ ਲੈਣ ਵਾਲਾ ਸੀ.ਈ.ਓ.

## ਜਗਦੀਪ ਸਿੰਘ ਨੂੰ ਮਿਲਦੀ ਹੈ ਰੋਜ਼ਾਨਾ 48 ਕਰੋੜ ਰੁਪਏ ਦੀ ਤਨਖ਼ਾਹ



ਕੈਲੀਫ਼ੋਰਨੀਆ/ਏ.ਟੀ.ਨਿਊਜ਼: ਜਗਦੀਪ ਸਿੰਘ ਦੁਨੀਆਂ ਵਿੱਚ ਸਭ ਤੋਂ ਵੱਧ ਤਨਖ਼ਾਹ ਲੈਣ ਵਾਲਾ ਸੀ.ਈ.ਓ. ਹੈ ਜਿਸ ਨੂੰ 17,500 ਕਰੋੜ ਰੁਪਏ ਦਾ ਸਾਲਾਨਾ ਪੈਕੇਜ ਮਿਲਿਆ ਹੈ। ਇਹ 48 ਕਰੋੜ ਰੁਪਏ ਪ੍ਰਤੀ ਦਿਨ ਦੇ ਬਰਾਬਰ ਹੈ, ਇਹ ਆਮਦਨ ਕਈ ਕਾਰਪੋਰੇਸ਼ਨਾਂ ਦੀ ਸਾਲਾਨਾ ਆਮਦਨ ਤੋਂ ਵੱਧ ਹੈ। (ਕੁਆਂਟਮਸਕੇਪ) ਦੇ ਸੰਸਥਾਪਕ ਤੇ ਸੀ.ਈ.ਓ. ਜਗਦੀਪ ਸਿੰਘ ਦੁਨੀਆਂ ਵਿੱਚ ਸਭ ਤੋਂ ਵੱਧ ਤਨਖ਼ਾਹ ਲੈਣ ਵਾਲੇ ਕਰਮਚਾਰੀ ਬਣ ਗਏ ਹਨ। ਕਰੋੜਾਂ ਲੋਕ ਉਨ੍ਹਾਂ ਦੇ ਨਾਂ ਦੀ ਚਰਚਾ ਕਰ ਰਹੇ ਹਨ। ਜਗਦੀਪ ਸਿੰਘ ਇੱਕ ਭਾਰਤੀ-ਅਮਰੀਕੀ ਉਦਯੋਗਪਤੀ ਤੇ ਟੈਕਨਾਲੋਜਿਸਟ ਹੈ, ਜੋ ਕੁਆਂਟਮਸਕੇਪ ਦੇ ਸੰਸਥਾਪਕ ਤੇ ਸਾਬਕਾ ਸੀ.ਈ.ਓ. ਵਜੋਂ ਜਾਣੇ ਜਾਂਦੇ ਹਨ। (ਕੁਆਂਟਮਸਕੇਪ) ਇੱਕ ਬੈਟਰੀ ਤਕਨਾਲੋਜੀ ਕੰਪਨੀ ਹੈ, ਜੋ ਇਲੈਕਟ੍ਰਿਕ ਵਾਹਨਾਂ (ਈ.ਵੀ.ਐਸ.) ਲਈ ਸਾਲਿਡ-ਸਟੇਟ ਬੈਟਰੀਆਂ ਬਣਾਉਣ ਲਈ ਕੰਮ ਕਰਦੀ ਹੈ। ਉਸ ਨੇ ਸਟੈਨਫ਼ੋਰਡ ਯੂਨੀਵਰਸਿਟੀ ਤੋਂ ਇਲੈਕਟਰੀਕਲ ਇੰਜੀਨੀਅਰਿੰਗ ਵਿੱਚ ਮਾਸਟਰ ਦੀ ਡਿਗਰੀ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹਾਸ ਸਕੂਲ ਆਫ਼ ਬਿਜ਼ਨਸ, ਬਰਕਲੇ ਤੋਂ ਐਮ.ਬੀ.ਏ. ਕੀਤੀ ਸੀ। ਉਸ ਨੇ ਕਈ ਤਕਨਾਲੋਜੀ ਕੰਪਨੀਆਂ ਵਿੱਚ ਕੰਮ ਕੀਤਾ ਅਤੇ ਫਿਰ ਅਪਣੇ ਕਾਰੋਬਾਰ ਵੱਲ ਵਧਿਆ। ਸਾਲ 2010 ਵਿੱਚ ਜਗਦੀਪ ਸਿੰਘ ਨੇ ਕੁਆਂਟਮਸਕੇਪ ਦੀ ਸਥਾਪਨਾ ਕੀਤੀ। ਕੰਪਨੀ ਦਾ ਉਦੇਸ਼ ਇਲੈਕਟ੍ਰਿਕ ਵਾਹਨਾਂ ਲਈ ਬੈਟਰੀਆਂ

(ਬਾਕੀ ਸਫ਼ਾ 31 ’ਤੇ)

## ਅਮਰੀਕਾ ’ਚ ਦਾਖ਼ਲ ਹੋਏ ਗ਼ੈਰ ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਵਿੱਚ ਆਈ ਤੇਜੀ

### 2647 ਭਾਰਤੀ ਹਿਰਾਸਤ ’ਚ ਲਏ ਤੇ 17 ਹਜ਼ਾਰ ਤੋਂ ਵਧ ਭਾਰਤੀਆਂ ਨੂੰ ਵਾਪਿਸ ਭੇਜਣ ਦੀ ਤਿਆਰੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਯੂ. ਐਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫ਼ੋਰਸਮੈਂਟ ( ਆਈ. ਸੀ. ਈ.) ਦੀ ਵਿੱਤੀ ਸਾਲ 2024 ਦੀ ਸਾਲਾਨਾ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਗ਼ੈਰ ਕਾਨੂੰਨੀ ਢੰਗ-ਤਰੀਕੇ ਨਾਲ ਦਾਖਲ ਹੋਣ ਵਾਲੇ ਭਾਰਤੀਆਂ ਸਮੇਤ ਹੋਰ ਪਰਵਾਸੀਆਂ ਵਿਰੁੱਧ ਕਾਰਵਾਈ ਵਿੱਚ ਤੇਜੀ ਆਈ ਹੈ। ਆਈ. ਸੀ. ਆਈ. ਅਨੁਸਾਰ ਹਾਲ ਹੀ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਏ ਗ੍ਰਿਫ਼ਤਾਰ ਪਰਵਾਸੀਆਂ ਵਿੱਚ 2647 ਭਾਰਤੀ ਹਨ। ਸਭ ਤੋਂ ਵਧ ਗ੍ਰਿਫ਼ਤਾਰ ਪ੍ਰਵਾਸੀ ਮੈਕਸੀਕੋ ਦੇ ਹਨ। ਇਸ ਤੋਂ ਬਾਅਦ ਦੂਜੇ ਤੇ ਤੀਜੇ ਸਥਾਨ ’ਤੇ ਹੌਂਡਰਸ ਤੇ ਗੁਆਟੇਮਾਲਾ ਹਨ।

ਚੌਥਾ ਸਥਾਨ ਭਾਰਤ ਦਾ ਹੈ। 17940 ਭਾਰਤੀ ਨਾਗਰਿਕ ਹਾਲਾਂ ਕਿ ਆਈ. ਸੀ. ਈ. ਦੀ ਹਿਰਾਸਤ ਵਿੱਚ ਨਹੀਂ ਹਨ ਪਰੰਤੂ ਉਨ੍ਹਾਂ ਦੇ ਦੇਸ਼ ਨਿਕਾਲੇ ਸਬੰਧੀ ਪ੍ਰਕ੍ਰਿਆ ਨੂੰ ਅੰਤਿਮ ਛੂਹ ਦਿੱਤੀ ਜਾ ਰਹੀ ਹੈ ਜਿਸ ਉਪਰੰਤ ਉਨ੍ਹਾਂ ਨੂੰ ਵਾਪਿਸ ਭਾਰਤ ਭੇਜ ਦਿੱਤਾ ਜਾਵੇਗਾ। ਵਾਪਿਸ ਭੇਜੇ ਭਾਰਤੀਆਂ ਦੀ ਗਿਣਤੀ ਵਿੱਚ ਵਰਨਣਯੋਗ ਵਾਧਾ ਹੋਇਆ ਹੈ। ਵਿੱਤੀ ਸਾਲ 2024 ਦੌਰਾਨ ਕੁਲ 1529 ਭਾਰਤੀਆਂ ਨੂੰ ਵਾਪਿਸ ਭੇਜਿਆ ਗਿਆ ਹੈ ਜਦ ਕਿ ਵਿੱਤੀ ਸਾਲ 2021 ਵਿੱਚ ਇਹ ਗਿਣਤੀ 292 ਸੀ। ਆਈ. ਸੀ. ਆਈ. ਅਨੁਸਾਰ ਇਸ ਵਿੱਤੀ ਸਾਲ ਦੌਰਾਨ ਸਾਰੇ ਦੇਸ਼ਾਂ ਦੇ ਕੁਲ 2,71,484 ਨਾਗਰਿਕਾਂ ਨੂੰ ਵਾਪਿਸ ਉਨ੍ਹਾਂ ਦੇ ਦੇਸ਼ ਭੇਜਿਆ ਜਾ ਚੁੱਕਾ ਹੈ ਜਦ ਕਿ 2021 ਵਿੱਚ ਵਾਪਿਸ ਭੇਜੇ ਪਰਵਾਸੀਆਂ ਦੀ ਗਿਣਤੀ 59011 ਸੀ। ਇਸ ਤੋਂ ਪਹਿਲਾਂ ਯੂ. ਐਸ.ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਫ਼ਰਵਰੀ 2019 ਤੋਂ ਮਾਰਚ 2023 ਦਰਮਿਆਨ 1,49,000 ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜੋ ਅਮਰੀਕਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਵਿੱਚ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਭਾਰਤੀ ਉਹ ਹਨ ਜਿਨ੍ਹਾਂ ਨੇ ਆਰਥਿਕ ਕਾਰਨਾਂ ਕਰਕੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤੇ ਉਹ ਸ਼ਰਨ ਲੈਣ ਦੇ ਯੋਗ ਨਹੀਂ ਹਨ। ਇੱਕ ਹੋਰ ਰਿਪੋਰਟ ਅਨੁਸਾਰ ਰਾਸ਼ਟਰਪਤੀ ਚੋਣ ਜਿੱਤੇ ਡੋਨਾਲਡ ਟਰੰਪ ਵੱਲੋਂ ਇਸ ਮਹੀਨੇ ਅਹੁਦਾ ਸੰਭਾਲਣ ਉਪਰੰਤ ਗੈਰ ਕਾਨੂੰਨੀ ਪਰਵਾਸੀਆਂ ਨੂੰ ਵਾਪਿਸ ਉਨ੍ਹਾਂ ਦੇ ਦੇਸ਼ ਭੇਜਣ ਦੀ ਪ੍ਰਕ੍ਰਿਆ ਵਿੱਚ ਤੇਜੀ ਆਵੇਗੀ।




# ਸ਼੍ਰੋਮਣੀ ਅਕਾਲੀ ਦਲ ਬਨਾਮ ਸਿੱਖ ਪੰਥ

## ਕਿੰਨੀ ਕੁ ਕਾਮਯਾਬ ਹੋਵੇਗੀ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਉਣ ਦੀ ਕਵਾਇਦ?

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪੰਜਾਬ ਲਫ਼ਜ਼ ਅਜਿਹਾ ਹੈ ਕਿ ਬੋਲਦਿਆਂ ਮੂੰਹ ਭਰ ਜਾਂਦਾ ਹੈ। ਪੰਜਾਬ ਦੀਆਂ ਲਹਿਰਾਂ, ਪੰਜਾਬ ਦੇ ਮਾਣ ਮੱਤੇ ਇਤਿਹਾਸ ਦੇ ਮੁਤਾਬਕ ਜਦੋਂ ਅਸੀਂ ਅੱਜ ਦੇ ਪੰਜਾਬ ਨੂੰ ਵੇਖਦੇ ਹਾਂ ਤਾਂ ਨਿਵਾਣ ਦੇ ਵੱਲ ਜਾਂਦਾ ਪ੍ਰਤੀਤ ਹੁੰਦਾ ਹੈ। ਪੰਜਾਬ ਹਮੇਸ਼ਾ ਇਨਸਾਨੀ ਬਿਰਤੀਆਂ ਵਿੱਚ ਰਿਹਾ, ਪਸ਼ੂ ਬਿਰਤੀਆਂ ਵਿੱਚ ਨਹੀਂ। ਪੰਜਾਬ ਦਾ ਖਾਸਾ ਤਿਆਗ ਹੈ। ਪਰ ਹੁਣ ਤਾਂ ਪੰਜਾਬ ਦੇ ਜੰਮਿਆਂ ਨੇ ਹੀ ਪੰਜਾਬ ਨੂੰ ਢਾਹ ਲਾਉਣ ਦਾ ਮਨ ਬਣਾ ਲਿਆ ਹੈ। ਲੰਘੇ ਦਿਨਾਂ ਦੇ ਵਿੱਚ ਬਹੁਤ ਕੁਝ ਪੰਜਾਬ ਦੇ ਵਿੱਚ ਵਾਪਰਿਆ ਪਰ ਵੱਡੀ ਚਰਚਾ ਦਾ ਵਿਸ਼ਾ ਇਹ ਰਿਹਾ ਕਿ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੇ ਲਈ। ਕਰੀਬ ਇੱਕ ਮਹੀਨੇ ਬਾਅਦ ਜਥੇਦਾਰ ਸਾਹਿਬ ਗਿਆਨੀ ਰਘਬੀਰ ਸਿੰਘ ਜਦੋਂ ਇੱਕ ਪੱਤਰਕਾਰ ਦੇ ਸਵਾਲ ਦੇ ਜਵਾਬ ਵਿੱਚ ਕਹਿੰਦੇ ਨੇ ਕਿ ਹੁਕਮਨਾਮੇ ਨੂੰ ਸ਼੍ਰੋਮਣੀ ਅਕਾਲੀ ਦਲ ਇਨ ਬਿਨ ਮੰਨੇ। ਜੇ ਅਮਲ ਕਰਨ ਵਿੱਚ ਦੇਰੀ ਹੋਈ ਤਾਂ ਇਸ ਨੂੰ ਨਾਂਹ ਨੁੱਕਰ ਸਮਝਿਆ ਜਾਵੇਗਾ। ਤੁਹਾਨੂੰ ਯਾਦ ਹੋਣਾ ਕਿ ਦੋ ਦਸੰਬਰ ਨੂੰ ਅਕਾਲੀ ਲੀਡਰਸ਼ਿਪ ਦੇ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋਣ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸਾਰੇ ਅਕਾਲੀ ਧੜਿਆਂ ਨੂੰ ਭੰਗ ਕਰਕੇ ਨਵੇਂ ਦਲ ਦੇ ਗਠਨ ਦੇ ਆਦੇਸ਼ ਦਿੱਤੇ ਸਨ। ਜਿਸ ਦਿਨ ਗਿਆਨੀ ਰਘਬੀਰ ਸਿੰਘ ਪ੍ਰੈਸ ਸਾਹਮਣੇ ਅਕਾਲੀ ਸੰਕਟ ਬਾਰੇ ਗੱਲ ਕਰ ਰਹੇ ਸਨ, ਉਧਰ ਉਸੇ ਸਮੇਂ ਧਾਰਮਿਕ ਸਜ਼ਾ ਤੋਂ ਬਾਅਦ ਸੁਖਬੀਰ ਬਾਦਲ ਸ੍ਰੀ ਮੁਕਤਸਰ ਸਾਹਿਬ ਦੇ ਵਿੱਚ ਮੁਕਤਸਰ ਦੇ ਅਕਾਲੀ ਵਰਕਰਾਂ ਨੂੰ ਸੰਬੋਧਿਤ ਕਰ ਰਹੇ ਸਨ। ਦੋਵੇਂ ਧਿਰਾਂ ਭਾਵ ਸਿੰਘ ਸਾਹਿਬ ਅਤੇ ਸੁਖਬੀਰ ਬਾਦਲ ਦੀ ਗੱਲਬਾਤ ਦੇ ਵਿੱਚ ਟਕਰਾਓ ਹੁੰਦਾ ਜਾਪਿਆ। ਫ਼ਿਰ ਇੱਕ ਵੀਡੀਓ ਸਾਹਮਣੇ ਆਉਂਦੀ ਹੈ, ਜਿਸ ਦੇ ਵਿੱਚ ਸੁਖਬੀਰ ਬਾਦਲ ਕਹਿ ਰਹੇ ਹੁੰਦੇ ਨੇ ਕਿ “ਅਕਾਲੀ ਦਲ ਹੁਣ ਤੱਕ ਆਰਾਮ ਕਰ ਰਿਹਾ ਸੀ, ਹੁਣ ਜਾਗ ਗਿਆ ਹੈ ਤੇ ਸਭ ਨੂੰ ਬੰਦੇ ਬਣਾ ਦੇਵਾਂਗੇ।” ਪਹਿਲੀ ਗੱਲ ਤਾਂ ਇਹ ਕਿ ਆਰਾਮ ਤੁਸੀਂ ਨਹੀਂ ਸੀ ਕਰ ਰਹੇ, ਕੌਮ ਨੇ ਤੁਹਾਨੂੰ ਆਰਾਮ ਕਰਨ ਦੇ ਲਈ ਮਜਬੂਰ ਕੀਤਾ ਸੀ। ਗੱਲਬਾਤ ਦੇ ਵਿਚੋਂ ਹੰਕਾਰ ਦੀ ਬੂ ਆਉਂਦੀ ਨਜ਼ਰ ਆਈ। ਇਹ ਤਾਂ ਉਹ ਗੱਲ ਹੋਈ ਜਿਵੇਂ ਟਟੀਹਰੀ ਅਸਮਾਨ ਵੱਲ ਨੂੰ ਲੱਤਾਂ ਕਰਕੇ ਪੈਂਦੀ ਹੈ ਤੇ ਸੋਚਦੀ ਹੈ ਕਿ ਅਸਮਾਨ ਮੇਰੀਆਂ ਲੱਤਾਂ ਸਹਾਰੇ ਖੜਾ ਹੈ। ਕੀ ਸੁਖਬੀਰ ਬਾਦਲ ਮਾਲਕ ਹੈ ਸਿੱਖੀ ਦਾ ? ਕੀਹਨੂੰ ਬੰਦਾ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ ? ਕੀ ਗੱਲ ਲੋਕਾਂ ਦੇ ਦਿਲਾਂ ਵਿਚੋਂ ਡਿੱਗਣ ਦੀ ਕਵਾਇਦ ਅਜੇ ਰੋਕਣ ਦਾ ਮਨ ਨਹੀਂ ਹੈ ? ਬੰਦੇ ਬਣਾਉਣ ਦੀ ਗੱਲ ਕਰਦਿਓਂ ਅਸਲ ਦੇ ਵਿੱਚ ਬੰਦੇ ਬਣਨ ਦੀ ਤੁਹਾਨੂੰ ਲੋੜ ਹੈ। ਇਹਨੂੰ ਕਹਿੰਦੇ ਨੇ ਬੁੱਧੀ ’ਤੇ ਪਰਦਾ ਪੈਣਾ। ਅਗਲੀ ਗੱਲ ਉਹਨਾਂ ਨੇ ਕਹੀ ਕਿ ਮਾਘੀ ’ਤੇ ਰੈਲੀ ਕਰਕੇ ਅਸੀਂ ਸਭ ਤੋਂ ਵੱਡਾ ਇਕੱਠ ਕਰਕੇ ਸਭ ਨੂੰ ਦਸ ਦੇਵਾਂਗੇ ਕਿ ਸਾਡਾ ਕੀ ਵਜੂਦ ਹੈ ? ਇਹ ਨਹੀਂ ਲਗਦਾ ਕਿ ਜੰਗ ਦਾ ਮੈਦਾਨ ਬਣਾਉਣ ਦੀ ਤਿਆਰੀ ਕਰ ਰਹੇ ਨੇ ? ਕਿਧਰੇ ਇਹ ਇਸ਼ਾਰਾ ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਵੱਲ ਤਾਂ ਨਹੀਂ ? ਕਿਉਂਕਿ ਉਹਨਾਂ ਨੇ ਵੀ ਪਾਰਟੀ ਬਣਾਉਣ ਦਾ ਐਲਾਨ ਮਾਘੀ ’ਤੇ ਹੀ ਕੀਤਾ ਹੈ। ਸੁਖਬੀਰ ਬਾਦਲ ਦੀ ਇੱਕ ਗੱਲ ਚਰਚਾ ਦੇ ਵਿੱਚ ਇਹ ਹੈ ਕਿ ਉਹਨਾਂ ਨੇ ਕਿਹਾ ਕਿ ਮਾਘੀ ਕਾਨਫ਼ਰੰਸ ’ਤੇ ਆਓ ਤੇ ਉਹ ਬੰਦੇ ਲਿਆਓ ਜੋ ਕਿ ਕਾਨਫ਼ਰੰਸ ਵਿੱਚ ਪਹਿਲਾਂ ਆਉਣ ਤੇ ਮੱਥਾ ਬਾਅਦ ਵਿੱਚ ਟੇਕਣ। ਬੇਮੁੱਖ ਲੋਕੋ, ਤੁਹਾਨੂੰ ਪਤਾ ਹੈ ਕਿ ਮਾਘੀ ਲੋਕਾਂ ਦੀ ਸ਼ਰਧਾ ਦਾ ਪ੍ਰਤੀਕ ਹੈ। ਲੋਕ ਪਹਿਲਾਂ ਗੁਰੂ ਘਰ ਮੱਥਾ ਟੇਕਦੇ ਨੇ। ਤੁਸੀਂ ਪੰਥਕ ਰਵਾਇਤ ਦੇ ਉਲਟ ਗੱਲ ਕਰ ਦਿੱਤੀ ਹੈ। ਕਿੰਨਾ ਹੰਕਾਰ ਛੁਪਿਆ ਹੈ ਇਸ ਗੱਲ ਦੇ ਵਿੱਚ ਕਿ ਜਿਸ ਧਰਤੀ ’ਤੇ ਭਾਈ ਮਹਾਂ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬੇਦਾਵਾ ਪੜਵਾਇਆ ਸੀ ਤੇ ਸ਼ਹੀਦੀ ਪ੍ਰਾਪਤ ਕੀਤੀ ਸੀ, ਉਸੇ ਧਰਤੀ ਤੋਂ ਤੁਸੀਂ ਅਕਾਲ ਤਖ਼ਤ ਸਾਹਿਬ ਨੂੰ ਬੇਦਾਵਾ ਦੇ ਰਹੇ ਹੋ ਕਿ ਪਹਿਲਾਂ ਕਾਨਫ਼ਰੰਸ ਵਿੱਚ ਆਓ ਤੇ ਫ਼ੇਰ ਮੱਥਾ ਟੇਕਣ ਜਾਇਓ। ਬੰਦੇ ਇਕੱਠੇ ਕਰਕੇ ਇਹ ਸਾਬਤ ਕਰਨਾ ਚਾਹੁੰਦੇ ਹੋ ਕਿ ਤੁਸੀਂ ਸਹੀ ਹੋ। ਤੁਸੀਂ ਫ਼ਿਰ ਤੋਂ ਜ਼ਾਲਮ ਬਣ ਰਹੇ ਹੋ। ਸਿੱਖੀ ਦੀ ਪਾਵਰ ਪਰਮਾਤਮਾ ਦੀ ਦਿੱਤੀ ਹੋਈ ਬਖ਼ਸ਼ਿਸ਼ ਸੀ ਪਰ ਤੁਸੀਂ ਤਾਂ ਖੋਖਲੀ ਜੜ ਨੂੰ ਵੀ ਪੁੱਟ ਕੇ ਸੁੱਟ ਦੇਣਾ ਚਾਹੁੰਦੇ ਹੋ। ਸਿੱਖੀ ਦੇ ਨਾਂਅ ’ਤੇ ਤੁਸੀਂ ਲੋਕਾਂ ਨੂੰ ਡਰਾਅ ਨਹੀਂ ਸਕਦੇ। ਜਾਂ ਤੁਸੀਂ ਇਹ ਟਕਰਾਓ ਸਿੱਧਾ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਬਣਾ ਰਹੇ ਹੋ ? ਅਕਾਲੀ ਪਾਰਟੀ ਨੂੰ ਖ਼ੁਦ ਵੀ ਨਹੀਂ ਪਤਾ ਕਿ ਅਸੀਂ ਰਾਜਨੀਤੀ ਦੀ ਇੱਛਾ ਦੇ ਵਿੱਚ ਕਿਵੇਂ ਗੁਥਮਗੁੱਥਾ ਹੋ ਰਹੇ ਹਾਂ। ਸਭ ਤੋਂ ਵੱਡੀ ਗੱਲ ਇਹ ਲੱਗੀ ਕਿ ਅਸਲੀ ਸੁਖਬੀਰ ਬਾਦਲ ਉਹ ਹੈ, ਜੋ ਸ੍ਰੀ ਮੁਕਤਸਰ ਸਾਹਿਬ ਤੋਂ ਅਕਾਲੀ ਵਰਕਰਾਂ ਨੂੰ ਸੰਬੋਧਿਤ ਕਰ ਰਹੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ’ਤੇ ਤਾਂ ਝੂਠਾ ਸੁਖਬੀਰ ਬਾਦਲ ਪਹੁੰਚਿਆ ਸੀ। ਸੁਖਬੀਰ ਬਾਦਲ ਦਾ ਇਹ ਕਹਿਣਾ ਕਿ ਮੈਂ ਵਿਵਾਦ ਖ਼ਤਮ ਕਰਨ ਦੇ ਲਈ ਸਾਰੇ ਗੁਨਾਹ ਆਪਣੇ ਸਿਰ ਲੈ ਲਏ। ਇੱਥੋਂ ਤਕ ਕਿ ਗੋਲੀ ਕਾਂਡ ਸਮੇਂ ਮੈਂ ਇੱਥੇ ਹੈ ਹੀ ਨਹੀਂ ਸੀ। ਅਕਾਲੀ ਪਾਰਟੀ ਦੇ ਖ਼ਾਸਮ ਖ਼ਾਸ ਇਹ ਵੀ ਕਹਿ ਰਹੇ ਨੇ ਕਿ ਸੁਖਬੀਰ ਬਾਦਲ ਸੱਚ ਦੱਸਣਾ ਚਾਹੁੰਦਾ ਸੀ ਪਰ ਜਥੇਦਾਰ ਸਾਹਿਬਾਨ ਨੇ ਹਾਂ ਜਾਂ ਨਾਂਹ ਦੇ ਵਿੱਚ ਜਵਾਬ ਦੇਣ ਲਈ ਕਿਹਾ। ਕਿੰਨੀ ਹੋਛੀ ਸਟੇਟਮੈਂਟ ਹੈ...। ਕੀ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਗੱਦਾਰੀ ਨਹੀਂ ਹੈ ? ਸੱਚ ਕਿਉਂ ਨਹੀਂ ਬੋਲਿਆ ਸੁਖਬੀਰ ਬਾਦਲ ਨੇ ? ਕੀ ਗਲ਼ ਵਿੱਚ ਪਾਇਆ ਪੱਲਾ ਮਜ਼ਾਕ ਦੇ ਲਹਿਜ਼ੇ ਵਿੱਚ ਲਿਆ ਸੀ ਸੁਖਬੀਰ ਬਾਦਲ ਨੇ ? ਸਵਾਲ ਤਾਂ ਇਹ ਵੀ ਹੈ ਕਿ ਤੁਸੀਂ ਅਕਾਲ ਤਖ਼ਤ ਸਾਹਿਬ ਨੂੰ ਸਮਝਦੇ ਕੀ ਹੋ ? ਕੀ ਮਜਬੂਰੀ ਸੀ ਕਿ ਤੁਸੀਂ ਗ਼ਲਤ ਗੱਲਾਂ ਹੀ ਅਕਾਲ ਤਖ਼ਤ ਸਾਹਿਬ ’ਤੇ ਮੰਨ ਲਈਆਂ। ਇਹ ਉਹ ਅਕਾਲੀ ਦਲ ਨਹੀਂ, ਅਸਲ ਵਿੱਚ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਇੱਕ ਜੁਝਾਰੂ ਜਥਾ ਸੀ। ਜਿਸ ਦਾ ਫ਼ਰਜ਼ ਸੀ ਕਿ ਜ਼ਾਲਮ ਤੇ ਜ਼ੁਲਮ ਦੇ ਖ਼ਿਲਾਫ਼ ਲੜਨਾ। ਸਾਡੇ ਇੱਕ ਬੁੱਧੀਜੀਵੀ ਦੱਸ ਰਹੇ ਸੀ ਕਿ ਜਗਦੇਵ ਸਿੰਘ ਤਲਵੰਡੀ ਜਦੋਂ ਪ੍ਰਧਾਨ ਹੁੰਦੇ ਸੀ ਸ਼੍ਰੋਮਣੀ ਅਕਾਲੀ ਦਲ ਦੇ, ਤਾਂ ਉਹਨਾਂ ਨੂੰ ਇੱਕ ਵਾਰੀ ਤਨਖ਼ਾਹੀਆ ਕਰਾਰ ਦਿੱਤਾ ਸੀ, ਕੋਈ ਪੰਥ ਏਕਤਾ ਦਾ ਮਸਲਾ ਦਸਦੇ ਸੀ। ਉਸ ਸਮੇਂ ਅੰਬਾਲੇ ਦੇ ਵਿੱਚ ਇੱਕ ਕਾਨਫ਼ਰੰਸ ਹੋਈ ਸੀ। ਸਾਰੇ ਲੀਡਰਾਂ ਨੇ ਉਸ ਕਾਨਫ਼ਰੰਸ ਨੂੰ ਸੰਬੋਧਨ ਕਰਨਾ ਸੀ। ਜਦੋਂ ਤਲਵੰਡੀ ਦੀ ਵਾਰੀ ਆਈ ਤਾਂ ਸੰਗਤਾਂ ਨੇ ਬੋਲਣ ਨਹੀਂ ਸੀ ਦਿੱਤਾ। ਰੌਲ਼ਾ ਪਾ ਦਿੱਤਾ ਸੀ ਕਿ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੇਸ਼ ਹੋਵੋ ਤੇ ਉਹਨਾਂ ਨੂੰ ਹੋਣਾ ਪਿਆ ਸੀ। ਮਾਘੀ ਦੀ ਕਾਨਫ਼ਰੰਸ ਨੂੰ ਕਿਧਰੇ ਹਲਕੇ ਵਿੱਚ ਨਾ ਲੈ ਲਿਓ। ਵਿਰੋਧ ਤੁਹਾਡਾ ਵੀ ਹੋ ਸਕਦਾ ਹੈ। ਇੱਕ ਭੁਲੇਖਾ ਸੁਖਬੀਰ ਬਾਦਲ ਦੇ ਮਨ ’ਤੇ ਹਾਲੇ ਵੀ ਹੈ। ਉਹ ਇਹ ਕਿ ਸਾਡੇ ਕਰਕੇ ਅਕਾਲ ਤਖ਼ਤ ਹੈ, ਅਸੀਂ ਅਕਾਲ ਤਖ਼ਤ ਸਾਹਿਬ ਕਰਕੇ ਨਹੀਂ। ਬੱਸ ਆਹੀ ਗ਼ਰੂਰ ਨੇ ਸੁਖਬੀਰ ਬਾਦਲ ਨੂੰ ਅਰਸ਼ੋਂ ਫ਼ਰਸ਼ ’ਤੇ ਲੈ ਆਂਦਾ ਹੈ। ਪੰਜਾਬ ਸਾਡਾ ਕਹਿਣ ਵਾਲਿਓ, ਤੁਹਾਨੂੰ ਸਿਰ ਜੋੜਨ ਦੀ ਲੋੜ ਹੈ। ਜਿੰਨਾ ਉਲਝਣਬਾਜ਼ੀ ਦੇ ਵਿੱਚ ਅਸੀਂ ਫ਼ਸ ਚੁੱਕੇ ਹਾਂ ਕੋਈ ਚਮਤਕਾਰ ਹੀ ਹੋਵੇਗਾ ਤਾਂ ਅਸੀਂ ਇਸ ਝਮੇਲੇ ਵਿਚੋਂ ਬਾਹਰ ਨਿਕਲ ਸਕਦੇ ਹਾਂ, ਜਾਂ ਏਕਤਾ ਰਾਹੀਂ ਹਰ ਮੁਸੀਬਤ ਨੂੰ ਟੱਕਰ ਦਿਤੀ ਜਾ ਸਕਦੀ ਹੈ। ਤੁਹਾਨੂੰ ਅੰਦਰੂਨੀ ਮਸਲਿਆਂ ਵਿੱਚ ਉਲਝਾ ਕੇ ਤੁਹਾਡੀ ਉਪਜਾਊ ਜ਼ਮੀਨ ਬੇਗ਼ਾਨਿਆਂ ਦੇ ਹੱਥਾਂ ਵਿੱਚ ਦਿੱਤੀ ਜਾ ਰਹੀ ਹੈ। ਅਸੀਂ ਕੀ ਲੈਣਾ ਭਾਰਤ ਮਾਲ਼ਾ ਤੋਂ ? ਕੀ ਅਸੀਂ ਰੇਲ ਗੱਡੀਆਂ ਤੋਂ ਬਿਨਾਂ ਔਖੇ ਹਾਂ ? ਗੈਸ ਪਾਈਪ ਲਾਈਨਾਂ ਤੋਂ ਬਿਨਾਂ ਸਾਡੇ ਘਰ ਰੋਟੀ ਨਹੀਂ ਪੱਕਦੀ ? । ਦੁਨੀਆਂ ਦਾ ਹਰ ਖ਼ਿੱਤਾ ਜੰਗਲਾਂ ਵਿਚੋਂ ਦੀ ਇਹੋ ਜਿਹੇ ਰਾਹ ਕੱਢ ਰਿਹੈ ਪਰ ਸਾਡੀਆਂ ਉਪਜਾਊ ਜ਼ਮੀਨਾਂ ਦੇ ਉੱਤੇ ਕਬਜ਼ੇ ਕੀਤੇ ਜਾ ਰਹੇ ਨੇ। ਮੋਰਚੇ ਪੰਜਾਬ ਦੇ ਵਜੂਦ ਲਈ ਨਹੀਂ ਲੱਗ ਰਹੇ, ਇਹੀ ਤਾਂ ਦੁੱਖ ਹੈ। ਰਹੀ ਗੱਲ ਅਕਾਲੀ ਦਲ ਦੀ ਤਾਂ ਸੁਖਬੀਰ ਬਾਦਲ ਵਾਲਾ ਅਕਾਲੀ ਦਲ, ਸ਼੍ਰੋਮਣੀ ਅਕਾਲੀ ਦਲ ਨਹੀਂ ਰਿਹਾ। ਅਕਾਲੀ ਦਲ ਕਿਰਤੀ ਸੀ, ਕਿਸਾਨੀ ਦਾ ਭਲਾ ਚਾਹੁੰਣ ਵਾਲਾ ਸੀ। ਸੰਗਤੀ ਸੀ, ਪਰ ਇੱਥੇ ਤਾਂ ਇੰਝ ਲੱਗਦਾ ਹੈ ਕਿ ਕਿਰਤ ਦੇ ਉਲਟ ਨੇ ਆਪਣਾ ਨਾਂਅ ਅਕਾਲੀ ਦਲ ਰੱਖ ਲਿਆ ਹੈ।







**ਪਾਠਕਾਂ ਲਈ ਵਿਸ਼ੇਸ਼ ਸੂਚਨਾ**

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

**www.amritsartimes.live**

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਕੀ ਟਰੂਡੋ ਦੇ ਅਸਤੀਫ਼ੇ ਤੋਂ ਬਾਅਦ ਭਾਰਤ-ਕੈਨੇਡਾ ਦੇ ਸਬੰਧ ਸੁਧਰਨਗੇ ?

ਓਟਾਵਾ/ਏ.ਟੀ.ਨਿਊਜ਼ :- ਜਸਟਿਨ ਟਰੂਡੋ ਵਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣ ਦੇ ਐਲਾਨ ਦਾ ਕੈਨੇਡਾ ਵਿਚ ਵੀ ਸਵਾਗਤ ਹੋਇਆ ਹੈ ਅਤੇ ਭਾਰਤ ਵਿਚ ਵੀ। ਕੈਨੇਡਾ ਵਿਚ ਆਮ ਲੋਕਾਂ ਤੋਂ ਇਲਾਵਾ ਹੁਕਮਰਾਨ ਲਿਬਰਲ ਪਾਰਟੀ ਵਿਚ ਵੀ ਉਹ ਲੋਕਪ੍ਰਿਯਤਾ ਗੁਆ ਚੁੱਕੇ ਸਨ ਜਦਕਿ ਭਾਰਤ ਟਰੂਡੋ ਤੋਂ ਔਖਾ ਸੀ।



53 ਵਰ੍ਹਿਆਂ ਦੇ ਟਰੂਡੋ ਨੇ ਅਪਣੇ ਅਸਤੀਫ਼ੇ ਦਾ ਐਲਾਨ ਬੀਤੇਡਸੋਮਵਾਰ ਨੂੰ ਕੀਤਾ ਸੀ। ਇਸ ਐਲਾਨ ਤੋਂ ਪਹਿਲਾਂ ਉਹ ਕੈਨੇਡਾ ਦੀ ਗਵਰਨਰ ਜਨਰਲ ਮੇਰੀ ਸਾਇਮਨ ਨੂੰ ਮਿਲੇ ਅਤੇ ਬੇਨਤੀ ਕੀਤੀ ਕਿ 27 ਜਨਵਰੀ ਤੋਂ ਸ਼ੁਰੂ ਹੋਣ ਵਾਲਾ ਪਾਰਲੀਮਾਨੀ ਇਜਲਾਸ 24 ਮਾਰਚ ਤਕ ਮੁਲਤਵੀ ਕਰ ਦਿਤਾ ਜਾਵੇ ਤਾਂ ਜੋ ਲਿਬਰਲ ਪਾਰਟੀ ਅਪਣਾ ਨਵਾਂ ਨੇਤਾ ਚੁਣਨ ਨਾਲ ਜੁੜੀਆਂ ਸਾਰੀਆਂ ਸਰਗਰਮੀਆਂ ਕੌਮੀ ਕਾਨੂੰਨਾਂ ਤੇ ਰਾਜਸੀ ਰਵਾਇਤਾਂ ਮੁਤਾਬਿਕ ਸਿਰੇ ਚਾੜ੍ਹ ਸਕੇ।

ਇਹ ਬੇਨਤੀ ਪ੍ਰਵਾਨ ਹੋ ਗਈ ਹੈ ਜਿਸ ਤੋਂ ਭਾਵ ਹੈ ਕਿ ਸ੍ਰੀ ਟਰੂਡੋ ਅਜੇ ਕੰਮ-ਚਲਾਊ ਪ੍ਰਧਾਨ ਮੰਤਰੀ ਬਣੇ ਰਹਿਣਗੇ, ਪਰ ਕੌਮੀ ਮਸਲਿਆਂ ਨਾਲ ਜੁੜੇ ਅਹਿਮ ਤੇ ਭਵਿੱਖਮੁਖੀ ਫ਼ੈਸਲੇ ਨਹੀਂ ਲੈ ਸਕਣਗੇ। ਉਹ ਅਕਤੂਬਰ 2015 ਤੋਂ ਪ੍ਰਧਾਨ ਮੰਤਰੀ ਚਲੇ ਆ ਰਹੇ ਹਨ। ਇਸ ਅਹੁਦੇ 'ਤੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਜਿੱਥੇ ਕੈਨੇਡਾ ਦੇ ਅਰਥਚਾਰੇ ਵਿਚ ਨਿਘਾਰ ਆਇਆ, ਉੱਥੇ ਅਮਰੀਕਾ, ਚੀਨ ਤੇ ਭਾਰਤ ਨਾਲ ਇਸ ਦੇ ਸਫ਼ਾਰਤੀ ਸਬੰਧ ਵੀ ਤੇਜ਼ੀ ਨਾਲ ਵਿਗੜੇ ਹਨ।

ਇਨ੍ਹਾਂ ਵਿਗਾੜਾਂ ਦਾ ਅਸਰ ਕੈਨੇਡੀਅਨ ਸਮਾਜ ਤੋਂ ਇਲਾਵਾ ਕੌਮੀ ਅਰਥਚਾਰੇ ਉੱਪਰ ਵੀ ਪਿਆ। ਇਸੇ ਤਰ੍ਹਾਂ ਪਰਵਾਸੀਆਂ ਦੀ ਆਮਦ ਲਈ ਰਾਹ ਖੁਲ੍ਹੇ ਰੱਖਣ ਦੀ ਉਨ੍ਹਾਂ ਦੀ ਨੀਤੀ ਨੇ ਕੈਨੇਡੀਅਨ ਅਰਥਚਾਰੇ ਲਈ ਹੋਰਨਾਂ ਦੇਸ਼ਾਂ ਤੋਂ ਧਨ ਦੀ ਆਮਦ ਦੇ ਰਾਹ ਤਾਂ ਖੋਲ੍ਹੇ, ਪਰ ਮੱਧਵਰਗੀ ਸਮਾਜ ਲਈ ਘਰਾਂ ਦੀ ਘਾਟ ਦੇ ਸੰਕਟ ਅਤੇ ਖ਼ਪਤਕਾਰੀ ਵਸਤਾਂ ਦੀ ਮਹਿੰਗਾਈ ਵਿਚ ਭਰਵਾਂ ਵਾਧਾ ਕੀਤਾ।

ਇਨ੍ਹਾਂ ਸੰਕਟਾਂ ਨੇ ਉਨ੍ਹਾਂ ਦੀ ਨਿੱਜੀ ਮਕਬੂਲੀਅਤ ਤੋਂ ਇਲਾਵਾ ਲਿਬਰਲ ਪਾਰਟੀ ਦੀ ਮਕਬੂਲੀਅਤ ਨੂੰ ਵੀ ਲਗਾਤਾਰ ਖੋਰਾ ਲਾਇਆ। 2015 ਦੀਆਂ ਪਾਰਲੀਮਾਨੀ ਚੋਣਾਂ ਵਿਚ ਪੂਰਨ ਬਹੁਮੱਤ ਪ੍ਰਾਪਤ ਕਰਨ ਵਾਲੀ ਲਿਬਰਲ ਪਾਰਟੀ 2020 ਵਿਚ ਬਹੁਮਤ ਹਾਸਲ ਨਾ ਕਰ ਸਕੀ। ਇਸ ਨੂੰ ਜਗਮੀਤ ਸਿੰਘ ਧਾਲੀਵਾਲ ਦੀ ਅਗਵਾਈ ਵਾਲੀ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਦੀ ਹਮਾਇਤ ਨਾਲ ਸਰਕਾਰ ਬਣਾਉਣੀ ਪਈ, ਪਰ ਇਸ ਬਦਲੇ ਜੋ ਰਾਜਸੀ ਰਿਆਇਤਾਂ ਉਸ ਪਾਰਟੀ ਨੂੰ ਦੇਣੀਆਂ ਪਈਆਂ, ਉਹ ਵੀ ਲਿਬਰਲ ਪਾਰਟੀ ਦੀਆਂ ਸਫ਼ਾਂ ਵਿਚ ਬੇਚੈਨੀ ਪੈਦਾ ਕਰਨ ਦੀ ਵਜ੍ਹਾ ਬਣੀਆਂ।

ਟਰੂਡੋ ਖ਼ਿਲਾਫ਼ ਬਣੀ ਹਵਾ ਦਾ ਰੁਖ਼ ਭਾਂਪਦਿਆਂ ਐਨ.ਡੀ.ਪੀ. ਨੇ ਪਿਛਲੇ ਮਹੀਨੇ ਟਰੂਡੋ ਪ੍ਰਤੀ ਬੇਵਿਸ਼ਵਾਸੀ ਪਹਿਲੀ ਵਾਰ ਖੁਲ੍ਹੇਆਮ ਦਰਸਾਈ ਅਤੇ ਇਸ ਦੀ ਹਮਾਇਤ ਨਾ ਕਰਨ ਦਾ ਐਲਾਨ ਕੀਤਾ। ਇਸ ਤੋਂ ਇਹ ਸੰਭਾਵਨਾ ਪੈਦਾ ਹੋ ਗਈ ਕਿ ਟਰੂਡੋ ਸਰਕਾਰ ਕਿਸੇ ਵੀ ਵੇਲੇ ਡਿੱਗ ਸਕਦੀ ਹੈ।

ਇਸ ਸੰਭਾਵਨਾ ਨੇ ਵੀ ਟਰੂਡੋ ਸਰਕਾਰ ਦੀ ਭਰੋਸੇਯੋਗਤਾ ਨੂੰ ਢਾਹ ਲਾਈ ਅਤੇ ਟਰੂਡੋ ਦਾ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣਾ ਮੁਸ਼ਕਿਲ ਬਣਾ ਦਿੱਤਾ। ਇਸੇ ਕਾਰਨ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਸਮੇਤ ਕਈ ਮੰਤਰੀ ਅਪਣੇ ਅਹੁਦੇ ਤਿਆਗ ਗਏ ਅਤੇ ਲਿਬਰਲ ਪਾਰਟੀ ਅੰਦਰ ਹੀ ਟਰੂਡੋ-ਵਿਰੋਧੀ ਧੜਾ ਚੋਖੀ ਮਜ਼ਬੂਤੀ ਗ੍ਰਹਿਣ ਕਰ ਗਿਆ। ਅਜਿਹੀ ਸੂਰਤੇਹਾਲ ਕਾਰਨ ਉਨ੍ਹਾਂ ਦਾ ਪ੍ਰਧਾਨ ਮੰਤਰੀ ਬਣੇ ਰਹਿਣਾ ਨਾਮੁਮਕਿਨ ਹੋ ਗਿਆ।

ਮੁਲਕ ਵਿਚ ਪਾਰਲੀਮਾਨੀ ਚੋਣਾਂ ਇਸੇ ਸਾਲ ਸਤੰਬਰ-ਅਕਤੂਬਰ ਵਿਚ ਹੋਣੀਆਂ ਹਨ। ਲਿਬਰਲ ਪਾਰਟੀ ਨੂੰ ਜਾਪਦਾ ਹੈ ਕਿ ਨਵੇਂ ਨੇਤਾ ਦੀ ਅਗਵਾਈ ਹੇਠ ਚੋਣਾਂ ਲੜਨਾ ਪਾਰਟੀ ਦੀ ਚੁਣਾਵੀ ਕਾਰਗੁਜ਼ਾਰੀ ਨੂੰ ਕੁਝ ਹੱਦ ਤਕ ਸੁਧਾਰ ਸਕਦਾ ਹੈ। ਇਸੇ ਸੋਚ ਅਤੇ ਨਾਲ ਹੀ ਤਿੰਨ ਵਿਰੋਧੀ ਪਾਰਟੀਆਂ ਵਲੋਂ ਸਰਕਾਰ ਖ਼ਿਲਾਫ਼ ਅਵਿਸ਼ਵਾਸ ਮਤਾ ਪੇਸ਼ ਕੀਤੇ ਜਾਣ ਦੀ ਧਮਕੀ ਨੇ ਟਰੂਡੋ ਉੱਤੇ ਅਸਤੀਫ਼ੇ ਲਈ ਦਬਾਅ ਵਧਾਇਆ।

ਜਿਥੋਂ ਤਕ ਭਾਰਤ ਦਾ ਸਵਾਲ ਹੈ, ਕੈਨੇਡਾ ਨਾਲ ਇਸ ਦੇ ਸਬੰਧ ਸਾਲ 2018 'ਚ ਟਰੂਡੋ ਦੀ ਭਾਰਤ ਫੇਰੀ ਦੌਰਾਨ ਨਿਘਰਨੇ ਸ਼ੁਰੂ ਹੋ ਗਏ ਸਨ। ਉਸ ਸਰਕਾਰੀ ਫੇਰੀ ਤੋਂ ਪਹਿਲਾਂ ਕੈਨੇਡਾ ਸਰਕਾਰ ਵਲੋਂ ਖ਼ਾਲਿਸਤਾਨੀਆਂ ਦੀ ਪੁਸ਼ਤਪਨਾਹੀ ਭਾਰਤ ਲਈ ਚਿੰਤਾ ਦਾ ਵਿਸ਼ਾ ਬਣਾ ਹੋਈ ਸੀ। ਉਸ ਫੇਰੀ ਦੌਰਾਨ ਕੈਨੇਡੀਅਨ ਹਾਈ ਕਮਿਸ਼ਨ ਵਲੋਂ ਮੁੰਬਈ ਵਿਚ ਇੰਤਜ਼ਾਮੀ ਇਕ ਰਿਸੈਪਸ਼ਨ ਸਮੇਂ ਕੁਝ ਖ਼ਾਲਿਸਤਾਨ-ਸਮਰਥਕਾਂ ਦੀ ਕੈਨੇਡੀਅਨ ਸਰਕਾਰੀ ਵਫ਼ਦ ਵਿਚ ਮੌਜੂਦਗੀ ਨੇ ਤਿੱਖਾ ਕੂਟਨੀਤਕ ਖਿਚਾਅ ਪੈਦਾ ਕਰ ਦਿੱਤਾ ਸੀ। ਲਿਹਾਜ਼ਾ, ਟਰੂਡੋ ਲਈ ਇਹ ਫੇਰੀ ਖ਼ੁਸ਼ਗਵਾਰ ਸਾਬਤ ਨਹੀਂ ਹੋਈ। ਇੱਥੇ ਜ਼ਿਕਰਯੋਗ ਹੈ ਕਿ ਜਸਟਿਨ ਟਰੂਡੋ ਦੇ ਪਿਤਾ ਪੀਅਰੀ ਟਰੂਡੋ ਵੀ ਕੈਨੇਡੀਅਨ ਪ੍ਰਧਾਨ ਮੰਤਰੀ ਰਹਿ ਚੁੱਕੇ ਸਨ।

1980ਵਿਆਂ ਵਿਚ ਉਨ੍ਹਾਂ ਦੇ ਕਾਰਜਕਾਲ ਦੌਰਾਨ ਜਿਥੇ ਖ਼ਾਲਿਸਤਾਨ-ਪੱਖੀਆਂ ਦੀ ਵੱਡੀ ਗਿਣਤੀ ਨੂੰ ਕੈਨੇਡਾ ਵਿਚ ਰਾਜਸੀ ਪਨਾਹ ਮਿਲੀ ਸੀ। ਪਰ ਜਸਟਿਨ ਟਰੂਡੋ ਦੀ ਅਹੁਦੇ ਤੋਂ ਰੁਖ਼ਸਤਗੀ ਭਾਵੇਂ ਦੁਵੱਲੇ ਸਬੰਧਾਂ ਵਿਚ ਫ਼ੌਰੀ ਤੌਰ 'ਤੇ ਸੁਧਾਰ ਤਾਂ ਨਹੀਂ ਲਿਆ ਸਕਦੀ, ਫਿਰ ਵੀ ਇਹ ਨਿਘਾਰ ਰੋਕਣ ਵਿਚ ਸਹਾਈ ਜ਼ਰੂਰ ਸਾਬਤ ਹੋ ਸਕਦੀ ਹੈ। ਇਸ ਪੱਖੋਂ ਇਹ ਇਕ ਚੰਗੀ ਪ੍ਰਗਤੀ ਹੈ।

ਵਾਸ਼ਿੰਗਟਨ ਡੀਸੀ ਦੇ ਵਿਲਸਨ ਸੈਂਟਰ ਥਿੰਕ ਟੈਂਕ ਵਿੱਚ ਸਾਊਥ ਏਸ਼ੀਆ ਇੰਸਟੀਚਿਊਟ ਦੇ ਡਾਇਰੈਕਟਰ ਮਾਈਕਲ ਕੁਗੇਲਮੈਨ ਨੇ ਐਕਸ ਉਪਰ ਲਿਖਿਆ, ÷ਟਰੂਡੋ ਦਾ ਅਸਤੀਫ਼ਾ ਭਾਰਤ-ਕੈਨੇਡਾ ਦੇ ਵਿਗੜਦੇ ਸਬੰਧਾਂ ਨੂੰ ਸਥਿਰ ਕਰਨ ਦਾ ਮੌਕਾ ਦੇ ਸਕਦਾ ਹੈ।ਉਨ੍ਹਾਂ ਕਿਹਾ, ÷ਜਦੋਂ ਨਵਾਂ ਪ੍ਰਸ਼ਾਸਨ ਆਵੇਗਾ, ਉਹ ਨਵੀਂ ਸ਼ੁਰੂਆਤ ਕਰੇਗਾ ਅਤੇ ਨਵੇਂ ਪ੍ਰਧਾਨ ਮੰਤਰੀ ਅਤੇ ਨਵੇਂ ਪ੍ਰਸ਼ਾਸਨ ਤੋਂ ਇੱਕ ਨਵੀਂ ਉਮੀਦ ਤਾਂ ਰਹਿੰਦੀ ਹੈ। ਪਰ ਇਹ ਜ਼ਰੂਰ ਹੈ ਕਿ ਲਿਬਰਲ ਪਾਰਟੀ ਦੀਆਂ ਵੀ ਆਪਣੀਆਂ ਚੁਣੌਤੀਆਂ ਹਨ।÷


ਭਾਰਤ ਦੇ ਸਾਬਕਾ ਵਿਦੇਸ਼ ਸਕੱਤਰ ਕੰਵਲ ਸਿੱਬਲ ਨੇ ਐਕਸ @ਤੇ ਲਿਖਿਆ, 'ਟਰੂਡੋ ਨੇ ਆਪਣੀਆਂ ਗੈਰ-ਜ਼ਿੰਮੇਦਾਰ ਨੀਤੀਆਂ ਨਾਲ ਭਾਰਤ-ਕੈਨੇਡਾ ਸਬੰਧਾਂ ਨੂੰ ਨੁਕਸਾਨ ਪਹੁੰਚਾਇਆ। ਪਰ ਕੈਨੇਡਾ ਵਿੱਚ ਸਿੱਖ ਕੱਟੜਵਾਦ ਦੀ ਸਮੱਸਿਆ ਖ਼ਤਮ ਨਹੀਂ ਹੋਵੇਗੀ, ਕਿਉਂਕਿ ਇਨ੍ਹਾਂ ਤੱਤਾਂ ਨੇ ਕੈਨੇਡਾ ਦੀ ਸਿਆਸਤ ਵਿੱਚ ਡੂੰਘੀ ਪਕੜ ਬਣਾ ਲਈ ਹੈ।'

## ਜਗਮੀਤ ਸਿੰਘ ਵੱਲੋਂ ਕੈਨੇਡੀਅਨਾਂ ਨੂੰ ਐਂਨ.ਡੀ.ਪੀ ਦਾ ਸਮਰਥਨ ਕਰਨ ਦੀ ਕੀਤੀ ਅਪੀਲ



ਓਟਾਵਾ - ਨਿਊ ਡੈਮੋਕ੍ਰੇਟਿਕ ਪਾਰਟੀ (ਐਂਨ.ਡੀ.ਪੀ.) ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਜਸਟਿਨ ਟਰੂਡੋ ਨੇ ਰਿਹਾਇਸ਼, ਕਰਿਆਨੇ ਅਤੇ ਸਿਹਤ ਸੰਭਾਲ ਵਰਗੇ ਮੁੱਦਿਆਂ 'ਤੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਇਸ ਲਈ ਉਨ੍ਹਾਂ ਨੇ ਟਰੂਡੋ ਦੀ ਆਲੋਚਨਾ ਵੀ ਕੀਤੀ। ਜਗਮੀਤ ਸਿੰਘ ਨੇ ਕਿਹਾ ਕਿ ਲਿਬਰਲਜ਼ ਇੱਕ ਹੋਰ ਮੌਕੇ ਦੇ ਹੱਕਦਾਰ ਨਹੀਂ ਹਨ। ਉਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ 'ਤੇ ਵੀ ਚੁਟਕੀ ਲਈ ਅਤੇ ਇਸ 'ਤੇ ਸੀਈਓਜ਼ ਨੂੰ ਪਹਿਲ ਦੇਣ ਦਾ ਇਲਜ਼ਾਮ ਲਗਾਇਆ। ਉਨ੍ਹਾਂ ਕੈਨੇਡਾ ਦੇ ਲੋਕਾਂ ਨੂੰ ਐਂਨ.ਡੀ.ਪੀ. ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਜੇਕਰ ਤੁਸੀਂ ਕਟੌਤੀਆਂ ਦਾ ਵਿਰੋਧ ਕਰਦੇ ਹੋ ਅਤੇ ਅਮੀਰਾਂ ਨੂੰ ਹੋਰ ਅਮੀਰ ਕਰਨ ਦਾ ਵਿਰੋਧ ਕਰਦੇ ਹੋ ਤਾਂ ਇਸ ਵਾਰ ਐਂਨ.ਡੀ.ਪੀ ਦਾ ਸਮਰਥਨ ਕਰੋ। ਤੁਹਾਡੇ ਕੋਲ ਅਜਿਹੀ ਸਰਕਾਰ ਹੋ ਸਕਦੀ ਹੈ ਜੋ ਤੁਹਾਡੇ ਲਈ ਤਬਦੀਲੀ ਲਿਆਉਣ ਲਈ ਕੰਮ ਕਰੇਗੀ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਭਾਰਤ ਵਿੱਚ ਚੀਨ ਵਾਲਾ ਨਵਾਂ ਵਾਇਰਸ ਐੱਚ.ਐੱਮ.ਪੀ.ਵੀ. ਦੇ ਕਈ ਕੇਸ ਆਏ ਸਾਹਮਣੇ, ਸਰਕਾਰ ਅਲਰਟ 'ਤੇ

ਨਵੀਂ ਦਿੱਲੀ/ਏ.ਟੀ.ਨਿਊਜ਼: ਚੀਨ ਵਿੱਚ ਫ਼ੈਲੇ ਐੱਚ.ਐੱਮ.ਪੀ.ਵੀ. ਵਾਇਰਸ ਦੇ ਮਾਮਲੇ ਹੁਣ ਭਾਰਤ ਵਿੱਚ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਅਹਿਮਦਾਬਾਦ ਦੇ ਔਰੇਂਜ ਹਸਪਤਾਲ ਵਿੱਚ 2 ਮਹੀਨੇ ਦੇ ਬੱਚੇ ਵਿੱਚ ਐੱਚ.ਐੱਮ.ਪੀ.ਵੀ. ਵਾਇਰਸ ਦੇ ਲੱਛਣ ਦੇਖੇ ਗਏ ਹਨ। ਅਹਿਮਦਾਬਾਦ ਸਿਵਲ ਹਸਪਤਾਲ ਦੀ ਟੀਮ ਟੈਸਟ ਕਰਨ ਜਾ ਰਹੀ ਹੈ। ਰਿਪੋਰਟਾਂ ਮੁਤਾਬਕ ਬੱਚੇ ਨੂੰ 15 ਦਿਨ ਪਹਿਲਾਂ ਸਿਹਤ ਵਿਗੜਨ ਤੋਂ ਬਾਅਦ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ। ਉਸ ਨੂੰ ਕੁਝ ਦਿਨਾਂ ਲਈ ਵੈਂਟੀਲੇਟਰ 'ਤੇ ਵੀ ਰੱਖਿਆ ਗਿਆ ਸੀ। ਹੁਣ ਜਾਂਚ ਤੋਂ ਬਾਅਦ ਕਿਹਾ ਜਾ ਰਿਹਾ ਹੈ ਕਿ ਐਚ.ਐਮ.ਪੀ.ਵੀ. ਵਾਇਰਸ ਦੀ ਲਾਗ ਪਾਈ ਗਈ ਹੈ।

**ਬੱਚੇ ਦੀ ਹਾਲਤ ਅਜੇ ਸਥਿਰ**

ਹਾਲਾਂਕਿ ਇਸ ਮੁੱਦੇ 'ਤੇ ਗੁਜਰਾਤ ਦੇ ਸਿਹਤ ਵਿਭਾਗ ਦਾ ਕਹਿਣਾ ਹੈ ਕਿ ਇਹ ਰਿਪੋਰਟ ਇੱਕ ਨਿੱਜੀ ਹਸਪਤਾਲ ਦੀ ਹੈ। ਸਾਡੀ ਲੈਬ ਵਿੱਚ ਇਸਦੀ ਜਾਂਚ ਨਹੀਂ ਕੀਤੀ ਗਈ ਹੈ। ਬੱਚੇ ਦੀ ਸਿਹਤ ਹੁਣ ਸਥਿਰ ਹੈ। ਗੁਜਰਾਤ ਦੇ ਸਿਹਤ ਵਿਭਾਗ ਨੇ ਐੱਚ.ਐੱਮ.ਪੀ.ਵੀ. ਵਾਇਰਸ ਨੂੰ ਲੈ ਕੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

ਹਾਲਾਂਕਿ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਵਾਇਰਸ ਕਾਫ਼ੀ ਪੁਰਾਣਾ ਹੈ ਅਤੇ ਇਹ ਕੋਰੋਨਾ ਜਿੰਨਾ ਖਤਰਨਾਕ ਨਹੀਂ ਹੈ। ਇਹ ਸਾਹ ਸਬੰਧੀ ਵਾਇਰਸ ਹੈ ਤੇ ਜ਼ੁਕਾਮ, ਖੰਘ ਅਤੇ ਬੁਖਾਰ ਇਸ ਦੇ ਆਮ ਲੱਛਣ ਹਨ।

**ਮਾਹਿਰਾਂ ਦੀ ਟੀਮ ਕਰੇਗੀ ਜਾਂਚ**

ਮੁੱਢਲੀ ਜਾਣਕਾਰੀ ਅਨੁਸਾਰ ਰਾਜਸਥਾਨ ਦਾ ਰਹਿਣ ਵਾਲਾ ਪਰਿਵਾਰ ਆਪਣੇ 2 ਮਹੀਨੇ ਦੇ ਬੱਚੇ ਨੂੰ ਲੈ ਕੇ ਅਹਿਮਦਾਬਾਦ ਦੇ ਇੱਕ ਨਿੱਜੀ ਹਸਪਤਾਲ ਵਿੱਚ ਆਇਆ ਹੋਇਆ ਸੀ। ਇਲਾਜ ਦੌਰਾਨ ਉਸ ਦੀ ਇੱਕ ਪ੍ਰਾਈਵੇਟ ਲੈਬ ਵਿੱਚ ਜਾਂਚ ਕੀਤੀ ਗਈ। ਹੁਣ ਇਸ ਦੀ ਰਿਪੋਰਟ ਪਾਜ਼ੇਟਿਵ ਆਈ ਹੈ।

ਐੱਚ.ਐੱਮ.ਪੀ.ਵੀ. (ਹਿਊਮਨ ਮੈਟਾਨਿਊਮੋਵਾਇਰਸ) ਦੇ ਬੰਗਲੂਰੂ 'ਚ




ਦੋ ਅਤੇ ਗੁਜਰਾਤ 'ਚ ਇੱਕ ਕੇਸ ਸਾਹਮਣੇ ਆਉਣ ਨਾਲ ਸਾਹ ਪ੍ਰਣਾਲੀ ਨਾਲ ਜੁੜੇ ਇਸ ਵਾਇਰਸ ਬਾਰੇ ਜਾਗਰੂਕਤਾ ਦਾ ਪੱਧਰ ਵਧਿਆ ਹੈ। ਪਹਿਲੀ ਵਾਰ ਇਸ ਵਾਇਰਸ ਦੀ ਸ਼ਨਾਖ਼ਤ 2001 ਵਿੱਚ ਕੀਤੀ ਗਈ ਸੀ। ਇਹ ਭਾਵੇਂ ਨਵਾਂ ਨਹੀਂ, ਫ਼ਿਰ ਵੀ ਇਹ ਹੋਣ 'ਤੇ ਸਿਹਤ ਨਾਲ ਸਬੰਧਿਤ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਖ਼ਾਸ ਤੌਰ 'ਤੇ ਬੱਚਿਆਂ, ਬਜ਼ੁਰਗਾਂ ਤੇ ਉਨ੍ਹਾਂ ਨੂੰ ਇਹ ਜ਼ਿਆਦਾ ਪ੍ਰੇਸ਼ਾਨ ਕਰ ਸਕਦਾ ਹੈ ਜਿਨ੍ਹਾਂ ਦੀ ਬਿਮਾਰੀਆਂ ਨਾਲ ਲੜਨ ਦੀ ਸਰੀਰਕ ਸਮਰੱਥਾ ਘਟੀ ਹੋਈ ਹੈ। ਭਾਰਤ 'ਚ ਮਿਲੇ ਸਾਰੇ ਕੇਸ ਬੱਚਿਆਂ ਦੇ ਹਨ, ਤੇ ਹਾਲੀਆ ਸਫ਼ਰ ਦਾ ਉਨ੍ਹਾਂ ਦਾ ਕੋਈ ਰਿਕਾਰਡ ਨਹੀਂ ਹੈ। ਇਹ ਦਰਸਾਉਂਦਾ ਹੈ ਕਿ ਵਾਇਰਸ ਇੱਥੇ ਪਹਿਲਾਂ ਤੋਂ ਹੀ ਮੌਜੂਦ ਹੈ। ਆਲਮੀ ਪੱਧਰ 'ਤੇ ਐੱਚ.ਐੱਮ.ਪੀ.ਵੀ. ਨੂੰ ਸਾਹ ਨਾਲ ਸਬੰਧਿਤ ਗੰਭੀਰ ਰੋਗਾਂ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ, ਵਿਸ਼ੇਸ਼ ਤੌਰ 'ਤੇ ਸਰਦੀਆਂ ਜਾਂ ਚੜ੍ਹਦੀ ਬਸੰਤ ਰੁੱਤ 'ਚ। ਇਸ ਦੇ ਲੱਛਣ ਆਮ ਤੌਰ 'ਤੇ ਸਰਦੀ-ਜ਼ੁਕਾਮ ਵਰਗੇ ਹੀ ਹੁੰਦੇ ਹਨ ਪਰ ਕੁਝ ਸਮੇਂ ਬਾਅਦ ਨਿਮੋਨੀਆ ਵੀ ਹੋ ਸਕਦਾ ਹੈ। ਫ਼ੈਲਾਅ ਦੇ ਬਾਵਜੂਦ ਅਜੇ ਤੱਕ ਇਸ ਵਾਇਰਸ ਦਾ ਕੋਈ ਟੀਕਾ ਜਾਂ ਐਂਟੀਵਾਇਰਲ ਇਲਾਜ ਉਪਲਬਧ ਨਹੀਂ ਜਿਸ ਕਾਰਨ ਹੋਰ ਦੇਖਭਾਲ ਤੇ ਰੋਕਥਾਮ ਦੀ ਪ੍ਰਕਿਰਿਆ ਅਪਣਾਉਣੀ ਜ਼ਰੂਰੀ ਹੋ ਜਾਂਦੀ ਹੈ।

ਭਾਰਤ ਨੇ ਮੈਡੀਕਲ ਖੋਜ ਕੌਂਸਲ (ਆਈ.ਸੀ.ਐੱਮ.ਆਰ.) ਰਾਹੀਂ ਚੌਕਸੀ ਅਤੇ ਨਿਗਰਾਨੀ ਵਧਾ ਦਿੱਤੀ ਹੈ। ਇਸ ਤੋਂ ਇਲਾਵਾ ਏਕੀਕ੍ਰਿਤ ਰੋਗ ਨਿਗਰਾਨੀ ਪ੍ਰੋਗਰਾਮ (ਆਈ.ਡੀ.ਐੱਸ.ਪੀ.) ਨੂੰ ਵੀ ਸਰਗਰਮ ਕਰ ਦਿੱਤਾ ਗਿਆ ਹੈ। ਲੈਬਾਰਟਰੀਆਂ ਹੁਣ ਐੱਚ.ਐੱਮ.ਪੀ.ਵੀ. ਟੈਸਟ ਕਰਨ ਲਈ ਚੰਗੀ ਤਰ੍ਹਾਂ ਲੈਸ ਹਨ। ਜਿਵੇਂ ਕੋਵਿਡ-19 ਮਹਾਮਾਰੀ ਦੌਰਾਨ ਦੇਖਿਆ ਗਿਆ ਸੀ, ਰੁਝਾਨਾਂ ਨੂੰ ਵਾਚਣ ਤੇ ਸਮੇਂ ਸਿਰ ਕਾਰਵਾਈ ਲਈ ਇਹ ਕਦਮ ਚੁੱਕਣੇ ਮਹੱਤਵਪੂਰਨ ਹੋ ਗਏ ਸਨ ਹਾਲਾਂਕਿ ਚੁਣੌਤੀਆਂ ਬਰਕਰਾਰ ਹਨ। ਘੱਟ ਖ਼ਰਚ ਤੇ ਸੌਖੇ ਹੋ ਸਕਣ ਵਾਲੇ ਟੈਸਟ ਅਜੇ ਵੀ ਉਪਲਬਧ ਨਹੀਂ ਹਨ ਜਿਸ ਕਾਰਨ ਕਮਜ਼ੋਰ ਤਬਕਿਆਂ 'ਚ ਰੋਗ ਦੀ ਜਲਦੀ ਸ਼ਨਾਖ਼ਤ ਕਰਨ ਵਿਚ ਰੁਕਾਵਟ ਪੈਦਾ ਹੁੰਦੀ ਹੈ।

ਭਾਰਤ ਨੇ ਐੱਚ.ਐੱਮ.ਪੀ.ਵੀ. ਲਾਗ ਬਾਰੇ ਸਾਵਧਾਨੀਪੂਰਬਕ ਪਹੁੰਚ ਅਪਣਾਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਸਬੰਧੀ ਬਿਨਾਂ ਕੋਈ ਸਹਿਮ ਪੈਦਾ ਕੀਤਿਆਂ ਇਸ ਦੀ ਰੋਕਥਾਮ ਕਿੰਝ ਕੀਤੀ ਜਾਵੇ। ਇਸ ਤੋਂ ਇਲਾਵਾ ਕੁਝ ਵਡੇਰੇ ਉਪਰਾਲਿਆਂ ਦੀ ਲੋੜ ਹੈ। ਇਨ੍ਹਾਂ ਵਿੱਚ ਸਿਹਤ ਸੰਭਾਲ ਦੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਅਤੇ ਰੈਪਿਡ ਡਾਇਗਨੌਸਟਿਕ ਪ੍ਰਵਾਨਗੀਆਂ ਲਈ ਰੈਗੂਲੇਟਰੀ ਚੌਖ਼ਟੇ ਦੀ ਸਥਾਪਨਾ ਜਿਹੇ ਕਾਰਜ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਸਾਫ਼ ਸਫ਼ਾਈ ਰੱਖ ਕੇ ਅਤੇ ਸਮੇਂ ਸਿਰ ਮੈਡੀਕਲ ਸਹਾਇਤਾ ਲੈ ਕੇ ਅਤੇ ਸੁਚੇਤ ਰਹਿ ਕੇ ਨਾਗਰਿਕ ਵੀ ਇਸ ਨੂੰ ਰੋਕਣ ਵਿੱਚ ਸਹਾਈ ਹੋ ਸਕਦੇ ਹਨ।

# ਦਿੱਲੀ ਵਿਧਾਨ ਸਭਾ ਚੋਣਾਂ 5 ਫ਼ਰਵਰੀ ਨੂੰ, ਵੋਟਾਂ ਦੀ ਗਿਣਤੀ 8 ਨੂੰ ਹੋਵੇਗੀ

ਨਵੀਂ ਦਿੱਲੀ/ਏ.ਟੀ.ਨਿਊਜ਼:ਚੋਣ ਕਮਿਸ਼ਨ ਨੇ ਕੌਮੀ ਰਾਜਧਾਨੀ ਦਿੱਲੀ 'ਚ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ 70 ਮੈਂਬਰੀ ਵਿਧਾਨ ਸਭਾ ਲਈ ਵੋਟਾਂ 5 ਫ਼ਰਵਰੀ ਨੂੰ ਪੈਣਗੀਆਂ ਅਤੇ ਨਤੀਜੇ 8 ਫ਼ਰਵਰੀ ਨੂੰ ਐਲਾਨੇ ਜਾਣਗੇ। ਦਿੱਲੀ 'ਚ 'ਆਪ', ਭਾਜਪਾ ਅਤੇ ਕਾਂਗਰਸ ਵਿਚਾਲੇ ਤਿਕੋਣਾ ਮੁਕਾਬਲਾ ਦੇਖਣ ਨੂੰ ਮਿਲੇਗਾ। ਸਾਲ 2020 ਦੀਆਂ ਚੋਣਾਂ 'ਚ 'ਆਪ' ਨੇ 62 ਅਤੇ ਭਾਜਪਾ ਨੇ 8 ਸੀਟਾਂ ਜਿੱਤੀਆਂ ਸਨ ਜਦਕਿ ਕਾਂਗਰਸ ਨੂੰ ਇਕ ਵੀ ਸੀਟ ਨਹੀਂ ਮਿਲੀ ਸੀ। ਇਸ ਦੇ ਨਾਲ ਦੋ ਵਿਧਾਨ ਸਭਾ ਹਲਕਿਆਂ ਤਾਮਿਲਨਾਡੂ ਦੇ ਇਰੋਡ ਅਤੇ ਉੱਤਰ ਪ੍ਰਦੇਸ਼ ਦੇ ਮਿਲਕੀਪੁਰ 'ਚ ਜ਼ਿਮਨੀ ਚੋਣਾਂ ਲਈ ਵੋਟਾਂ ਵੀ 5 ਫ਼ਰਵਰੀ ਨੂੰ ਹੀ ਪੈਣਗੀਆਂ। ਜੰਮੂ ਕਸ਼ਮੀਰ 'ਚ ਠੰਡ ਜ਼ਿਆਦਾ ਹੋਣ ਕਾਰਨ ਦੋ ਹਲਕਿਆਂ ਬਡਗਾਮ ਅਤੇ ਨਗਰੋਟਾ 'ਚ ਜ਼ਿਮਨੀ ਚੋਣਾਂ ਦਾ ਬਾਅਦ 'ਚ ਐਲਾਨ ਕੀਤਾ ਜਾਵੇਗਾ।

ਦਿੱਲੀ 'ਚ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਦੀ ਆਖਰੀ ਤਰੀਕ 17 ਜਨਵਰੀ ਹੈ। ਅਗਲੇ ਦਿਨ ਨਾਮਜ਼ਦਗੀਆਂ ਦੀ ਪੜਤਾਲ ਹੋਵੇਗੀ ਅਤੇ ਉਮੀਦਵਾਰ 20 ਜਨਵਰੀ ਤੱਕ



ਕਾਗਜ਼ ਵਾਪਸ ਲੈ ਸਕਦੇ ਹਨ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ, "ਦਿੱਲੀ 'ਚ ਇਕੋ ਗੇੜ 'ਚ ਵੋਟਾਂ ਪੈਣਗੀਆਂ। ਅਸੀਂ ਜਾਣਬੁੱਝ ਕੇ ਵੋਟਿੰਗ ਦਾ ਦਿਨ ਬੁੱਧਵਾਰ ਰੱਖਿਆ ਹੈ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕ ਵੋਟ ਪਾਉਣ ਲਈ ਘਰਾਂ ਤੋਂ ਬਾਹਰ ਨਿਕਲਣ। ਅਸੀਂ ਮਹਾਰਾਸ਼ਟਰ 'ਚ ਵੀ ਇੰਝ ਹੀ ਕੀਤਾ ਸੀ। ਪੂਰਾ ਚੋਣ ਅਮਲ 10 ਫ਼ਰਵਰੀ ਤੱਕ ਮੁਕੰਮਲ ਹੋ ਜਾਵੇਗਾ।" ਦਿੱਲੀ ਦੀਆਂ 70 ਸੀਟਾਂ 'ਚੋਂ 58 ਜਨਰਲ ਅਤੇ 12 ਰਾਖਵੀਆਂ ਹਨ। ਚੋਣ ਸੂਚੀ ਮੁਤਾਬਕ ਦਿੱਲੀ 'ਚ ਕੁੱਲ 1.55 ਕਰੋੜ ਵੋਟਰ ਹਨ ਜਿਨ੍ਹਾਂ 'ਚ 83.49 ਲੱਖ ਪੁਰਸ਼, 71.74 ਲੱਖ ਔਰਤਾਂ ਅਤੇ 1,261 ਟਰਾਂਸਜੈਂਡਰ ਸ਼ਾਮਲ ਹਨ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ 25.89 ਲੱਖ ਨੌਜਵਾਨ ਵੋਟਰ ਹਨ। ਇਸ ਤੋਂ ਇਲਾਵਾ 2.08 ਲੱਖ ਵੋਟਰ ਪਹਿਲੀ ਵਾਰ ਆਪਣੇ ਵੋਟਿੰਗ ਹੱਕ ਦੀ ਵਰਤੋਂ ਕਰਨਗੇ। ਦਿੱਲੀ 'ਚ 100 ਸਾਲ ਤੋਂ ਵਧ ਉਮਰ ਵਾਲੇ 830 ਵੋਟਰ ਵੀ ਹਨ। ਉਨ੍ਹਾਂ ਕਿਹਾ ਕਿ ਵੋਟਿੰਗ ਲਈ 13,000 ਤੋਂ ਵਧ ਪੋਲਿੰਗ ਸਟੇਸ਼ਨ ਬਣਾਏ ਜਾਣਗੇ। ਸ੍ਰੀ ਰਾਜੀਵ ਕੁਮਾਰ ਨੇ ਕਿਹਾ ਕਿ ਜੰਮੂ ਕਸ਼ਮੀਰ ਦੇ ਬਡਗਾਮ ਅਤੇ ਨਗਰੋਟਾ 'ਚ ਵੀ ਜ਼ਿਮਨੀ ਚੋਣਾਂ ਤੈਅ ਹਨ ਪਰ ਉਥੇ ਬਰਫ਼ਬਾਰੀ ਅਤੇ ਠੰਢ ਦੇ ਮੌਸਮ ਕਾਰਨ ਚੋਣਾਂ ਬਾਅਦ 'ਚ ਕਰਵਾਈਆਂ ਜਾਣਗੀਆਂ।

## ਈ.ਵੀ.ਐੱਮਜ਼ ਵਿੱਚ ਗੜਬੜੀਆਂ ਦੇ ਦੋਸ਼ ਚੋਣ ਕਮਿਸ਼ਨ ਨੇ ਨਕਾਰੇ

ਨਵੀਂ ਦਿੱਲੀ : ਕਾਂਗਰਸ ਦੀ ਅਗਵਾਈ ਹੇਠਲੇ 'ਇੰਡੀਆ' ਗੱਠਜੋੜ ਵੱਲੋਂ ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੌਰਾਨ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮਜ਼) 'ਚ ਗੜਬੜੀ, ਵੋਟਰ ਸੂਚੀਆਂ ਨਾਲ ਛੇੜਖਾਨੀ ਅਤੇ ਵੋਟ ਫ਼ੀਸਦ 'ਚ ਬੇਨਿਯਮੀਆਂ ਦੇ ਲਾਏ ਗਏ ਦੋਸ਼ਾਂ ਨੂੰ ਚੋਣ ਕਮਿਸ਼ਨ ਨੇ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਪੂਰੇ ਚੋਣ ਅਮਲ 'ਚ ਮੁਕੰਮਲ ਪਾਰਦਰਸ਼ਿਤਾ ਵਰਤੀ ਜਾਂਦੀ ਹੈ ਅਤੇ ਅਜਿਹੀ ਕਿਸੇ ਵੀ ਗੜਬੜੀ ਦੀ ਕੋਈ ਸੰਭਾਵਨਾ ਨਹੀਂ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਹਾਲੀਆ ਚੋਣ ਨੇਮਾਂ 'ਚ ਸੋਧ ਦਾ ਪੱਖ ਪੂਰਦਿਆਂ ਕਿਹਾ ਕਿ ਵੋਟਰਾਂ ਦੀ ਨਿੱਜਤਾ ਦੀ ਰਾਖੀ ਅਤੇ ਸੀ.ਸੀ.ਟੀ.ਵੀ. ਫ਼ੁਟੇਜ ਦੀ ਦੁਰਵਰਤੋਂ ਰੋਕਣ ਲਈ ਇਹ ਉਪਰਾਲਾ ਕੀਤਾ ਗਿਆ ਹੈ। ਚੋਣ ਵਿਹਾਰ ਨੇਮ, 1961 'ਚ ਸੋਧ ਬਾਰੇ ਪਹਿਲੀ



ਟਿੱਪਣੀ ਦਿੰਦਿਆਂ ਰਾਜੀਵ ਕੁਮਾਰ ਨੇ ਕਿਹਾ ਕਿ ਸਿਰਫ਼ ਪੋਲਿੰਗ ਬੂਥਾਂ ਦੇ ਅੰਦਰ ਅਤੇ ਬਾਹਰ ਦੀ ਸੀ.ਸੀ.ਟੀ.ਵੀ. ਫ਼ੁਟੇਜ ਸਾਂਝੀ ਕਰਨ 'ਤੇ ਰੋਕ ਲਾਈ ਗਈ ਹੈ। ਦਿੱਲੀ ਚੋਣਾਂ ਦੇ ਐਲਾਨ ਸਮੇਂ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਅਜਿਹੇ ਡੇਟਾ ਜਾਂ ਫ਼ੁਟੇਜ ਦੀ ਜਨਤਕ ਪੜਤਾਲ 'ਤੇ ਪਾਬੰਦੀ ਲਗਾਈ ਗਈ ਸੀ। ਉਨ੍ਹਾਂ ਕਿਹਾ ਕਿ ਚੋਣ ਵਿਹਾਰ ਨੇਮਾਂ ਦੀ ਧਾਰਾ 93 ਤਹਿਤ ਹੋਰ ਦਸਤਾਵੇਜ਼ ਘੋਖੇ ਜਾ ਸਕਣਗੇ।

# ਭਾਰਤੀ ਕੰਪਨੀਆਂ ਤੋਂ ਪਾਬੰਦੀ ਹਟਾਏਗਾ ਅਮਰੀਕਾ

ਨਵੀਂ ਦਿੱਲੀ/ਏ.ਟੀ.ਨਿਊਜ਼: ਅਮਰੀਕਾ ਵੱਲੋਂ ਪਰਮਾਣੂ ਊਰਜਾ 'ਚ ਕਾਰੋਬਾਰ ਕਰਨ ਵਾਲੀਆਂ ਕਈ ਭਾਰਤੀ ਕੰਪਨੀਆਂ ਤੋਂ ਛੇਤੀ ਪਾਬੰਦੀ ਹਟਾ ਲਈ ਜਾਵੇਗੀ। ਇਹ ਫ਼ੈਸਲਾ ਭਾਰਤ-ਅਮਰੀਕਾ ਸਿਵਲ ਪਰਮਾਣੂ ਸਬੰਧਾਂ 'ਚ ਅਹਿਮ ਸਾਬਤ ਹੋ ਸਕਦਾ ਹੈ। ਕੁਝ ਭਾਰਤੀ ਕੰਪਨੀਆਂ 'ਤੇ ਕਈ ਦਹਾਕਿਆਂ ਤੋਂ ਪਾਬੰਦੀ ਲੱਗੀ ਹੋਈ ਹੈ। ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ (ਐੱਨ.ਐੱਸ.ਏ.) ਜੈਕ ਸੁਲੀਵਨ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਸਿਵਲ ਪਰਮਾਣੂ ਖੇਤਰ 'ਚ ਸਹਿਯੋਗ ਦੀ ਇਜਾਜ਼ਤ ਦੇਣ ਲਈ 'ਪਾਬੰਦੀਸ਼ੁਦਾ ਸੂਚੀ' 'ਚ ਸ਼ਾਮਲ ਭਾਰਤੀ ਕੰਪਨੀਆਂ ਤੋਂ ਰੋਕ ਹਟਾਉਣ ਦੇ ਫ਼ੈਸਲੇ ਨੂੰ ਅੰਤਿਮ ਰੂਪ ਦੇ ਰਿਹਾ ਹੈ। ਭਾਰਤ ਅਤੇ ਅਮਰੀਕਾ ਨੇ ਮਾਰਚ 2006 'ਚ ਸਿਵਲ ਪਰਮਾਣੂ ਸਹਿਯੋਗ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ ਪਰ ਭਾਰਤੀ ਕੰਪਨੀਆਂ 'ਤੇ ਪਾਬੰਦੀਆਂ ਕਾਇਮ ਰਹੀਆਂ।

ਸੂਚੀ 'ਚ ਇੰਦਰਾ ਗਾਂਧੀ ਪਰਮਾਣੂ



ਖੋਜ ਕੇਂਦਰ ਅਤੇ ਭਾਬਾ ਪਰਮਾਣੂ ਖੋਜ ਕੇਂਦਰ ਵਰਗੀਆਂ ਕੰਪਨੀਆਂ ਸ਼ਾਮਲ ਹਨ। ਸੁਲੀਵਨ ਨੇ ਕਿਹਾ, "ਮੈਂ ਐਲਾਨ ਕਰ ਸਕਦਾ ਹਾਂ ਕਿ ਭਾਰਤੀ ਅਤੇ ਅਮਰੀਕੀ ਕੰਪਨੀਆਂ ਵਿਚਾਲੇ ਪਰਮਾਣੂ ਸਹਿਯੋਗ ਤੋਂ ਰੋਕਣ ਵਾਲੀਆਂ ਸ਼ਰਤਾਂ ਹਟਾਉਣ ਲਈ ਅਮਰੀਕਾ ਲੋੜੀਂਦੇ ਕਦਮ ਚੁੱਕ ਰਿਹਾ ਹੈ।" ਇੰਡੀਅਨ ਇੰਸਟੀਚਿਊਟ ਆਫ਼ ਤਕਨਾਲੋਜੀ, ਦਿੱਲੀ 'ਚ ਆਪਣੇ ਸੰਬੋਧਨ ਦੌਰਾਨ ਅਮਰੀਕੀ ਐੱਨ.ਐੱਸ.ਏ. ਨੇ ਕਿਹਾ ਕਿ ਇਹ ਬੀਤੇ ਦੇ ਟਕਰਾਅ ਤੋਂ ਪਾਸਾ ਵੱਟਣ ਦਾ ਮੌਕਾ (ਬਾਕੀ ਸਫ਼ਾ 31 'ਤੇ)

# ਕੇਂਦਰ ਨੇ 40 ਸਾਲਾਂ ਬਾਅਦ ਚੰਡੀਗੜ੍ਹ 'ਚ ਵੱਡੀਆਂ ਪ੍ਰਸ਼ਾਸਨਿਕ ਤਬਦੀਲੀਆਂ ਕੀਤੀਆਂ

## ਚੰਡੀਗੜ੍ਹ ਵਿੱਚ ਸਲਾਹਕਾਰ ਦੀ ਥਾਂ ਹੋਵੇਗਾ ਮੁੱਖ ਸਕੱਤਰ

ਚੰਡੀਗੜ੍ਹ/ਏ.ਟੀ.ਨਿਊਜ਼ : ਕੇਂਦਰ ਸਰਕਾਰ ਨੇ 40 ਸਾਲਾਂ ਬਾਅਦ ਚੰਡੀਗੜ੍ਹ ਵਿੱਚ ਵੱਡੀਆਂ ਪ੍ਰਸ਼ਾਸਨਿਕ ਤਬਦੀਲੀਆਂ ਕੀਤੀਆਂ ਹਨ। ਹੁਣ ਪ੍ਰਸ਼ਾਸਨ ਦੇ ਸਲਾਹਕਾਰ ਦਾ ਅਹੁਦਾ ਖ਼ਤਮ ਕਰ ਦਿੱਤਾ ਗਿਆ ਹੈ। ਨਾਲ ਹੀ ਮੁੱਖ ਸਕੱਤਰ ਦਾ ਅਹੁਦਾ ਵੀ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਚੰਡੀਗੜ੍ਹ ਵਿੱਚ ਦੋ ਆਈ.ਏ.ਐਸ. ਅਧਿਕਾਰੀਆਂ ਦੀਆਂ ਅਸਾਮੀਆਂ ਵਿੱਚ ਵਾਧਾ ਕੀਤਾ ਗਿਆ ਹੈ। ਹੁਣ ਅਧਿਕਾਰੀਆਂ ਦੀ ਗਿਣਤੀ 11 ਹੋ ਗਈ ਹੈ। ਹਾਲਾਂਕਿ ਰਾਜੀਵ ਵਰਮਾ ਚੰਡੀਗੜ੍ਹ ਵਿੱਚ ਇਸ ਅਹੁਦੇ ਲਈ ਕਾਬਲ ਹਨ।

**ਇਹ ਪੋਸਟ 1984 ਵਿੱਚ ਬਣਾਈ ਗਈ ਸੀ**

ਚੰਡੀਗੜ੍ਹ ਬਣਨ ਤੋਂ ਬਾਅਦ ਪਹਿਲਾਂ ਇੱਥੇ ਚੀਫ਼ ਕਮਿਸ਼ਨਰ ਦਾ ਅਹੁਦਾ ਹੁੰਦਾ ਸੀ। ਪਰ 3 ਜੂਨ 1984 ਨੂੰ ਇਸ ਵਿੱਚ ਬਦਲਾਅ ਆਇਆ। ਨਾਲ ਹੀ, ਚੀਫ਼ ਕਮਿਸ਼ਨਰ ਦਾ ਅਹੁਦਾ ਖ਼ਤਮ ਕਰ ਦਿੱਤਾ ਗਿਆ ਸੀ ਅਤੇ ਪ੍ਰਸ਼ਾਸਨ ਦੇ ਸਲਾਹਕਾਰ ਦਾ ਅਹੁਦਾ ਬਣਾਇਆ ਗਿਆ ਸੀ। ਜਦੋਂ ਕਿ ਹੁਣ ਇਸ ਅਹੁਦੇ ਨੂੰ ਖਤਮ ਕਰਕੇ ਮੁੱਖ ਸਕੱਤਰ ਬਣਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਜੇਕਰ ਮਾਹਿਰਾਂ ਦੀ ਮੰਨੀਏ ਤਾਂ ਇਹ ਬਦਲਾਅ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਢਾਂਚੇ ਨੂੰ ਹੋਰ ਮਜ਼ਬੂਤ ਕਰੇਗਾ। ਜੋ ਵੀ ਅਧਿਕਾਰੀ ਚੰਡੀਗੜ੍ਹ ਵਿੱਚ ਸਲਾਹਕਾਰ ਦੇ ਅਹੁਦੇ 'ਤੇ ਆਉਂਦਾ ਹੈ। ਉਹ ਸਿਰਫ਼ ਮੁੱਖ ਸਕੱਤਰ ਦਾ ਅਹੁਦਾ ਸੰਭਾਲਦਾ ਹੈ। ਪਰ ਇੱਥੇ ਉਨ੍ਹਾਂ ਨੂੰ ਸਲਾਹਕਾਰ ਕਿਹਾ ਜਾਂਦਾ ਹੈ। ਇਸ ਲਈ ਲੰਬੇ ਸਮੇਂ ਤੋਂ ਇਸ ਅਹੁਦੇ ਦੀ ਮੰਗ ਕੀਤੀ ਜਾ ਰਹੀ ਸੀ।



**ਸਿਰਫ਼ ਪ੍ਰਸ਼ਾਸਕ ਨੂੰ ਰਿਪੋਰਟ ਕਰੇਗਾ**

ਚੰਡੀਗੜ੍ਹ ਵਿੱਚ ਮੁੱਖ ਸਕੱਤਰ ਦੀ ਨਿਯੁਕਤੀ ਤੋਂ ਬਾਅਦ ਕੋਈ ਵੱਡਾ ਫ਼ੇਰਬਦਲ ਨਹੀਂ ਹੋਵੇਗਾ। ਜੇਕਰ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੰਨੀਏ ਤਾਂ ਇਹ ਦੂਜੇ ਰਾਜਾਂ ਵਿੱਚ ਚੱਲ ਰਹੇ ਮੁੱਖ ਸਕੱਤਰ ਦੇ ਅਹੁਦੇ ਵਰਗਾ ਹੋਵੇਗਾ। ਸੀਨੀਅਰ ਆਈ.ਏ.ਐਸ. ਨੂੰ ਚੰਡੀਗੜ੍ਹ ਵਿੱਚ ਸਲਾਹਕਾਰ ਦੇ ਅਹੁਦੇ ਲਈ ਨਿਯੁਕਤ ਕੀਤਾ ਗਿਆ ਹੈ। ਇਸ ਨੂੰ ਮੁੱਖ ਸਕੱਤਰ ਦੇ ਅਹੁਦੇ ਦੇ ਬਰਾਬਰ ਮੰਨਿਆ ਜਾਂਦਾ ਹੈ। ਜਦੋਂ ਕਿ ਦੂਜੇ ਰਾਜਾਂ ਵਿੱਚ ਮੁੱਖ ਸਕੱਤਰ ਮੁੱਖ ਮੰਤਰੀ ਨੂੰ ਰਿਪੋਰਟ ਕਰਦੇ ਹਨ।

ਇਸੇ ਤਰ੍ਹਾਂ ਮੁੱਖ ਸਕੱਤਰ ਸਿੱਧੇ ਪ੍ਰਸ਼ਾਸਕ ਦੇ ਅਧੀਨ ਹੋਵੇਗਾ ਅਤੇ ਉਸ ਨੂੰ ਹੀ ਰਿਪੋਰਟ ਕਰੇਗਾ। ਹਾਲਾਂਕਿ ਇਸ ਫ਼ੈਸਲੇ ਨਾਲ ਯੂ.ਟੀ. ਕੇਡਰ ਦਾ ਦਬਦਬਾ ਵਧਣਾ ਯਕੀਨੀ ਹੈ ਕਿਉਂਕਿ ਹੁਣ ਪੋਸਟਾਂ ਦੀ ਗਿਣਤੀ 11 ਹੋ ਗਈ ਹੈ।

ਦਰਪਣ ਝੂਠ ਨਹੀਂ ਬੋਲਦਾ

# ਕੀ ਸਿੱਖ ਅਜਾਇਬ ਘਰ 'ਚ ਡਾ. ਮਨਮੋਹਨ ਸਿੰਘ ਦੀ ਤਸਵੀਰ ਲਗਾਉਣੀ ਚਾਹੀਦੀ ਹੈ ?

## ਯਾਦਗਾਰ ਸਥਾਪਤ ਕਰਨ ਬਾਰੇ ਵਿਚਾਰ ਕਰਨ ਲਈ ਜਲਦੀ ਹੋਵੇਗੀ ਸ਼੍ਰੋਮਣੀ ਕਮੇਟੀ ਦੀ ਬੈਠਕ

## ਕੁਝ ਸਿੱਖ ਬੁੱਧੀਜੀਵੀ ਯਾਦਗਾਰ ਤੇ ਅਜਾਇਬ ਘਰ 'ਚ ਫ਼ੋਟੋ ਲਗਾਉਣ ਦੇ ਵਿਰੋਧ ਵਿੱਚ

ਕੀ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਡਾ. ਮਨਮੋਹਨ ਸਿੰਘ ਦੀ ਤਸਵੀਰ ਸ਼੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲੱਗ ਸਕਦੀ ਹੈ ? ਇਸ ਬਾਰੇ ਸਿੱਖ ਸੰਗਤ ਵਿੱਚ ਵੱਡੇ ਸੁਆਲ ਖੜੇ ਹੋ ਗਏ ਹਨ। ਸਿੱਖ ਅਜਾਇਬ ਘਰ ਵਿੱਚ ਤਸਵੀਰ ਲਗਾਉਣ ਤੇ ਯਾਦਗਾਰ ਸਥਾਪਤ ਕਰਨ 'ਤੇ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਦੀ ਬੈਠਕ ਮਾਘੀ ਮੇਲੇ ਦੇ ਬਾਅਦ 15 ਜਨਵਰੀ ਨੂੰ ਹੋ ਸਕਦੀ ਹੈ। ਇਹ ਸੰਕੇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦਿੱਤੇ ਹਨ। ਉਨ੍ਹਾਂ ਕਿਹਾ ਹੈ ਕਿ ਇਸ ਸਬੰਧ ਵਿੱਚ ਕੋਈ ਵੀ ਫ਼ੈਸਲਾ ਕਾਰਜਕਾਰਨੀ ਬੈਠਕ ਵਿੱਚ ਹੀ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਐੱਸ.ਜੀ.ਸੀ.ਪੀ. ਕਾਰਜਕਾਰਨੀ ਦੀ ਬੈਠਕ ਵਿੱਚ ਇਸ ਬਾਰੇ ਵਿਚਾਰ ਕੀਤਾ ਜਾਵੇਗਾ। ਸ਼੍ਰੀ ਦਰਬਾਰ ਸਾਹਿਬ ਵਿੱਚ ਉਨ੍ਹਾਂ ਦੀ ਯਾਦ ਵਿੱਚ ਸ਼੍ਰੀ ਅਖੰਡ ਪਾਠ ਮਰਹੂਮ ਡਾ. ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ ਦੀ ਸਹਿਮਤੀ ਬਾਅਦ ਹੀ ਰੱਖਿਆ ਜਾ ਸਕੇਗਾ।

ਜ਼ਿਕਰਯੋਗ ਹੈ ਕਿ ਡਾ. ਮਨਮੋਹਨ ਸਿੰਘ ਦੀ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ਼ ਸਾਹਿਬ ਵਿੱਚ ਤਿੰਨ ਜਨਵਰੀ ਨੂੰ ਅੰਤਮ ਅਰਦਾਸ ਸਮਾਗਮ ਵਿੱਚ ਅਕਾਲੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਡਾ.ਮਨਮੋਹਨ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸਥਾਪਤ ਕਰਨ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ ਐੱਸ.ਜੀ.ਪੀ.ਸੀ. ਪ੍ਰਧਾਨ ਧਾਮੀ ਨੂੰ ਵੀ ਇਸ ਬਾਰੇ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਇਸ ਦੀ ਸੰਭਾਵਨਾ 'ਤੇ ਵਿਚਾਰ ਕਰਨ ਲਈ ਵੀ ਧਾਮੀ ਨੂੰ ਅਪੀਲ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਐਕਸ 'ਤੇ ਜਾਰੀ ਸੰਦੇਸ਼ ਵਿੱਚ ਇਸ ਦਾ ਜ਼ਿਕਰ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਵੀ ਐਕਸ 'ਤੇ ਜਾਰੀ ਇੱਕ ਸੰਦੇਸ਼ ਵਿੱਚ ਇਸਦਾ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਿਅਦ ਡਾ. ਮਨਮੋਹਨ ਸਿੰਘ ਦੀ ਯਾਦ ਵਿੱਚ ਸ਼੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਅਖੰਡ ਪਾਠ ਰੱਖਦਿਆਂ ਧਾਰਮਿਕ ਸਮਾਰੋਹ ਕਰਵਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਵੇਗਾ। ਫ਼ਿਲਹਾਲ ਸਿੱਖ ਕੌਮ ਦੀ ਨਜ਼ਰ



ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਬੈਠਕ ਦੀ ਤਰੀਕ ਦੇ ਐਲਾਨ 'ਤੇ ਟਿਕੀ ਹੈ ਕਿਉਂਕਿ ਕਾਰਜਕਾਰਨੀ ਦੀ ਮਨਜ਼ੂਰੀ ਬਾਅਦ ਹੀ ਅਜਿਹੇ ਫ਼ੈਸਲੇ ਨੂੰ ਅਮਲੀਜਾਮਾ ਪਹਿਨਾਇਆ ਜਾਵੇਗਾ।

ਬੀਬੀ ਕਿਰਨਜੋਤ ਕੌਰ ਨੇ ਇਸ ਫ਼ੈਸਲੇ ਦਾ ਵਿਰੋਧ ਕਰਦਿਆਂ ਸੁਝਾਅ ਦਿੱਤਾ ਕਿ ਡਾ: ਮਨਮੋਹਨ ਸਿੰਘ ਕੇਵਲ ਸਿੱਖਾਂ ਲਈ ਹੀ ਨਹੀਂ, ਸਗੋਂ ਹਰ ਕਿਸੇ ਲਈ ਪ੍ਰੇਰਨਾਦਾਇਕ ਸ਼ਖਸੀਅਤ ਹਨ, ਕਿਉਂਕਿ ਉਨ੍ਹਾਂ ਵਿੱਚ ਸਖ਼ਤ ਮਿਹਨਤ, ਨਿਮਰਤਾ, ਇਮਾਨਦਾਰੀ, ਬਿਨਾਂ ਕਿਸੇ ਦੀ ਬਦਨਾਮੀ ਦੇ ਅਰਥਪੂਰਨ ਬੋਲਣ, ਭਲਾਈ ਲਈ ਇੱਕ ਸਤੁੰਲਿਤ ਰਵੱਈਆ ਰਖਿਆ, ਜੋ ਹਰ ਧਰਮ ਸਿਖਾਉਂਦਾ ਹੈ। ਉਹ ਆਪਣੇ ਗੁਣਾਂ ਸਦਕਾ ਉੱਚ ਅਹੁਦੇ 'ਤੇ ਪਹੁੰਚੇ। ਹਾਲਾਂਕਿ, ਉਹ 'ਪੰਥ ਰਤਨ' ਦੇ ਉਮੀਦਵਾਰ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਨੇ ਪੰਥ ਲਈ ਖਾਸ ਤੌਰ 'ਤੇ ਕੁਝ ਨਹੀਂ ਕੀਤਾ। ਪੰਥਕ ਰਵਾਇਤਾਂ ਦੀ ਘੱਟ ਜਾਂ ਘੱਟ ਜਾਣਕਾਰੀ ਰੱਖਣ ਵਾਲੇ ਕਾਂਗਰਸੀਆਂ ਨੂੰ ਅਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਸਿੱਖਾਂ ਅੰਦਰ ਡਾ. ਸਾਹਿਬ ਦੀ ਯਾਦ ਵਿੱਚ ਕੋਈ ਵਿਵਾਦ ਨਾ ਪੈਦਾ ਹੋਵੇ।

ਸਿੱਖ ਚਿੰਤਕ ਸਰਦਾਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਉਹ ਇਮਾਨਦਾਰ ਪ੍ਰਧਾਨ ਮੰਤਰੀ ਸਨ ਪਰ ਪੰਥਕ ਖੇਤਰ ਵਿੱਚ ਉਨ੍ਹਾਂ ਦੀ ਕੋਈ ਦੇਣ ਨਹੀਂ। ਇਸ ਲਈ ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰ ਤੇ ਸਿੱਖ ਅਜਾਇਬ ਘਰ ਵਿੱਚ ਫ਼ੋਟੋ ਨਹੀਂ ਲਗਣੀ ਚਾਹੀਦੀ ਹੈ।

ਯਾਦ ਰਹੇ ਕਿ ਬੀਤੇ ਦਿਨੀਂ ਪੰਜਾਬ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਰਤਨ ਦੀ ਉਪਾਧੀ ਨਾਲ ਨਿਵਾਜਿਆ ਜਾਵੇ।

ਇਸ ਸਬੰਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੱਤਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਭੇਜਿਆ ਗਿਆ ਸੀ।


ਪੰਥਕ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਸਿੱਖ ਧਰਮ ਵਿੱਚ ਸਮਾਰਕਾਂ ਦੀ ਇਜਾਜ਼ਤ ਨਹੀਂ ਹੈ। ਪੰਜਾਬ ਤੋਂ ਕਈ ਵੱਡੇ ਸਿੱਖ ਆਗੂ ਪੈਦਾ ਹੋਏ। ਗਿਆਨੀ ਜ਼ੈਲ ਸਿੰਘ ਤੋਂ ਇਲਾਵਾ ਕਿਸੇ ਵੀ ਆਗੂ ਦੇ ਨਾਂ 'ਤੇ ਕੋਈ ਯਾਦਗਾਰ ਨਹੀਂ ਹੈ। ਮਾਸਟਰ ਤਾਰਾ ਸਿੰਘ, ਬਲਦੇਵ ਸਿੰਘ ਜਾਂ ਕੌਮ ਦੇ ਕਿਸੇ ਮਹਾਨ ਮੁੱਖ ਮੰਤਰੀ ਦੇ ਨਾਂ 'ਤੇ ਕੋਈ ਸਮਾਰਕ ਨਹੀਂ ਹੈ। ਫ਼ਿਰ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਨਵਾਂ ਵਿਵਾਦ ਕਿਉਂ ਖੜ੍ਹਾ ਕਰਨਾ ਚਾਹੁੰਦੇ ਹਨ ?

ਸ਼੍ਰੋਮਣੀ ਕਮੇਟੀ ਨੂੰ ਬਾਦਲਕਿਆਂ ਦੇ ਚੱਕਰਵਿਊ ਵਿਚੋਂ ਨਿਕਲਕੇ ਪੰਥਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਕੀ ਡਾਕਟਰ ਮਨਮੋਹਨ ਸਿੰਘ ਨੇ ਕਦੇ ਇਹ ਬਿਆਨ ਦਿੱਤਾ ਕਿ ਸਿੱਖ ਕਤਲੇਆਮ ਨਵੰਬਰ 84 ਦੰਗੇ ਨਹੀਂ, ਸਿੱਖ ਨਸਲਕੁਸ਼ੀ ਸੀ ਜਦ ਕਿ ਅਕਾਲ ਤਖ਼ਤ ਸਾਹਿਬ ਤੇ ਸਮੁੱਚਾ ਖ਼ਾਲਸਾ ਪੰਥ ਇਸਨੂੰ ਨਸਲਕੁਸ਼ੀ ਮੰਨਦਾ ਹੈ।

ਸ਼੍ਰੋਮਣੀ ਕਮੇਟੀ ਸੋਚੇ ਕਿ ਉਹ ਇਹ ਫ਼ੋਟੋ ਸਿੱਖ ਅਜਾਇਬ ਘਰ ਵਿੱਚ ਲਗਾ ਕੇ ਗਲਤੀ ਤਾਂ ਨਹੀਂ ਕਰ ਰਹੀ। ਹਾਂ, ਭਾਰਤ ਸਰਕਾਰ ਉਸ ਲਈ ਸਮਾਰਕ ਬਣਾ ਲਵੇ ਤੇ ਭਾਰਤ ਰਤਨ ਅਵਾਰਡ ਦੇ ਲਵੇ। ਇਸ ਗੱਲ ਦਾ ਕਿਸੇ ਨੂੰ ਇਤਰਾਜ਼ ਨਹੀਂ। ਸਿੱਖ ਪੰਥ ਦੀਆਂ ਆਪਣੀਆਂ ਪਰੰਪਰਾਵਾਂ ਹਨ, ਇਸ ਨੂੰ ਬਹਾਲ ਰੱਖਣਾ ਚਾਹੀਦਾ ਹੈ।

# ਨਿਆਂਪਾਲਿਕਾ ਦੇ ਨਿਘਾਰ ਲਈ ਮੋਦੀ ਸਰਕਾਰ ਜ਼ਿੰਮੇਵਾਰ

## ਸੁਪਰੀਮ ਕੋਰਟ ਦੇ ਉੱਘੇ ਵਕੀਲ ਕੌਲਿਨ ਗੌਨਸਾਲਵੇਜ਼ ਨੇ ਲੋਕਾਂ ਨੂੰ ਪੈਗ਼ਾਮ ਦਿੱਤਾ



ਸੁਪਰੀਮ ਕੋਰਟ ਦੇ ਉੱਘੇ ਵਕੀਲ ਕੌਲਿਨ ਗੌਨਸਾਲਵੇਜ਼ ਨੇ ਬੀਤੇ ਦਿਨ 'ਫ਼ਾਸ਼ੀਵਾਦ ਦਾ ਉਭਾਰ ਅਤੇ ਕਾਨੂੰਨ ਤੇ ਨਿਆਂਪਾਲਿਕਾ ਦਾ ਸਵਾਲ' ਵਿਸ਼ੇ 'ਤੇ ਲੰਮਾ ਲੈਕਚਰ ਦਿੰਦਿਆਂ ਅੱਖਾਂ ਖੋਲ੍ਹਣ ਵਾਲੀਆਂ ਗੱਲਾਂ ਕਹੀਆਂ। ਉਨ੍ਹਾਂ ਮੁਤਾਬਕ ਐਮਰਜੈਂਸੀ ਦੌਰਾਨ ਕੁਝ ਕੁ ਨੂੰ ਛੱਡ ਕੇ ਬਾਕੀ ਜੱਜਾਂ ਨੇ ਸੱਤਾ ਅੱਗੇ ਸਮਰਪਣ ਕਰ ਦਿੱਤਾ ਸੀ, ਪਰ ਪਿਛਲੇ 10 ਸਾਲਾਂ ਵਿੱਚ ਜੋ ਹੋਇਆ, ਉਸ ਤਰ੍ਹਾਂ ਪਹਿਲਾਂ ਕਦੇ ਨਹੀਂ ਹੋਇਆ। ਮੋਦੀ ਸਰਕਾਰ ਨੇ ਤਾਂ ਨਿਆਂਪਾਲਿਕਾ ਨੂੰ ਇੱਕ ਤਰ੍ਹਾਂ ਨਾਲ ਖਤਮ ਹੀ ਕਰ ਦਿੱਤਾ ਹੈ। ਜਸਟਿਸ ਹੋਸਬੇਟ ਸੁਰੇਸ਼, ਜਸਟਿਸ ਦਾਊਦ ਤੇ ਜਸਟਿਸ ਮੁਰਲੀਧਰ ਨੇ ਸਟੈਂਡ ਲਿਆ ਤਾਂ ਉਨ੍ਹਾਂ ਨੂੰ ਤੁਰੰਤ 'ਸਜ਼ਾ' ਮਿਲੀ। ਨਿਆਂਪਾਲਿਕਾ ਵਿੱਚ ਸੰਘੀ ਘੁਸਪੈਠ ਦੀ ਚਰਚਾ ਕਰਦਿਆਂ ਕੌਲਿਨ ਨੇ ਹਾਲ ਹੀ ਵਿੱਚ ਗੁਜਰਾਤ ਹਾਈ ਕੋਰਟ ਦੇ ਇੱਕ ਜੱਜ ਵੱਲੋਂ ਇੱਕ ਪ੍ਰੋਗਰਾਮ ਵਿੱਚ ਕੀਤੇ ਗਏ ਭਾਸ਼ਣ ਦਾ ਜ਼ਿਕਰ ਕੀਤਾ, ਜਿਸ ਵਿੱਚ ਜੱਜ ਨੇ ਕਿਹਾ ਕਿ ਸਾਨੂੰ ਸਮਾਜ ਵਿੱਚ ਨੈਤਿਕਤਾ ਤੇ ਵਿਵਸਥਾ ਬਣਾਏ ਰੱਖਣ ਲਈ 'ਸਿਵਲੀਅਨ ਪੁਸ਼ਾਕ ਵਿੱਚ ਰਹਿਣ ਵਾਲੇ ਮਿਲਟਰੀ ਤੱਤਾਂ' ਦੀ ਲੋੜ ਹੈ। ਉਸ ਦਾ ਸਿੱਧਾ ਇਸ਼ਾਰਾ ਰਾਸ਼ਟਰੀ ਸਵੈਮਸੇਵਕ ਸੰਘ (ਆਰ ਐੱਸ ਐੱਸ) ਕੇਡਰ ਵੱਲ ਸੀ।

ਅਲਾਹਾਬਾਦ ਹਾਈ ਕੋਰਟ ਦੇ ਜੱਜ ਸ਼ੇਖਰ ਯਾਦਵ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰੋਗਰਾਮ ਵਿੱਚ ਘੋਰ ਫ਼ਿਰਕੂ ਬਿਆਨ ਦਿੱਤਾ। ਸੁਪਰੀਮ ਕੋਰਟ ਦੇ ਕਾਲੇਜਿਅਮ ਨੇ ਉਸ ਨੂੰ ਦਿੱਲੀ ਸੱਦ ਕੇ ਗੱਲਬਾਤ ਕੀਤੀ, ਪਰ ਕੋਈ ਕਾਰਵਾਈ ਨਹੀਂ ਕੀਤੀ, ਜਦਕਿ ਨਫ਼ਰਤੀ ਤਕਰੀਰ ਲਈ ਉਸ ਖਿਲਾਫ਼ ਤੁਰੰਤ ਐੱਫ਼ ਆਈ ਆਰ ਦਰਜ ਹੋਣੀ ਚਾਹੀਦੀ ਸੀ। ਘੋਰ ਫ਼ਿਰਕੂ ਗੱਲਾਂ ਕਰਨ ਵਾਲੀ ਇੱਕ ਮਹਿਲਾ ਨੂੰ ਮਦਰਾਸ ਹਾਈ ਕੋਰਟ ਦੀ ਜੱਜ ਲਾਉਣ ਦੀ ਸਿਫ਼ਾਰਸ਼ ਵੇਲੇ ਦੇ ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਦੀ ਪ੍ਰਧਾਨਗੀ ਵਾਲੇ ਕਾਲੇਜਿਅਮ ਨੇ ਕੀਤੀ। ਪੂੰਜੀਵਾਦੀ ਵਿਵਸਥਾ ਵਿੱਚ ਨਿਆਂਪਾਲਿਕਾ ਲੋਕਾਂ ਲਈ ਆਖਰੀ ਰੱਖਿਆ ਪੰਕਤੀ ਬਰਾਬਰ ਮੰਨੀ ਜਾਂਦੀ ਸੀ, ਪਰ ਪਿਛਲੇ 10 ਸਾਲਾਂ ਦੌਰਾਨ ਨਿਆਂਪਾਲਿਕਾ ਦੀ ਨਿਸ਼ਠਾ ਤੇ ਅਖੰਡਤਾ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਈ ਹੈ। ਸਾਈਬਾਬਾ ਤੇ ਫ਼ਾਦਰ ਸਟੈਨ ਸਵਾਮੀ ਦੇ ਮਾਮਲੇ 'ਚ ਨਿਆਂਪਾਲਿਕਾ ਦਾ ਅਨਿਆਂ ਭਰਪੂਰ ਚਿਹਰਾ ਸਾਹਮਣੇ ਆਇਆ।

# ਕੈਨੇਡਾ ਵਿੱਚ ਸਿੱਖਾਂ ਦੀ ਵਧ ਰਹੀ ਆਬਾਦੀ ਤੋਂ ਮੋਦੀ ਸਰਕਾਰ ਪ੍ਰੇਸ਼ਾਨ ਕਿਉਂ ?

## ਕੈਨੇਡੀਅਨ ਸਿਆਸਤ ਵਿੱਚ ਸਿੱਖਾਂ ਦੀ ਦਖ਼ਲਅੰਦਾਜ਼ੀ ਵਧੀ

ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਵਿਗੜ ਗਏ ਹਨ। ਜਲੰਧਰ ਨਿਵਾਸੀ ਹਰਦੀਪ ਸਿੰਘ ਨਿੱਝਰ ਨੂੰ 18 ਜੂਨ 2023 ਨੂੰ ਕੈਨੇਡਾ ਦੇ ਇੱਕ ਗੁਰਦੁਆਰੇ ਦੀ ਪਾਰਕਿੰਗ ਵਿੱਚ ਹਮਲਾਵਰਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਭਾਈ ਨਿੱਝਰ ਕੈਨੇਡਾ ਦੇ ਵੈਨਕੂਵਰ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪ੍ਰਧਾਨ ਵੀ ਸਨ। ਭਾਰਤ ਸਰਕਾਰ ਅਨੁਸਾਰ ਭਾਈ ਨਿੱਝਰ ਖ਼ਾਲਿਸਤਾਨ ਟਾਈਗਰ ਫ਼ੋਰਸ ਦਾ ਮੁਖੀ ਸੀ ਅਤੇ ਖ਼ਾਲਿਸਤਾਨ ਟਾਈਗਰ ਫ਼ੋਰਸ ਦੇ ਮੈਂਬਰਾਂ ਨੂੰ ਆਪਰੇਸ਼ਨ, ਨੈੱਟਵਰਕਿੰਗ, ਸਿਖਲਾਈ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਸੀ। ਇਸ ਕਤਲ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਉਪਰ ਦੋਸ਼ ਲਗਣ ਬਾਅਦ ਭਾਰਤ ਨੇ ਕੈਨੇਡਾ ਤੋਂ ਭਾਰਤੀ ਹਾਈ ਕਮਿਸ਼ਨਰ ਸੰਜੇ ਵਰਮਾ ਅਤੇ ਹੋਰ ਡਿਪਲੋਮੈਟਾਂ ਨੂੰ ਵਾਪਸ ਬੁਲਾ ਲਿਆ ਸੀ। ਇਸ ਦੇ ਨਾਲ ਹੀ ਭਾਰਤ ਨੇ 6 ਕੈਨੇਡੀਅਨ ਡਿਪਲੋਮੈਟਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਸੀ। ਭਾਰਤ ਸਰਕਾਰ ਦਾ ਮੰਨਣਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਕਤੂਬਰ 2025 ਦੌਰਾਨ ਕੈਨੇਡਾ ਵਿੱਚ ਹੋਣ ਵਾਲੀਆਂ ਆਮ ਚੋਣਾਂ



ਵਿੱਚ ਹਾਰ ਦੇ ਡਰ ਕਾਰਨ ਅਜਿਹੇ ਵਿਵਾਦਿਤ ਬਿਆਨ ਦੇ ਰਹੇ ਹਨ। ਦਰਅਸਲ, ਕੈਨੇਡਾ ਦੀਆਂ ਆਮ ਚੋਣਾਂ ਵਿੱਚ ਸਿੱਖ ਵੋਟ ਬੈਂਕ ਬਹੁਤ ਮਾਇਨੇ ਰੱਖਦਾ ਹੈ। ਉਥੋਂ ਦੀ ਸਿਆਸਤ ਵਿੱਚ ਸਿੱਖਾਂ ਦੀ ਦਖਲਅੰਦਾਜ਼ੀ ਬਹੁਤ ਵਧ ਗਈ ਹੈ। ਇਸੇ ਕਾਰਨ ਟਰੂਡੋ ਤੇ ਕੈਨੇਡਾ ਦੀ ਡੀਪ ਸਟੇਟ ਸਿੱਖਾਂ ਨੂੰ ਨਰਾਜ਼ ਕਰਨ ਨੂੰ ਤਿਆਰ ਨਹੀਂ। ਉਹ ਕੈਨੇਡੀਅਨ ਕਨੂੰਨ ਅਨੁਸਾਰ ਸਿੱਖਾਂ ਨੂੰ ਅਜ਼ਾਦੀ ਤੇ ਨਿਆਂ ਦਾ ਅਹਿਸਾਸ ਕਰਾਉਣਾ ਚਾਹੁੰਦੀ ਹੈ।

(ਬਾਕੀ ਸਫ਼ਾ 30 'ਤੇ)

# ਵਿਗੜ ਰਹੀ ਹੈ ਭਾਰਤ ਦੀ ਆਰਥਿਕ ਤਸਵੀਰ

## ਦਸੰਬਰ ਵਿੱਚ ਸਰਕਾਰ ਨੂੰ 1.77 ਲੱਖ ਕਰੋੜ ਰੁਪਏ ਅਤੇ ਨਵੰਬਰ 'ਚ 1.82 ਲੱਖ ਕਰੋੜ ਰੁਪਏ ਦਾ ਮਾਲੀਆ ਮਿਲਿਆ

ਕੇਂਦਰ ਸਰਕਾਰ ਨੇ ਨਵੇਂ ਸਾਲ ਦੇ ਪਹਿਲੇ ਦਿਨ ਵਸਤੂ ਤੇ ਸੇਵਾ ਕਰ (ਜੀ.ਐੱਸ.ਟੀ.) ਕੁਲੈਕਸ਼ਨ ਦਾ ਜੋ ਅੰਕੜਾ ਪੇਸ਼ ਕੀਤਾ, ਉਸ ਮੁਤਾਬਿਕ ਦਸੰਬਰ 'ਚ ਸਰਕਾਰ ਨੂੰ 1.77 ਲੱਖ ਕਰੋੜ ਰੁਪਏ ਦਾ ਮਾਲੀਆ ਮਿਲਿਆ। ਇਹ ਇੱਕ ਮਹੀਨੇ ਪਹਿਲਾਂ ਭਾਵ ਨਵੰਬਰ ਦੇ ਮੁਕਾਬਲੇ ਪੰਜ ਹਜ਼ਾਰ ਕਰੋੜ ਰੁਪਏ ਘੱਟ ਹੈ। ਨਵੰਬਰ ਵਿੱਚ ਸਰਕਾਰ ਨੂੰ 1.82 ਲੱਖ ਕਰੋੜ ਰੁਪਏ ਦਾ ਮਾਲੀਆ ਮਿਲਿਆ ਸੀ। ਨਵੰਬਰ ਦਾ ਅੰਕੜਾ ਵੀ ਉਸ ਤੋਂ ਪਹਿਲਾਂ ਦੇ ਤਿੰਨ ਸਭ ਤੋਂ ਜ਼ਿਆਦਾ ਮਾਲੀਆ ਇਕੱਤਰ ਹੋਣ ਦੇ ਅੰਕੜਿਆਂ ਤੋਂ ਘੱਟ ਸੀ, ਜਦੋਂ ਕਿ ਉਹ ਅਕਤੂਬਰ ਦੇ ਤਿਉਹਾਰ ਵਾਲੇ ਮਹੀਨੇ ਦਾ ਸੰਗ੍ਰਹਿ ਸੀ। ਉਸ ਤੋਂ ਪਹਿਲਾਂ ਜੁਲਾਈ ਤੋਂ ਸਤੰਬਰ ਦੌਰਾਨ ਜੀ.ਐੱਸ.ਟੀ. ਦਾ ਔਸਤ ਕੁਲੈਕਸ਼ਨ 1.77 ਲੱਖ ਕਰੋੜ ਰੁਪਏ ਰਿਹਾ ਸੀ। ਸਰਕਾਰ ਨੇ ਦੱਸਿਆ ਸੀ ਕਿ ਵਿੱਤੀ ਸਾਲ 2023-24 ਦੀ ਦੂਜੀ ਤਿਮਾਹੀ ਭਾਵ ਜੁਲਾਈ ਤੋਂ ਸਤੰਬਰ 'ਚ ਵਿਕਾਸ ਦਰ ਸਿਰਫ਼ 5.4 ਫ਼ੀਸਦੀ ਰਹੀ। ਇੰਨਾ ਹੀ ਨਹੀਂ ਸਾਲ ਦੇ ਪਹਿਲੇ ਦਿਨ ਇਹ ਅੰਕੜਾ ਵੀ ਆਇਆ ਹੈ ਕਿ ਕਾਰਾਂ ਦੀ ਵਿਕਰੀ ਚਾਰ ਸਾਲ 'ਚ ਸਭ ਤੋਂ ਘੱਟ ਰਹੀ ਹੈ। ਕਾਰਾਂ ਦੀ ਵਿਕਰੀ 'ਚ ਵੀ ਇੱਕ ਅੰਕੜਾ ਇਹ ਹੈ ਕਿ ਐੱਸ.ਯੂ.ਵੀ. ਦਾ ਹਿੱਸਾ ਵਧ ਕੇ 53 ਫ਼ੀਸਦੀ ਤੋਂ ਜ਼ਿਆਦਾ ਹੋ ਗਿਆ ਹੈ, ਭਾਵ ਵੱਡੀਆਂ ਗੱਡੀਆਂ ਜ਼ਿਆਦਾ ਵਿਕੀਆਂ ਹਨ। ਕੁਝ ਸਮਾਂ ਪਹਿਲਾਂ ਹੀ ਖ਼ਬਰ ਆਈ ਸੀ ਕਿ ਛੋਟੀਆਂ ਗੱਡੀਆਂ ਦੀ ਵਿਕਰੀ ਲਗਾਤਾਰ ਘੱਟ ਹੋ ਰਹੀ ਹੈ। ਮਾਰੂਤੀ ਸੁਜ਼ੂਕੀ ਦੇ ਚੇਅਰਮੈਨ ਆਰ.ਸੀ. ਭਾਰਗਵ ਨੇ ਕਿਹਾ ਸੀ ਕਿ ਇਕ ਸਮਾਂ ਸੀ, ਜਦੋਂ ਕਾਰਾਂ ਦੀ ਵਿਕਰੀ 'ਚ 80 ਫ਼ੀਸਦੀ ਹਿੱਸਾ 10 ਲੱਖ ਰੁਪਏ ਤੋਂ ਘੱਟ ਕੀਮਤ ਦੀਆਂ ਗੱਡੀਆਂ ਦਾ ਹੁੰਦਾ ਸੀ। ਹੁਣ ਅਜਿਹੀਆਂ ਕਾਰਾਂ ਦੀ ਵਿਕਰੀ ਘੱਟ ਹੁੰਦੀ ਜਾ ਰਹੀ ਹੈ। ਅਰਥਵਿਵਸਥਾ ਦੀ ਇਹ ਰਫ਼ਤਾਰ ਇਸ ਸਾਲ ਵਿਚ ਚਿੰਤਾ ਦਾ ਵਿਸ਼ਾ ਰਹੇਗੀ।

# ਕਿਸਾਨਾਂ ਵੱਲੋਂ ਗਣਤੰਤਰ ਦਿਵਸ ’ਤੇ ਟਰੈਕਟਰ ਮਾਰਚ ਦਾ ਐਲਾਨ



ਪਟਿਆਲਾ/ਏ.ਟੀ.ਨਿਊਜ਼:11 ਮਹੀਨਿਆਂ ਤੋਂ ਅੰਤਰਰਾਜੀ ਬਾਰਡਰਾਂ ’ਤੇ ਚੱਲ ਰਹੇ ਕਿਸਾਨ ਮੋਰਚਿਆਂ ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ 44 ਦਿਨਾਂ ਤੋਂ ਜਾਰੀ ਮਰਨ ਵਰਤ ਰੂਪੀ ਅੰਦੋਲਨ ਦੀ ਧਾਰ ਹੋਰ ਤਿੱਖੀ ਕਰਨ ਅਤੇ ਕੇਂਦਰ ਸਰਕਾਰ ’ਤੇ ਮੰਗਾਂ ਮਨਵਾਉਣ ਲਈ ਦਬਾਅ ਵਧਾਉਣ ਵਾਸਤੇ ਕਿਸਾਨਾਂ ਨੇ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਦੇਸ਼ ਭਰ ’ਚ ਟਰੈਕਟਰ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਢਾਬੀ ਗੁੱਜਰਾਂ ਬਾਰਡਰ ’ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ-ਮਜ਼ਦੂਰ ਮੋਰਚਾ ਦੀ ਸੀਨੀਅਰ ਲੀਡਰਸ਼ਿਪ ਦੀ ਹੋਈ ਅਹਿਮ ਮੀਟਿੰਗ ’ਚ ਲਿਆ ਗਿਆ। ਦੋਵੇਂ ਫੋਰਮਾਂ ਨੇ 10 ਜਨਵਰੀ ਨੂੰ ਦੇਸ਼ ਭਰ ’ਚ ਕੇਂਦਰ ਸਰਕਾਰ ਦੇ ਪੁਤਲੇ ਫੂਕਣ ਤੋਂ ਇਲਾਵਾ 13 ਜਨਵਰੀ ਨੂੰ ਲੋਹੜੀ ਮੌਕੇ ਦੇਸ਼ ਭਰ ’ਚ ਮੰਡੀ ਮਾਰਕੀਟਿੰਗ ਖਰੜੇ ਦੀਆਂ ਕਾਪੀਆਂ ਸਾੜਨ ਦਾ ਪ੍ਰੋਗਰਾਮ ਪਹਿਲਾਂ ਹੀ ਉਲੀਕਿਆ ਹੋਇਆ ਹੈ। ਇਸ ਦੌਰਾਨ ਕਿਸਾਨ ਨੇਤਾ ਅਭਿਮੰਨਿਊ ਕੋਹਾੜ ਅਤੇ ਹੋਰ ਆਗੂਆਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਲੀਕੇ ਗਏ ਤਿੰਨੋਂ ਹੀ ਪ੍ਰੋਗਰਾਮਾਂ ਦੌਰਾਨ ਦੇਸ਼ ਦਾ ਇੱਕ ਵੀ ਪਿੰਡ ਅਜਿਹਾ ਨਹੀਂ ਰਹਿਣਾ ਚਾਹੀਦਾ, ਜੋ ਇਨ੍ਹਾਂ ਪ੍ਰਦਰਸ਼ਨ ’ਚ ਸ਼ਰੀਕ ਨਾ ਹੋਵੇ। ਕਿਸਾਨ ਆਗੂਆਂ ਸੁਰਜੀਤ ਫੂਲ ਅਤੇ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਕਿਸਾਨੀ ਅੰਦੋਲਨ ਦੇਸ਼ ਭਰ ਦੇ ਲੋਕਾਂ ਦਾ ਸਾਂਝਾ ਹੈ, ਜਿਸ ਨੂੰ ਜਿੱਤਣ ਲਈ ਹੁਣ ਨਾ ਸਿਰਫ਼ ਦੇਸ਼ ਦੇ ਸਾਰੇ ਸੂਬਿਆਂ ਬਲਕਿ ਸਮੂਹ ਪਿੰਡਾਂ ਨੂੰ ਵੀ ਪੂਰੀ ਤਾਕਤ ਲਾਉਣ ਦੀ ਲੋੜ ਹੈ। ਸਰਵਣ ਸਿੰਘ ਪੰਧੇਰ ਨੇ ਦੁਹਰਾਇਆ ਕਿ ਕੇਂਦਰ ਨੂੰ ਜ਼ਿੱਦ ਛੱਡ ਕੇ ਕਿਸਾਨਾਂ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ। ਉਧਰ, ਕਿਸਾਨੀ ਸੰਘਰਸ਼ ਕੇਂਦਰ ਖ਼ਿਲਾਫ਼ ਹੋਣ ਅਤੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਬਿਆਨਾਂ ਦੇ ਹਵਾਲੇ ਨਾਲ ਸੁਖਜੀਤ ਸਿੰਘ ਹਰਦੋਝੰਡੇ, ਜਸਵਿੰਦਰ ਲੌਂਗੋਵਾਲ, ਲਖਵਿੰਦਰ ਸਿਰਸਾ, ਮਨਜੀਤ ਨਿਆਲ ਅਤੇ ਰਾਜ ਖੇੜੀ ਸਮੇਤ ਕਈ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਸੁਪਰੀਮ ਕੋਰਟ ਕਿਸਾਨੀ ਮੰਗਾਂ ਦੇ ਹੱਲ ਲਈ ਕੇਂਦਰ ਸਰਕਾਰ ਨੂੰ ਹਦਾਇਤਾਂ ਜਾਰੀ ਕਰੇ ਤਾਂ ਜੋ ਮਸਲੇ ਦਾ ਹੱਲ ਕੀਤਾ ਜਾ ਸਕੇ ਕਿਉਂਕਿ ਡੱਲੇਵਾਲ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਹੈ।

## ਕਿਸਾਨ ਆਗੂ ਡੱਲੇਵਾਲ ਦੀ ਸਿਹਤ ਵਿਗੜੀ



ਪਟਿਆਲਾ: ਢਾਬੀ ਗੁੱਜਰਾਂ ਬਾਰਡਰ ’ਤੇ ਮਰਨ ਵਰਤ ਉਪਰ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸੋਮਵਾਰ ਰਾਤ ਅਚਾਨਕ ਹੀ ਤਬੀਅਤ ਮੁੜ ਵਿਗੜ ਗਈ। ਇਸ ਦੌਰਾਨ ਉਨ੍ਹਾਂ ਨੂੰ ਉਲਟੀਆਂ ਲੱਗ ਗਈਆਂ ਅਤੇ ਬਲੱਡ ਪ੍ਰੈਸ਼ਰ ਵੀ ਘਟ ਗਿਆ ਜਿਸ ਕਾਰਨ ਉਹ ਬੇਸੁਰਤ ਹੋ ਗਏ ਸਨ। ਡੱਲੇਵਾਲ ਦੀ ਸਿਹਤ ਖ਼ਰਾਬ ਹੋਣ ’ਤੇ ਮੋਰਚੇ ’ਚ ਮੌਜੂਦ ਕਿਸਾਨਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਸੰਨਾਟਾ ਛਾ ਗਿਆ। ਕਿਸਾਨ ਆਪਣੇ ਮਹਿਬੂਬ ਆਗੂ ਦੀ ਸਿਹਤਯਾਬੀ ਲਈ ਸਿਮਰਨ ਕਰਨ ਲੱਗ ਪਏ ਅਤੇ ਕਈ ਕਿਸਾਨ ਬੀਬੀਆਂ ਭਾਵੁਕ ਹੋ ਗਈਆਂ। ਤਕਰੀਬਨ ਇੱਕ ਘੰਟੇ ਤੱਕ ਡੱਲੇਵਾਲ ਦੀ ਸਿਹਤ ਡਾਵਾਂਡੋਲ ਰਹੀ। ਉਥੇ ਮੌਜੂਦ ਡਾਕਟਰ ਅਵਤਾਰ ਸਿੰਘ ਅਤੇ ਕੁਝ ਕਿਸਾਨ ਡੱਲੇਵਾਲ ਦੇ ਹੱਥਾਂ ਅਤੇ ਪੈਰਾਂ ਦੀ ਮਾਲਸ਼ ਕਰਨ ਲੱਗ ਪਏ। ਕੁਝ ਸਮੇਂ ਬਾਅਦ ਉਨ੍ਹਾਂ ਦੀ ਤਬੀਅਤ ’ਚ ਕੁਝ ਸੁਧਾਰ ਹੋਇਆ। ਉਂਝ ਡਾਕਟਰਾਂ ਨੇ ਕਿਹਾ ਕਿ ਡੱਲੇਵਾਲ ਦੀ ਸਿਹਤ ਬੇਹੱਦ ਵਿਗੜ ਚੁੱਕੀ ਹੈ। ਕਿਡਨੀਆਂ ਅਤੇ ਲੀਵਰ ’ਤੇ ਅਸਰ ਦੇ ਨਾਲ ਹੀ ਉਨ੍ਹਾਂ ਦੇ ਹੋਰ ਅੰਗ ਵੀ ਕੰਮ ਕਰਨਾ ਛੱਡਦੇ ਜਾ ਰਹੇ ਹਨ। ਇੱਕ ਸੀਨੀਅਰ ਡਾਕਟਰ ਨੇ ਕਿਹਾ ਕਿ ਕਿਸੇ ਸਮੇਂ ਵੀ ਕੋਈ ਭਾਣਾ ਵਾਪਰ ਸਕਦਾ ਹੈ। ਡਾਕਟਰ ਸਵੈਮਾਨ ਨੇ ਅੱਜ ਸਵੇਰੇ ਵੀਡੀਓ ਕਾਲ ਕਰਕੇ ਕਿਸਾਨ ਆਗੂ ਦਾ ਹਾਲ-ਚਾਲ ਜਾਣਿਆ। ਪੰਜਾਬ ਸਰਕਾਰ ਦੇ ਡਾਕਟਰਾਂ ਦੀ ਟੀਮ ਵੱਲੋਂ ਉਨ੍ਹਾਂ ਦੀ ਸਿਹਤ ’ਤੇ ਨਜ਼ਰ ਰੱਖ ਰਹੀ ਹੈ।

(ਬਾਕੀ ਸਫ਼ਾ 31 ’ਤੇ)

## ਸੱਜਣ ਕੁਮਾਰ ਖ਼ਿਲਾਫ਼ ਕਤਲ ਕੇਸ ਵਿੱਚ 21 ਜਨਵਰੀ ਨੂੰ ਫ਼ੈਸਲਾ ਆਉਣ ਦੀ ਸੰਭਾਵਨਾ




ਨਵੀਂ ਦਿੱਲੀ, 8 ਜਨਵਰੀ ਦਿੱਲੀ ਦੀ ਇੱਕ ਅਦਾਲਤ 21 ਜਨਵਰੀ ਨੂੰ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕਤਲ ਕੇਸ ਵਿੱਚ ਆਪਣਾ ਫ਼ੈਸਲਾ ਸੁਣਾਏਗੀ। ਇਹ ਮਾਮਲਾ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਖੇਤਰ ਵਿੱਚ ਦੋ ਵਿਅਕਤੀਆਂ ਦੀ ਕਥਿਤ ਹੱਤਿਆ ਨਾਲ ਜੁੜਿਆ ਹੋਇਆ ਹੈ।

ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਬੁੱਧਵਾਰ ਨੂੰ ਫ਼ੈਸਲਾ ਟਾਲਦਿਆਂ ਅਗਲੀ ਤਰੀਕ 21 ਜਨਵਰੀ ਤੈਅ ਕੀਤੀ ਹੈ। ਸੱਜਣ ਕੁਮਾਰ ਜੋ ਇਸ ਸਮੇਂ ਤਿਹਾੜ ਕੇਂਦਰੀ ਜੇਲ੍ਹ ਵਿੱਚ ਬੰਦ ਹੈ, ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਹੋਇਆ। ਅਦਾਲਤ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਕੇਸ ਵਿੱਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਇਸ ਸਬੰਧੀ ਪੰਜਾਬੀ ਬਾਗ ਥਾਣਾ ਦੀ ਪੁਲੀਸ ਨੇ ਕੇਸ ਦਰਜ ਕੀਤਾ ਸੀ ਪਰ ਬਾਅਦ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਕਾਰਵਾਈ ਸੰਭਾਲ ਲਈ। 16 ਦਸੰਬਰ 2021 ਨੂੰ ਅਦਾਲਤ ਨੇ ਕੁਮਾਰ ਵਿਰੁੱਧ ਦੋਸ਼ ਆਇਦ ਕੀਤੇ। ਇਸਤਗਾਸਾ ਪੱਖ ਦੇ ਅਨੁਸਾਰ ਮਾਰੂ ਹਥਿਆਰਾਂ ਨਾਲ ਲੈਸ ਇੱਕ ਵੱਡੀ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਵੱਡੇ ਪੱਧਰ ’ਤੇ ਲੁੱਟਮਾਰ, ਅੱਗਜ਼ਨੀ ਅਤੇ ਸਿੱਖਾਂ ਦੀਆਂ ਜਾਇਦਾਦਾਂ ਨੂੰ ਤਬਾਹ ਕੀਤਾ। ਇਸਤਗਾਸਾ ਪੱਖ ਨੇ ਦੋਸ਼ ਲਾਇਆ ਕਿ ਭੀੜ ਨੇ ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਦੇ ਘਰ ’ਤੇ ਹਮਲਾ ਕੀਤਾ, ਉਸ ਦੇ ਪਤੀ ਅਤੇ ਉਨ੍ਹਾਂ ਦੇ ਪੁੱਤਰ ਦੀ ਹੱਤਿਆ ਕਰ ਦਿੱਤੀ, ਇਸ ਤੋਂ ਇਲਾਵਾ ਸਾਮਾਨ ਲੁੱਟਿਆ ਅਤੇ ਘਰ ਨੂੰ ਅੱਗ ਲਗਾ ਦਿੱਤੀ।

## ਕਈ ਭਾਜਪਾ ਆਗੂ ਪੰਜਾਬ ਭਾਜਪਾ ਦੀ ਕਮਾਂਡ ਸੰਭਾਲਣ ਲਈ ਸਰਗਰਮ

### ਪਰ ਹਾਈਕਮਾਨ ਸੁਨੀਲ ਜਾਖੜ ਨੂੰ ਪ੍ਰਧਾਨਗੀ ਤੋਂ ਹਟਾਉਣ ਲਈ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ ਭਾਜਪਾ ਬਿਨਾਂ ਪ੍ਰਧਾਨ ਦੀ ਅਗਵਾਈ ਤੋਂ ਹੀ ਆਪਣਾ ਕੰਮ ਚਲਾ ਰਹੀ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕੁਝ ਮੁੱਦਿਆਂ ਨੂੰ ਲੈ ਕੇ ਚੁੱਪ ਵੱਟੀ ਹੋਈ ਹੈ। ਸੂਤਰਾਂ ਅਨੁਸਾਰ ਨਵਾਂ ਸਾਲ ਚੜ੍ਹਦੇ ਹੀ ਭਾਜਪਾ ਦੇ ਕੁਝ ਟਕਸਾਲੀ ਆਗੂਆਂ ਅਤੇ ਕਾਂਗਰਸ ਵਿਚੋਂ ਆਏ ਵੱਡੇ ਲੀਡਰਾਂ ਨੇ ਪੰਜਾਬ ਭਾਜਪਾ ਦੀ ਕਮਾਨ ਸੰਭਾਲਣ ਲਈ ਦਿੱਲੀ ਵਿਚਲੇ ਆਪਣੇ ਸਿਆਸੀ ਆਕਾਵਾਂ ਨਾਲ ਸੰਪਰਕ ਸਾਧਣਾ ਸ਼ੁਰੂ ਕਰ ਦਿੱਤਾ ਹੈ, ਪਰ ਦੂਜੇ ਪਾਸੇ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੇ ਸੂਤਰ ਦੱਸਦੇ ਹਨ ਕਿ ਭਾਜਪਾ ਹਾਈ ਕਮਾਨ ਸੁਨੀਲ ਜਾਖੜ ਨੂੰ ਪ੍ਰਧਾਨਗੀ ਤੋਂ ਹਟਾਉਣ ਲਈ ਰਾਜ਼ੀ ਨਹੀਂ ਹੋ ਰਹੀ। ਦੱਸਿਆ ਜਾ ਰਿਹਾ ਹੈ ਕਿ ਭਾਜਪਾ ਦੇ ਕਈ ਸੀਨੀਅਰ ਆਗੂ ਸੁਨੀਲ ਜਾਖੜ ਨਾਲ ਸੰਪਰਕ ਵੀ ਕਰਦੇ ਆ ਰਹੇ ਹਨ ਪਰ ਉਹ ਪੰਜਾਬ ਦੇ ਕੁਝ ਮੁੱਦਿਆਂ ਨੂੰ ਲੈ ਕੇ ਰੱਖੀ ਆਪਣੀ ਮੰਗ ’ਤੇ ਅੜੇ ਹੋਏ ਦੱਸੇ ਜਾ ਰਹੇ ਹਨ। ਉੱਧਰ ਦੂਜੇ ਪਾਸੇ ਜਿੱਥੇ ਕਿਸਾਨ ਜਥੇਬੰਦੀਆਂ ਦਾ ਸੰਘਰਸ਼ ਭਾਜਪਾ ਲਈ ਵੱਡੀ ਸਿਰਦਰਦੀ ਬਣਿਆ ਹੋਇਆ ਹੈ, ਉੱਥੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਪਾਰਟੀ ਗਤੀਵਿਧੀਆਂ ਤੋਂ ਦੂਰੀ ਬਣਾ ਕੇ ਰੱਖਣਾ ਪੰਜਾਬ ਭਾਜਪਾ ਲਈ ਪਰੇਸ਼ਾਨੀ ਦਾ ਕਾਰਨ ਬਣਿਆ ਹੋਇਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਭਾਜਪਾ ਦੇ ਕਈ ਆਗੂਆਂ ਨੇ ਸਿੱਧੇ ਤੌਰ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਲਾਵਾ ਹੋਰ ਸੀਨੀਅਰ ਲੀਡਰਸ਼ਿਪ ਨੂੰ ਇਸ ਮਾਮਲੇ ਵਿੱਚ ਜਲਦੀ ਕੋਈ ਫ਼ੈਸਲਾ ਲੈਣ ਦੀ ਅਪੀਲ ਵੀ ਕੀਤੀ ਹੈ। ਉੱਚ ਪੱਧਰੀ ਸੂਤਰਾਂ ਅਨੁਸਾਰ ਆਉਂਦੇ ਦਿਨਾਂ ਵਿੱਚ ਇਸ ਮਸਲੇ ਦਾ ਕੋਈ ਹੱਲ ਕੱਢਿਆ ਜਾ ਸਕਦਾ ਹੈ ਅਤੇ ਭਾਜਪਾ ਇਕਾਈ ਵਿੱਚ ਵੱਡੇ ਬਦਲਾਅ ਦੀ ਵੀ ਸੰਭਾਵਨਾ ਦੱਸੀ ਜਾ ਰਹੀ ਹੈ। ਉੱਧਰ ਭਾਜਪਾ ਦਾ ਵਰਕਰ ਕਾਡਰ ਪੰਜਾਬ ਭਾਜਪਾ ਦੀ ਬਣੀ ਸਥਿਤੀ ਨੂੰ ਲੈ ਕੇ ਭੰਬਲ ਭੂਸੇ ਵਿੱਚ ਦਿਖਾਈ ਦੇ ਰਿਹਾ ਹੈ ਜਿਸ ਦਾ ਨੁਕਸਾਨ ਪੰਜਾਬ ਭਾਜਪਾ ਨੂੰ ਜ਼ਿਮਨੀ ਚੋਣਾਂ ਅਤੇ ਹੁਣ ਨਿਗਮ ਚੋਣਾਂ ਵਿੱਚ ਝੱਲਣਾ ਪਿਆ। ਉੱਧਰ ਬੀਤੇ ਦਿਨੀਂ ਇੱਕ ਸਵਾਲ ਦੇ ਜਵਾਬ ਵਿੱਚ ਪੰਜਾਬ ਭਾਜਪਾ ਦੇ ਇਨਚਾਰਜ ਵਿਜੇ ਰੂਪਾਣੀ ਨੇ ਵੀ ਇਸ ਗੱਲ ਦੇ ਸੰਕੇਤ ਦਿੱਤੇ ਹਨ ਕਿ ਫ਼ਿਲਹਾਲ ਕੇਂਦਰੀ ਲੀਡਰਸ਼ਿਪ ਸੁਨੀਲ ਜਾਖੜ ਨੂੰ ਹੀ ਪ੍ਰਧਾਨ ਵਜੋਂ ਦੇਖਣਾ ਚਾਹੁੰਦੀ ਹੈ।

## ਮਾਲਵਾ ਇਲਾਕੇ ਦੇ ਪਾਣੀ ਵਿੱਚ ਖ਼ਤਰਨਾਕ ਹੱਦ ਤਕ ਘੁਲਿਆ ਯੂਰੇਨੀਅਮ

### ਪਾਣੀ ਦੇ ਨਾਲ-ਨਾਲ ਖਾਣ ਪੀਣ ਦੀਆਂ ਵਸਤਾਂ ’ਚ ਯੂਰੇਨੀਅਮ ਦੀ ਮਾਤਰਾ ਮਾਪ ਦੰਡ ਨਾਲੋਂ ਕਈ ਗੁਣਾ ਵੱਧ



ਬਠਿੰਡਾ/ਏ.ਟੀ.ਨਿਊਜ਼: ਪੰਜਾਬ ਦੇ ਪਾਣੀਆਂ ’ਚ ਯੂਰੇਨੀਅਮ ਭਰ ਰਿਹਾ ਹੈ। ਕੇਂਦਰੀ ਭੂਜਲ ਬੋਰਡ ਦੀ ਸਲਾਨਾ ਰਿਪੋਰਟ ’ਚ ਪੰਜਾਬ ਦੇ 30 ਫ਼ੀਸਦੀ ਪਾਣੀ ਦੇ ਸੈਂਪਲਾਂ ’ਚ ਯੂਰੇਨੀਅਮ ਦੀ ਵਧ ਮਾਤਰਾ ਮਿਲੀ ਹੈ। ਮਾਲਵਾ ਇਲਾਕੇ ਦੇ ਪਾਣੀ ਦੀ ਕਈ ਵਾਰ ਜਾਂਚ ਹੋ ਚੁੱਕੀ ਹੈ ਤੇ ਇੱਥੇ ਧਰਤੀ ਹੇਠਲੇ ਪਾਣੀ ’ਚ ਯੂਰੇਨੀਅਮ ਦੀ ਮਾਤਰਾ ਕਈ ਗੁਣਾ ਜ਼ਿਆਦਾ ਮਿਲੀ ਹੈ। ਮਾਲਵਾ ਖੇਤਰ ’ਚ ਭਾਬਾ ਆਟੋਮਿਕ ਰਿਸਰਚ ਸੈਂਟਰ ਮੁੰਬਈ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਬਾਬਾ ਫ਼ਰੀਦ ਸੈਂਟਰ ਫ਼ਾਰ ਸਪੈਸ਼ਲ ਚਿਲਡਰਨ, ਫ਼ਰੀਦਕੋਟ ਤੇ ਜਰਮਨੀ ਦੀ ਮਾਈਕ੍ਰੋਟਰੇਸ ਮਿਨਰਲ ਲੈਬ ਵੱਲੋਂ ਵੀ ਯੂਰੇਨੀਅਮ ਦੀ ਜਾਂਚ ਕੀਤੀ ਜਾ ਚੁੱਕੀ ਹੈ। ਇਨ੍ਹਾਂ ਦੀਆਂ ਵੱਖ -ਵੱਖ ਰਿਪੋਰਟਾਂ ਅਨੁਸਾਰ ਪਾਣੀ ਦੇ ਨਾਲ-ਨਾਲ ਖਾਣ ਪੀਣ ਦੀਆਂ ਵਸਤਾਂ ’ਚ ਯੂਰੇਨੀਅਮ ਦੀ ਮਾਤਰਾ ਮਾਪ ਦੰਡ ਨਾਲੋਂ ਕਈ ਗੁਣਾ ਵੱਧ ਹੈ। ਇਸੇ ਕਾਰਨ ਮਾਲਵੇ ਦੇ ਲੋਕ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੀ ਗ੍ਰਿਫ਼ਤ ’ਚ ਆ ਰਹੇ ਹਨ। ਬੱਚਿਆਂ ਵਿੱਚ ਅਪੰਗਤਾ ਤੇ ਬਹੁਤਿਆਂ ਦੇ ਵਾਲ ਚਿੱਟੇ ਹੋ ਰਹੇ ਹਨ। ਬੱਚਿਆਂ ਦੇ ਕਦ ਵੀ ਨਹੀਂ ਵਧ ਰਹੇ। ਸਭ ਤੋਂ ਪਹਿਲਾਂ ਬਾਬਾ ਫ਼ਰੀਦ ਸੈਂਟਰ ਫ਼ਾਰ ਸਪੈਸ਼ਲ ਚਿਲਡਰਨ ਫ਼ਰੀਦਕੋਟ ਤੇ ਜਰਮਨੀ ਦੀ ਮਾਈਕ੍ਰੋਟਰੇਸ ਮਿਨਰਲ ਲੈਬ ਨੇ 149 ਮੰਦਬੁੱਧੀ ਬੱਚਿਆਂ ਦੀ ਜਾਂਚ ਕੀਤੀ ਸੀ, ਜਿਨ੍ਹਾਂ ਵਿੱਚ 82 ਤੋਂ 87 ਫ਼ੀਸਦੀ ਬੱਚਿਆਂ ਦੇ ਸਰੀਰ ’ਚ ਯੂਰੇਨੀਅਮ ਦੀ ਮਾਤਰਾ ਖ਼ਤਰਨਾਕ ਪੱਧਰ ਤਕ ਪਾਈ ਗਈ ਸੀ।

**ਪ੍ਰਦੂਸ਼ਣ ਕੰਟਰੋਲ ਬੋਰਡ ਦੀ ਜਾਂਚ ’ਚ ਪੰਜ ਗੁਣਾ ਜ਼ਿਆਦਾ ਯੂਰੇਨੀਅਮ ਦੀ ਪੁਸ਼ਟੀ**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਫ਼ਿਜ਼ਿਕਸ ਵਿਭਾਗ ਵੱਲੋਂ ਧਰਤੀ ਹੇਠਲੇ ਪਾਣੀ ’ਚ ਯੂਰੇਨੀਅਮ ਦੀ ਮਾਤਰਾ ਮਾਪਦੰਡ ਤੋਂ ਕਈ ਗੁਣਾ ਜ਼ਿਆਦਾ ਦੱਸੀ ਗਈ ਤੇ ਪਾਣੀ ’ਚ ਹੋਰ ਖਤਰਨਾਕ ਤੱਤਾਂ ਦੀ ਬਹੁਤਾਤ ਦਾ ਵੀ ਪਤਾ ਲੱਗਾ ਹੈ। ਜਾਂਚ ਟੀਮ ਨੇ ਸ਼ਹਿਰ ਦੇ ਦੋ ਥਰਮਲ ਪਲਾਂਟਾਂ ਤੇ ਨੈਸ਼ਨਲ ਫ਼ਰਟੀਲਾਈਜ਼ਰ ਲਿਮਟਿਡ (ਐੱਨ.ਐੱਫ਼.ਐੱਲ.) ਦੇ ਨਜ਼ਦੀਕੀ ਖੇਤਰਾਂ ’ਚ ਪਾਣੀ ਦੇ 22 ਸੈਂਪਲ ਲਏ ਗਏ, ਜਿਨ੍ਹਾਂ ’ਚੋਂ 12 ਸੈਂਪਲਾਂ ’ਚ ਯੂਰੇਨੀਅਮ ਦੀ ਮਾਤਰਾ ਤੈਅ ਤੋਂ ਜ਼ਿਆਦਾ ਪਾਈ ਗਈ। ਪਿੰਡ ਨੇਹੀਆਂਵਾਲਾ ਦੇ ਨਜ਼ਦੀਕ ਰੇਲਵੇ ਕ੍ਰਾਸਿੰਗ ’ਤੇ ਲੱਗੇ ਹੈਂਡਪੰਪ ਤੋਂ ਭਰੇ ਪਾਣੀ ਦੇ ਨਮੂਨੇ ’ਚ ਯੂਰੇਨੀਅਮ ਦੀ ਸਭ ਤੋਂ ਜ਼ਿਆਦਾ ਮਾਤਰਾ 78 ਪਾਰਟ ਪ੍ਰਤੀ ਬਿਲੀਅਨ ਮਿਲੀ। ਇਸ ਤੋਂ ਬਾਅਦ ਐੱਨ.ਐੱਫ਼.ਐੱਲ. ਦੇ ਨਜ਼ਦੀਕ ਲੱਗੇ ਦੂਜੇ ਨਲਕੇ ਤੋਂ ਭਰੇ ਨਮੂਨੇ ’ਚ ਯੂਰੇਨੀਅਮ ਦੀ ਮਾਤਰਾ 70 ਪੀ.ਪੀ.ਬੀ. ਮਿਲੀ ਹੈ। ਇਹ ਹੈਂਡਪੰਪ ਐੱਨ.ਐੱਫ਼.ਐੱਲ. ਦੇ ਰਾਖ ਦੇ ਡੰਪ ਤੋਂ ਮਹਿਜ਼ 50 ਮੀਟਰ ਦੀ ਦੂਰੀ ’ਤੇ ਸਥਿਤ ਸਨ। ਇਸ ਤੋਂ ਇਲਾਵਾ ਪਲਾਂਟਾਂ ਦੇ 100 ਕਿਲੋਮੀਟਰ ਦਾਇਰੇ ’ਚ ਸਥਿਤ ਟਿਊਬਵੈਲਾਂ ਤੋਂ ਭਰੇ ਦਸ ਨਮੂਨਿਆਂ ’ਚ ਯੂਰੇਨੀਅਮ ਦੀ ਮਾਤਰਾ 14 ਤੋਂ 45 ਪੀ.ਪੀ.ਬੀ. ਤਕ ਮਿਲੀ ਹੈ।

(ਬਾਕੀ ਸਫ਼ਾ 31 ’ਤੇ)

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼: ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ’ਚ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ। ਇਸ ਮੌਕੇ ਗੱਤਕਾ ਅਤੇ ਬੈਂਡ ਪਾਰਟੀਆਂ ਨੇ ਹਾਜ਼ਰੀ ਭਰੀ ਅਤੇ ਸ਼ਬਦੀ ਜਥਿਆਂ ਨੇ ਗੁਰੂ ਸਾਹਿਬ



ਦੀ ਉਸਤਤ ਵਿੱਚ ਗੁਰੂ ਜਸ ਗਾਇਨ ਕੀਤਾ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਦੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜੀਵਨ ਲਾਸਾਨੀ ਅਤੇ ਪ੍ਰੇਰਣਾਦਾਇਕ ਹੈ। ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਣਾ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਣ ਮਗਰੋਂ ਨਗਰ ਕੀਰਤਨ ਦਾ ਬਜ਼ਾਰ ਮਾਈ ਸੇਵਾ, ਬਜ਼ਾਰ ਕਾਠੀਆਂ, ਬਜ਼ਾਰ ਪਾਪੜਾਂ, ਬਜ਼ਾਰ ਬਾਂਸਾਂ, ਚੌਂਕ ਛੱਤੀ ਖੂਹੀ, ਚਾਵਲ ਮੰਡੀ, ਦਾਲ ਮੰਡੀ, ਢਾਬ ਵਸਤੀ ਰਾਮ, ਜੌੜਾ ਪਿੱਪਲ, ਬਜ਼ਾਰ ਲੁਹਾਰਾ, ਚੌਂਕ ਲਛਮਣਸਰ, ਚੌਂਕ ਬਾਬਾ ਸਾਹਿਬ, ਚੌਂਕ ਪਰਾਗਦਾਸ ਆਦਿ ਥਾਵਾਂ ’ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਨਗਰ ਕੀਰਤਨ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸਮੇਤ ਹੋਰ ਅਧਿਕਾਰੀਆਂ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

# ਬਾਦਲ ਦਲ ‘ਸਿੱਖ ਪੰਥਕ ਦਲ’ ਬਣਾ ਕੇ ‘ਢੋਲ’ ਦੇ ਚੋਣ ਨਿਸ਼ਾਨ ’ਤੇ ਲੜ ਰਿਹੈ ਹਰਿਆਣਾ ਗੁਰਦੁਆਰਾ ਚੋਣਾਂ

## 19 ਜਨਵਰੀ ਐਤਵਾਰ ਨੂੰ ਵੋਟਾਂ, ਨਤੀਜੇ ਉਸੇ ਦਿਨ ਆਉਣਗੇ ਸ਼ਾਮ ਨੂੰ

ਚੰਡੀਗੜ੍ਹ/ਏ.ਟੀ.ਨਿਊਜ਼ : ਦਸ ਸਾਲ ਪਹਿਲਾਂ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਬਾਰੇ 2014 ਵਿੱਚ ਉਸ ਵੇਲੇ ਦੀ ਕਾਂਗਰਸ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪਾਸ ਕੀਤੇ ਐਕਟ ਅਨੁਸਾਰ ਗੁਰਦੁਆਰਾ ਚੋਣ ਕਮਿਸ਼ਨਰ ਦੇ ਹਾਈ ਕੋਰਟ ਵਿੱਚ ਦਿਤੇ ਹਲਫ਼ਨਾਮੇ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਇਸ ਗੁਰਦੁਆਰਾ ਚੋਣਾਂ ਵਿੱਚ ਹਿੱਸਾ ਨਹੀਂ ਲੈ ਸਕਦਾ, ਦੇ ਫ਼ਲਸਰੂਪ ਹੁਣ ਅਕਾਲੀ ਦਲ ਨੇ ਬਤੌਰ ਹਰਿਆਣਾ ਸਿੱਖ ਪੰਥਕ ਦਲ ਦੇ ਨਾਮ ’ਤੇ ਆਪਣੇ ਉਮੀਦਵਾਰ ਖੜੇ ਕੀਤੇ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸ. ਬਲਵਿੰਦਰ ਸਿੰਘ ਭੂੰਦੜ ਨੇ ਦਸਿਆ ਕਿ ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਵਾਸਤੇ ਇਹ ਧਾਰਮਕ ਚੋਣਾਂ ਲੜਨ ਵਾਸਤੇ ਸ. ਬਲਦੇਵ ਸਿੰਘ ਕੈਮਪੁਰਾ ਤੇ ਸ. ਰਘੁਜੀਤ ਵਿਰਕ ਨੂੰ ਉਥੇ 7 ਮੈਂਬਰੀ ਕਮੇਟੀ ਦਾ ਇੰਚਾਰਜ ਲਗਾਇਆ ਹੈ। ਜਿਨ੍ਹਾਂ ਦੀ ਦੇਖ ਰੇਖ ਵਿੱਚ ਇਹ ਚੋਣਾਂ ਲੜੀਆਂ ਜਾ ਰਹੀਆਂ ਹਨ। ਪੱਤਰਕਾਰਾਂ ਨਾਲ ਕੀਤੀ ਵਿਸ਼ੇਸ਼ ਗੱਲਬਾਤ ਦੌਰਾਨ ਸ. ਬਲਦੇਵ ਸਿੰਘ ਕੈਮਪੁਰਾ ਨੇ ਦਸਿਆ ਕਿ ਕੁਲ 40 ਸੀਟਾਂ ਵਿਚੋਂ 19 ਸੀਟਾਂ ’ਤੇ ਹਰਿਆਣਾ ਸਿੱਖ ਪੰਥਕ ਦਲ ਦੇ ਅਪਣੇ ਉਮੀਦਵਾਰ ਚੋਣ ਲੜ ਰਹੇ ਹਨ ਅਤੇ ਬਾਕੀ 21 ਸੀਟਾਂ ’ਤੇ ਕਿਸਾਨ ਜਥੇਬੰਦੀਆਂ, ਏਕਤਾ ਦਲ ਅਤੇ ਆਜ਼ਾਦ ਉਮੀਦਵਾਰਾਂ ਨਾਲ ਚੋਣ ਸਮਝੌਤਾ ਕੀਤਾ ਗਿਆ ਹੈ।

ਸ. ਕੈਮਪੁਰਾ ਨੇ ਦਸਿਆ ਕਿ ਸਿੱਖ ਪੰਥਕ ਦਲ ਨੂੰ ‘ਢੋਲ’ ਦਾ ਚੋਣ ਨਿਸ਼ਾਨ ਮਿਲਿਆ ਹੈ ਅਤੇ ਨਿਯਮਾਂ ਮੁਤਾਬਕ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਚੋਣ ਨਿਸ਼ਾਨ ਤੱਕੜੀ ਮਨ੍ਹਾ ਕਰ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦਸਿਆ ਕਿ ਅੰਬਾਲਾ ਜ਼ਿਲ੍ਹੇ ਵਿੱਚ ਪੰਥਕ ਦਲ ਦੇ 4, ਯਮੁਨਾਨਗਰ ਵਿੱਚ 2, ਕੁਰੂਕਸ਼ੇਤਰ ਵਿੱਚ 3, ਕੈਥਲ ਵਿੱਚ 3 ਅਤੇ ਬਾਕੀ ਇੱਕ ਇਕੋ, ਦੋ ਦੋ ਉਮੀਦਵਾਰ ਕਰਨਾਲ, ਹਿਸਾਰ, ਸਿਰਸਾ ਅਤੇ ਡੱਬਵਾਲੀ ਵਿੱਚ ਖੜੇ ਕੀਤੇ ਹਨ ਜਦੋਂ ਕਿ ਬਾਕੀ ਸੀਟਾਂ ’ਤੇ ਦੂਜੇ ਦਲਾਂ ਨਾਲ ਚੋਣ ਸਮਝੌਤਾ ਕੀਤਾ ਗਿਆ ਹੈ।

ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਚੋਣਾਂ ਲਈ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਭਰਨ, ਕਾਗ਼ਜ਼ਾਂ ਦੀ ਪੜਤਾਲ, ਨਾਮ ਵਾਪਸ ਲਏ ਜਾਣ ਅਤੇ ਚੋਣ ਨਿਸ਼ਾਨ ਅਲਾਟ ਕੀਤੇ ਜਾਣ ਦੀ ਪ੍ਰਕਿਰਿਆ ਤਿੰਨ ਦਿਨ ਪਹਿਲਾ ਯਾਨੀ 2 ਜਨਵਰੀ ਨੂੰ ਖ਼ਤਮ ਹੋ ਚੁੱਕੀ ਸੀ। ਹੁਣ ਤਾਂ ਚੋਣ ਪ੍ਰਚਾਰ ਚਲ ਰਿਹਾ ਹੈ। ਵੋਟਾਂ 19 ਜਨਵਰੀ ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤਕ ਪੈਣਗੀਆਂ। ਨਤੀਜੇ ਵੀ ਉਸੇ ਸ਼ਾਮ ਕੱਢੇ ਜਾਣਗੇ। ਗੁਰਦੁਆਰਾ ਚੋਣ ਕਮਿਸ਼ਨ ਦੇ ਸੂਤਰਾਂ ਅਨੁਸਾਰ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਵਿੱਚ ਕੁਲ ਸਿੱਖ ਵੋਟਰਾਂ ਦੀ ਗਿਣਤੀ 3 ਲੱਖ ਤੋਂ ਉਪਰ ਹੈ। ਸੂਤਰਾਂ ਨੇ ਇਹ ਵੀ ਦਸਿਆ ਕਿ ਵੋਟਰਾਂ ਦੀਆਂ ਲਿਸਟਾਂ 10 ਜਨਵਰੀ ਤਕ ਫ਼ਾਈਨਲ ਕੀਤੀਆਂ ਜਾ ਰਹੀਆਂ ਹਨ।

# ਫ਼ਸੀਲ ਤੋਂ ਸੁਣਾਏ ਗਏ ਫ਼ੈਸਲੇ ਨੂੰ ਲਾਗੂ ਕਰੇ ਅਕਾਲੀ ਦਲ : ਜਥੇਦਾਰ ਗਿ. ਰਘਬੀਰ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼: ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਆਗੂਆਂ ਵੱਲੋਂ ਦਿੱਤੇ ਅਸਤੀਫ਼ਿਆਂ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਫ਼ਸੀਲ ਤੋਂ ਸੁਣਾਏ ਗਏ ਫ਼ੈਸਲੇ ਅਕਾਲੀ ਦਲ ਨੂੰ ਲਾਗੂ ਕਰਨੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਅਸਤੀਫ਼ਿਆਂ ਦੇ ਫ਼ੈਸਲੇ ’ਤੇ ਅਕਾਲੀ ਦਲ ਕੋਈ ਆਨਾਕਾਨੀ ਨਾ ਕਰੇ ਅਤੇ ਛੇਤੀ ਤੋਂ ਛੇਤੀ ਅਸਤੀਫ਼ੇ ਪ੍ਰਵਾਨ ਕਰੇ। ਇਸ ਦੇ ਨਾਲ ਹੀ ਗਿਆਨੀ ਰਘਬੀਰ ਸਿੰਘ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਕੀਤੀ ਜਾ ਰਹੀ ਜਾਂਚ ਤੋਂ ਵੀ ਨਾਖ਼ੁਸ਼ ਨਜ਼ਰ ਆਏ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਪੜਤਾਲ ਬਣਦੀ ਹੀ ਨਹੀਂ ਕਿਉਂਕਿ ਉਨ੍ਹਾਂ ਨੇ ਗੁਰੂ ਦੀ ਹਜ਼ੂਰੀ ’ਚ ਕੋਈ ਗੁਨਾਹ ਨਹੀਂ ਕੀਤਾ। ਜ਼ਿਕਰਯੋਗ ਹੈ ਕਿ ਸੁਖਬੀਰ ਬਾਦਲ ਨੇ 16 ਨਵੰਬਰ ਨੂੰ ਅਸਤੀਫ਼ਾ ਦਿੱਤਾ ਸੀ ਅਤੇ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਫ਼ਸੀਲ ਤੋਂ ਆਦੇਸ਼ ਦਿਤੇ ਸੀ ਕਿ ਤਿੰਨ ਦਿਨਾਂ ਅੰਦਰ ਅਸਤੀਫ਼ੇ ਪ੍ਰਵਾਨ ਕੀਤੇ ਜਾਣ ਪਰ ਅਜੇ ਤਕ ਕੋਈ ਫ਼ੈਸਲਾ ਸਾਹਮਣੇ ਨਹੀਂ ਆਇਆ ਹੈ।

# ਗਿ. ਹਰਪ੍ਰੀਤ ਸਿੰਘ ਦੇ ਮਾਮਲੇ ’ਚ ਬਣੀ ਪੜਤਾਲ ਕਮੇਟੀ ਹੋਣੀ ਚਾਹੀਦੀ ਹੈ ਖਾਰਜ : ਜਥੇ. ਗਿ. ਰਘਬੀਰ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖਾਂ ਦੇ ਦਸਵੇਂ ਗੁਰੂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਦਰਬਾਰ ਸਾਹਿਬ ਵਿੱਚ ਮੱਥਾ ਟੇਕਣ ਪਹੁੰਚ ਰਹੀਆਂ ਹਨ। ਇਸ ਦੌਰਾਨ ਸ੍ਰੀ ਅਕਾਲ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਮੱਥਾ ਟੇਕਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਮੁੱਚੀ ਸੰਗਤ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਕਰਨ ਵਾਲੇ ਨਰਾਇਣ ਸਿੰਘ ਚੌੜਾ ਬਾਰੇ ਬੋਲਦੇ ਹੋਏ ਕਿਹਾ ਕਿ ਨਰਾਇਣ ਸਿੰਘ ਚੌੜਾ ਦੀ ਦਸਤਾਰ ਉਤਾਰਨ ਵਾਲੇ ਵਿਅਕਤੀ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ’ਤੇ ਆਪਣਾ ਮਾਫੀਨਾਮਾ ਪੱਤਰ ਭੇਜਿਆ ਗਿਆ ਹੈ ਉਸ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਕਿਸਾਨਾਂ ਬਾਰੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਕਿਸਾਨ ਸੂਬੇ ਦੇ ਬਾਰਡਰ ’ਤੇ ਬੈਠ ਕੇ ਆਪਣੇ ਹੱਕੀ ਮੰਗਾਂ ਮਨਵਾਉਣ ਦੀ ਕੇਂਦਰ ਸਰਕਾਰ ’ਤੇ ਦਬਾਅ ਪਾ ਰਹੇ ਹਨ ਪਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਸੁਣ ਰਹੀ। ਉਨ੍ਹਾਂ ਕਿਹਾ ਕਿ ਜਦੋਂ ਕਿਸਾਨਾਂ ਨੂੰ ਬਾਰਡਰ ’ਤੇ ਬੈਠ ਕੇ ਹੱਕ ਮੰਗਣੇ ਪੈਣ ਇਸ ਤੋਂ ਸ਼ਰਮ ਦੀ ਗੱਲ ਸਰਕਾਰ ਲਈ ਨਹੀਂ ਹੋ ਸਕਦੀ। ਇਸ ਦੌਰਾਨ ਸਿੰਘ ਸਾਹਿਬ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ’ਤੇ ਚੱਲ ਰਹੀ ਜਾਂਚ ਬਾਰੇ ਬੋਲਦਿਆਂ ਕਿਹਾ ਕਿ ਜਥੇਦਾਰਾਂ ਦੀ ਪੜਤਾਲ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੀ ਹੋਣੀ ਚਾਹੀਦੀ ਹੈ ਤੇ ਜੋ ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਲਈ ਜਾਂਚ ਕਮੇਟੀ ਬਣਾਈ ਗਈ ਹੈ ਉਸ ਨੂੰ ਖਾਰਜ ਕੀਤਾ ਜਾਣਾ ਚਾਹੀਦਾ ਹੈ।




# ਇਨਸਾਫ਼ ਮੋਰਚੇ ਦੀ ਕਾਲ ਨੂੰ ਅਸਫ਼ਲ ਕਰਨ ਲਈ ਪੁਲਿਸ ਨੇ ਕੀਤਾ ਲਾਠੀਚਾਰਜ

## ਕੌਮੀ ਇਨਸਾਫ਼ ਮੋਰਚੇ ਦੇ ਕਨਵੀਨਰ ਭਾਈ ਪਾਲ ਸਿੰਘ ਫ਼ਰਾਂਸ ਸਾਥੀਆਂ ਸਮੇਤ ਗ੍ਰਿਫ਼ਤਾਰ ਤੇ ਰਿਹਾਅ

ਚੰਡੀਗੜ੍ਹ/ਏ.ਟੀ.ਨਿਊਜ਼: ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਚੰਡੀਗੜ੍ਹ ਦੀਆਂ ਬਰੂਹਾਂ ’ਤੇ ਲੱਗੇ ਕੌਮੀ ਇਨਸਾਫ਼ ਮੋਰਚੇ ਵੱਲੋਂ 2 ਸਾਲ ਪੂਰੇ ਹੋਣ ’ਤੇ ਰੋਸ ਵਜੋਂ ਮੁੱਖ ਮੰਤਰੀ ਪੰਜਾਬ ਦੀ ਕੋਠੀ ਵੱਲ ਮਾਰਚ ਕਰਨ ਦਾ ਸੱਦਾ ਦਿੱਤਾ ਗਿਆ ਸੀ। ਮੋਰਚੇ ਦੀ ਕਾਲ ਨੂੰ ਅਸਫ਼ਲ ਕਰਨ ਲਈ ਪੁਲਿਸ ਨੇ ਲਾਠੀਚਾਰਜ ਕੀਤਾ, ਗੰਦੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਕਈ ਪੰਥਕ ਆਗੂਆਂ ਬਾਪੂ ਤਰਸੇਮ ਸਿੰਘ, ਸਿਮਰਨਜੀਤ ਸਿੰਘ ਮਾਨ, ਕੌਮੀ ਇਨਸਾਫ਼ ਮੋਰਚੇ ਦੀ ਤਾਲਮੇਲ ਕਮੇਟੀ ਦੇ ਮੈਂਬਰ ਗੁਰਿੰਦਰ ਸਿੰਘ ਬਾਜਵਾ, ਸ਼੍ਰੋਮਣੀ ਅਕਾਲੀ ਦਲ ਫ਼ਤਿਹ ਦੇ ਆਗੂ ਸੁਰਿੰਦਰ ਸਿੰਘ ਨਥਾਣਾ ਨੂੰ ਘਰ ਵਿੱਚ ਨਜ਼ਰਬੰਦ ਕੀਤਾ ਗਿਆ। ਭਾਈ ਜਸਬੀਰ ਸਿੰਘ ਰੋਡੇ, ਗੁਰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਭਾਈ ਪਾਲ ਸਿੰਘ ਫ਼ਰਾਂਸ, ਭਾਈ ਮੋਹਕਮ ਸਿੰਘ ਤੇ ਸਾਥੀਆਂ ਨੂੰ ਗੁਰਦੁਆਰਾ ਅੰਬ ਸਾਹਿਬ ਤੋਂ



ਖਰੜ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਲੰਬਾ ਸਮਾਂ ਥਾਣੇ ਵਿੱਚ ਬਿਠਾਉਣ ਤੋਂ ਬਾਅਦ ਦੇਰ ਸ਼ਾਮ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ। ਭਾਈ ਪਾਲ ਸਿੰਘ ਫ਼ਰਾਂਸ ਨੇ ਦੱਸਿਆ ਕਿ ਉਹ ਆਪਣੇ ਪਿੰਡ ਢੰਡੋਵਾਲ (ਸ਼ਾਹਕੋਟ) ਤੋਂ ਮੋਰਚੇ ’ਚ ਸ਼ਾਮਲ ਹੋਣ ਲਈ ਗਏ ਸਨ। ਗੁਰਦੁਆਰਾ ਅੰਬ ਸਾਹਿਬ ਮੁਹਾਲੀ ਵਿਖੇ ਵੱਡੀ ਗਿਣਤੀ ’ਚ ਪੁਲਿਸ ਮੁਲਾਜ਼ਮਾਂ ਵੱਲੋਂ ਉਨ੍ਹਾਂ ਨੂੰ ਘੇਰਾ ਪਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਇੰਦਰਬੀਰ ਸਿੰਘ ਪਟਿਆਲਾ, ਨਗਿੰਦਰ ਸਿੰਘ ਪਰਜੀਆਂ, ਭਾਈ ਮੋਹਕਮ ਸਿੰਘ ਅਤੇ ਨਰਿੰਦਰ ਸਿੰਘ ਢੰਡੋਵਾਲ ਨੂੰ ਵੀ ਗ੍ਰਿਫ਼ਤਾਰ ਕਰ ਕੇ ਖਰੜ ਥਾਣੇ ਵਿਖੇ ਰੱਖਿਆ ਗਿਆ ਤੇ ਦੇਰ ਸ਼ਾਮ ਸਾਰਿਆਂ ਨੂੰ ਛੱਡ ਦਿੱਤਾ ਗਿਆ। ਭਾਈ ਪਾਲ ਸਿੰਘ ਨੇ ਕਿਹਾ ਕਿ ਮੋਰਚੇ ਵੱਲੋਂ ਸ਼ਾਂਤਮਈ ਢੰਗ ਨਾਲ ਮੁੱਖ ਮੰਤਰੀ ਪੰਜਾਬ ਦੀ ਕੋਠੀ ਵੱਲ ਰੋਸ ਮਾਰਚ ਕੀਤਾ ਜਾਣਾ ਸੀ ਪਰ ‘ਆਪ’ ਸਰਕਾਰ ਲੋਕਾਂ ਦਾ ਰੋਸ ਪ੍ਰਗਟ ਕਰਨ ਦਾ ਕਾਨੂੰਨੀ ਅਧਿਕਾਰ ਵੀ ਖੋਹ ਰਹੀ ਹੈ। ਬੰਦੀ ਸਿੰਘਾਂ ਦੀ ਰਿਹਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ 2 ਸਾਲ ਤੋਂ ਮੋਰਚਾ ਲੱਗਾ ਹੋਇਆ ਹੈ ਪਰ ਕੇਂਦਰ ਤੇ ਪੰਜਾਬ ਸਰਕਾਰ

(ਬਾਕੀ ਸਫ਼ਾ 31 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ...

ਗੁਰਾਂ ਦੇ ਨਾਂਅ 'ਤੇ ਵਸਦੇ ਪੰਜਾਬ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਦੇ ਜਾਏ ਹਮੇਸ਼ਾ ਹੀ ਵੱਖ- ਵੱਖ ਮੁਹਿੰਮਾਂ ਲਈ ਤਿਆਰ ਬਰ ਤਿਆਰ ਰਹਿੰਦੇ ਹਨ।ਪੁਰਾਤਨ ਸਮੇਂ ਵਿੱਚ ਪੰਜਾਬ ਦੇ ਜਾਇਆਂ ਨੇ ਵਿਦੇਸ਼ੀ ਧਾੜਵੀਆਂ ਦਾ ਡੱਟ ਕੇ ਸਾਹਮਣਾ ਕੀਤਾ।ਫ਼ੇਰ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਲਈ ਪੰਜਾਬੀਆਂ ਨੇ ਹੀ ਆਜ਼ਾਦੀ ਅੰਦੋਲਨ ਦੌਰਾਨ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ।ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਭਾਵੇਂ ਕਈ ਕੁਝ ਬਦਲ ਗਿਆ ਪਰ ਪੰਜਾਬ ਦੇ ਜਾਇਆਂ ਲਈ ਮੁਹਿੰਮਾਂ ਖ਼ਤਮ ਨਹੀਂ ਹੋਈਆਂ।ਹਾਂ! ਏਨਾ ਜ਼ਰੂਰ ਹੈ ਕਿ ਇਹ ਮੁਹਿੰਮਾਂ ਵੱਖ-ਵੱਖ ਸਮੇਂ ਆਪਣਾ ਰੂਪ ਜ਼ਰੂਰ ਬਦਲਦੀਆਂ ਰਹੀਆਂ ਹਨ ਪਰ ਇਸ ਪਵਿੱਤਰ ਧਰਤੀ ਦੇ ਜਾਇਆਂ ਨੇ ਕਦੇ ਸੰਘਰਸ਼ ਨੂੰ ਪਿੱਠ ਨਹੀਂ ਦਿਖਾਈ।ਇਸ ਸਤਰਾਂ ਲਿਖਣ ਵੇਲੇ ਵੀ ਪੰਜਾਬ ਦਾ ਜਾਇਆ 70 ਸਾਲਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਐੱਮ.ਐੱਸ.ਪੀ. ਅਤੇ ਹੋਰ ਕਿਸਾਨੀ ਮੰਗਾਂ ਮਨਵਾਉਣ ਲਈ 44 ਦਿਨਾਂ ਤੋਂ ਮਰਨ ਵਰਤ 'ਤੇ ਡਟਿਆ ਹੋਇਆ ਹੈ।ਕਿਸਾਨ ਆਗੂ ਡੱਲੇਵਾਲ ਦੀ ਸਿਹਤ ਨਾਜ਼ਕ ਮੋੜ 'ਤੇ ਪਹੁੰਚ ਚੁੱਕੀ ਹੈ ਅਤੇ ਡਾਕਟਰਾਂ ਅਨੁਸਾਰ ਕਦੇ ਵੀ ਕੋਈ ਭਾਣਾ ਵਾਪਰ ਸਕਦਾ ਹੈ।ਇਸ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਕੋਈ ਹੁੰਗਾਰਾ ਨਹੀਂ ਭਰਿਆ ਗਿਆ ਜਦੋਂ ਕਿ ਕਿਸਾਨ ਆਗੂ ਡੱਲੇਵਾਲ ਕਹਿ ਚੁੱਕੇ ਹਨ ਕਿ ਜੇ ਕੇਂਦਰ ਸਰਕਾਰ ਕਿਸਾਨ ਆਗੂਆਂ ਨਾਲ ਗੱਲਬਾਤ ਦਾ ਹੁੰਗਾਰਾ ਭਰੇ ਤਾਂ ਉਹ ਆਪਣਾ ਮਰਨ ਵਰਤ ਖ਼ਤਮ ਕਰ ਦੇਣਗੇ ਪਰ ਲੱਗਦਾ ਹੈ ਕਿ ਕੇਂਦਰ ਸਰਕਾਰ ਨੂੰ ਉਹਨਾਂ ਦੀ ਜ਼ਿੰਦਗੀ ਹੀ ਪਿਆਰੀ ਨਹੀਂ ਹੈ ਅਤੇ ਕਿਸਾਨਾਂ ਨਾਲ ਗੱਲਬਾਤ ਦੀ ਥਾਂ ਕੇਂਦਰ ਸਰਕਾਰ ਕਿਸਾਨਾਂ ਪ੍ਰਤੀ ਬੇਰੁਖ਼ੀ ਦਿਖਾ ਰਹੀ ਹੈ।ਇਸ ਦੇ ਬਾਵਜੂਦ ਜਿਥੇ ਡੱਲੇਵਾਲ ਮਰਨ ਵਰਤ 'ਤੇ ਡਟੇ ਹੋਏ ਹਨ, ਉਥੇ ਕਿਸਾਨ ਮੋਰਚੇ ਵਿੱਚ ਕਿਸਾਨ ਪੂਰੀ ਤਰ੍ਹਾਂ ਉਤਸ਼ਾਹਿਤ ਨਜ਼ਰ ਆ ਰਹੇ ਹਨ।ਉਹਨਾਂ ਦੇ ਚਿਹਰਿਆਂ 'ਤੇ ਮਾਰਦੀ ਸੂਹੀ ਭਾਅ ਇਸ ਗੱਲ ਦੀ ਸੂਚਕ ਹੈ ਕਿ ਉਹ ਹੁਣ ਲੰਬੇ ਸੰਘਰਸ਼ ਲਈ ਹੀ ਘਰੋਂ ਨਿਕਲੇ ਹਨ।ਆਪਣੇ ਘਰ ਅਤੇ ਖੇਤ ਛੱਡ ਕੇ ਸੜਕਾਂ 'ਤੇ ਦਿਨ ਰਾਤ ਧਰਨੇ ਦੇਣੇ ਆਸਾਨ ਨਹੀਂ ਹੁੰਦੇ, ਉਹ ਵੀ ਕੜਾਕੇ ਦੀ ਠੰਡ ਵਿੱਚ ਪਰ ਪੰਜਾਬ ਦੇ ਕਿਸਾਨਾਂ ਨੇ ਇਹ ਵੀ ਸੰਭਵ ਕਰ ਦਿਖਾਇਆ ਹੈ।

ਵੱਡੀ ਹੈਰਾਨੀ ਤੇ ਦੁੱਖ ਦੀ ਗੱਲ ਹੈ ਕਿ ਕਿਸਾਨਾਂ ਨੂੰ ਉਹਨਾਂ ਦੇ ਹੀ ਦੇਸ਼ ਦੀ ਰਾਜਧਾਨੀ ਵਿੱਚ ਜਾਣ ਤੋਂ ਰੋਕਿਆ ਜਾ ਰਿਹਾ ਹੈ।ਕਿਸਾਨਾਂ ਨੂੰ ਰਾਜਧਾਨੀ ਜਾਣ ਤੋਂ ਰੋਕਣ ਲਈ ਜਿਸ ਤਰੀਕੇ ਨਾਲ ਅੜਿੱਕੇ ਖੜੇ ਕੀਤੇ ਗਏ ਹਨ, ਉਸ ਤੋਂ ਲੱਗਦਾ ਹੈ ਕਿ ਜਿਵੇਂ ਸਰਕਾਰ ਕਿਸਾਨਾਂ ਨੂੰ ਇਸ ਦੇਸ਼ ਦੇ ਵਸਨੀਕ ਨਾ ਸਮਝਦੀ ਹੋਵੇ। ਇਤਿਹਾਸ ਗਵਾਹ ਹੈ ਕਿ ਦਿੱਲੀ ਨੇ ਹਮੇਸ਼ਾ ਹੀ ਪੰਜਾਬ ਨਾਲ ਧੱਕਾ ਕੀਤਾ ਹੈ ਅਤੇ ਇਸ ਵਾਰ ਕਿਸਾਨ ਅੰਦੋਲਨ ਦੌਰਾਨ ਵੀ ਦਿੱਲੀ ਪੰਜਾਬ ਨਾਲ ਵੱਡਾ ਧੱਕਾ ਹੀ ਕਰ ਰਹੀ ਹੈ।ਇਸੇ ਕਰਕੇ ਹੀ ਕਿਸਾਨ ਆਗੂ ਡੱਲੇਵਾਲ ਦੀ ਜ਼ਿੰਦਗੀ ਦੀ ਕੋਈ ਪਰਵਾਹ ਰਾਜਧਾਨੀ ਦਿੱਲੀ ਦੀ ਹਕੂਮਤ ਭਾਵ ਕੇਂਦਰ ਸਰਕਾਰ ਵੱਲੋਂ ਨਹੀਂ ਕੀਤੀ ਜਾ ਰਹੀ।ਉਂਝ ਇਸ ਰਾਜਧਾਨੀ ਨੇ ਬੜੇ ਉਤਰਾਅ-ਚੜ੍ਹਾਅ ਵੇਖੇ ਨੇ। ਕਦੇ ਜਿੱਤਾਂ, ਕਦੇ ਹਾਰਾਂ, ਕਦੇ ਧਰਨੇ, ਕਦੇ ਅੰਦੋਲਨ। ਉਹੋ ਜਿਹੇ ਇੱਥੋਂ ਦੇ ਹਾਕਮ ਹੋ ਗਏ ਹਨ, ਜਿਨ੍ਹਾਂ 'ਤੇ ਕਿਸੇ ਵੀ ਅੰਦੋਲਨ ਜਾਂ ਮੁਹਿੰਮ ਦਾ ਕੋਈ ਅਸਰ ਹੀ ਦਿਖਾਈ ਨਹੀਂ ਦੇ ਰਿਹਾ।ਇਸ ਸਮੇਂ ਦਿੱਲੀ ਦੇ ਹਾਕਮ ਤਾਂ ਸੱਤਾ ਦੇ ਨਸ਼ੇ ਵਿੱਚ ਚੂਰ ਨੇ।ਦੇਸ਼ ਦਾ ਪ੍ਰਧਾਨ ਮੰਤਰੀ ਕਦੇ ਕਹਿੰਦਾ ਸੀ ਕਿ ਦੇਸ਼ ਦੇ ਕਿਸਾਨ ਸਿਰਫ਼ ਉਸ ਤੋਂ ਇੱਕ ਫ਼ੋਨ ਕਾਲ ਜਿੰਨੀ ਦੂਰ ਹਨ, ਪਰ ਨਾ ਤਾਂ ਕਿਸਾਨ ਦਾ ਅੰਦੋਲਨ ਉਸ ਨੂੰ ਦਿਖਾਈ ਦੇ ਰਿਹਾ ਹੈ ਤੇ ਨਾ ਹੀ ਕਿਸਾਨਾਂ ਦੀ ਆਵਾਜ਼ ਸੁਣਾਈ ਦੇ ਰਹੀ ਹੈ।

ਦਿੱਲੀ ਦੀ ਹਕੂਮਤ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਇਸ ਦੂਜੇ ਕਿਸਾਨ ਅੰਦੋਲਨ ਤੋਂ ਪਹਿਲਾਂ ਵੀ ਕਿਸਾਨ ਇਕ ਵੱਡਾ ਅੰਦੋਲਨ ਕਰ ਚੁੱਕੇ ਹਨ, ਜਿਸ ਵਿੱਚ ਕਿਸਾਨਾਂ ਦੀ ਜਿੱਤ ਵੀ ਹੋਈ ਸੀ। ਕਿਸਾਨਾਂ ਨੇ 2020 ਵਿੱਚ ਦਿੱਲੀ ਦੀਆਂ ਬਰੂਹਾਂ 'ਤੇ 379 ਦਿਨ ਲਗਾਤਾਰ ਸੰਘਰਸ਼ ਕਰ ਕੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ ਸਨ। ਉਦੋਂ ਕਿਸਾਨਾਂ ਨੇ ਭਾਵੇਂ ਤਿੰਨ ਖੇਤੀ ਕਾਨੂੰਨ ਤਾਂ ਵਾਪਸ ਕਰਵਾ ਲਏ ਸਨ ਅਤੇ ਕੇਂਦਰ ਸਰਕਾਰ ਨੇ ਐੱਮ.ਐੱਸ.ਪੀ. ਦੀ ਮੰਗ 'ਤੇ ਜੁਲਾਈ 2022 'ਚ ਕਮੇਟੀ ਵੀ ਕਾਇਮ ਕਰ ਦਿੱਤੀ ਸੀ ਪਰ ਅੱਜ ਤੱਕ ਇਹ ਮੰਗ ਕਿਸੇ ਤਣ-ਪੱਤਣ ਨਹੀਂ ਲੱਗੀ। ਇਸ ਮੰਗ ਲਈ ਹੁਣ ਕਿਸਾਨ ਫ਼ਿਰ ਸੰਘਰਸ਼ ਕਰ ਰਹੇ ਹਨ। ਉਦੋਂ ਸੰਘਰਸ਼ ਦੌਰਾਨ ਸੱਤ ਸੌ ਤੋਂ ਵੱਧ ਕਿਸਾਨਾਂ ਨੇ ਸ਼ਹਾਦਤ ਦਿੱਤੀ ਸੀ ਤਾਂ ਜੋ ਖੇਤੀ ਤੇ ਕਿਸਾਨੀ ਨੂੰ ਬਚਾਇਆ ਜਾ ਸਕੇ। ਇਸ ਸਮੇਂ ਪੰਜਾਬ ਦੀ ਕਿਸਾਨੀ ਅਤੇ ਖੇਤੀ ਨੂੰ ਬਚਾਉਣ ਲਈ ਸ਼ਹਾਦਤ ਦੇਣ ਦੇ ਕਿਨਾਰੇ ਪਹੁੰਚ ਚੁੱਕੇ ਹਨ। ਲਗਾਤਾਰ ਭੁੱਖ ਹੜਤਾਲ ਭਾਵ ਮਰਨ ਵਰਤ ਕਾਰਨ ਉਹਨਾਂ ਦੀ ਜਿਸਮਾਨੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ, ਉਹਨਾਂ ਦੇ ਸਰੀਰ ਦੇ ਕਈ ਅੰਗ ਕੰਮ ਕਰਨੋਂ ਹੱਟ ਗਏ ਹਨ ਪਰ ਇਸ ਦੇ ਬਾਵਜੂਦ ਉਹ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਹਨ ਅਤੇ ਉਹਨਾਂ ਨੇ ਸਰਕਾਰ ਦੀ ਈਨ ਨਹੀਂ ਮੰਨੀ।ਇਹੋ ਹੀ ਪੰਜਾਬ ਦਾ ਇਤਿਹਾਸ ਹੈ ਪੰਜਾਬ ਦੇ ਜਾਏ ਕਿਸੇ ਦੀ ਈਨ ਨਹੀਂ ਮੰਨਦੇ ਅਤੇ ਆਪਣੇ ਹੱਕਾਂ ਲਈ ਸ਼ਹਾਦਤਾਂ ਦੇਣ ਵਿੱਚ ਹਮੇਸ਼ਾ ਅੱਵਲ ਰਹਿੰਦੇ ਹਨ।11 ਮਹੀਨਿਆਂ ਤੋਂ ਅੰਤਰਰਾਜੀ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਮੋਰਚਿਆਂ ਦੀ ਧਾਰ ਹੋਰ ਤਿੱਖੀ ਕਰਨ ਲਈ ਯਤਨਸ਼ੀਲ ਕਿਸਾਨ ਆਗੂਆਂ ਦਾ ਕਹਿਣਾ ਹੈ ਜੇ ਕਿਸਾਨ ਆਗੂ ਡੱਲੇਵਾਲ ਨੂੰ ਕੁਝ ਹੋ ਗਿਆ ਤਾਂ ਸ਼ਾਇਦ ਹਾਲਾਤ 'ਤੇ ਕੇਂਦਰ ਸਰਕਾਰ ਦਾ ਕੰਟਰੋਲ ਵੀ ਨਾ ਰਹੇ। ਕਿਸਾਨੀ ਅੰਦੋਲਨ ਦੇਸ਼ ਭਰ ਦੇ ਲੋਕਾਂ ਦਾ ਸਾਂਝਾ ਹੈ, ਜਿਸ ਨੂੰ ਜਿੱਤਣ ਲਈ ਹੁਣ ਨਾ ਸਿਰਫ਼ ਦੇਸ਼ ਦੇ ਸਾਰੇ ਸੂਬਿਆਂ ਬਲਕਿ ਸਮੂਹ ਪਿੰਡਾਂ ਨੂੰ ਵੀ ਪੂਰੀ ਤਾਕਤ ਲਾਉਣ ਦੀ ਲੋੜ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੀ ਅੜੀ ਛੱਡ ਕੇ ਕਿਸਾਨਾਂ ਨਾਲ ਗੱਲਬਾਤ ਕਰੇ ਅਤੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਦੇ ਯਤਨ ਕਰੇ। ਕੇਂਦਰ ਸਰਕਾਰ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਅਤੇ ਕਿਸਾਨ ਆਗੂ ਡੱਲੇਵਾਲ ਦੀ ਸ਼ਹਾਦਤ ਦਾ ਇੰਤਜ਼ਾਰ ਕੀਤੇ ਬਿਨਾਂ ਹੀ ਸਮੇਂ ਸਿਰ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਇਹੋ ਹੀ ਸਮੇਂ ਦੀ ਮੰਗ ਵੀ ਹੈ ਤੇ ਲੋੜ ਵੀ। ਕੇਂਦਰ ਸਰਕਾਰ ਤਾਂ ਸ੍ਰ. ਡੱਲੇਵਾਲ ਦੀ ਸਾਰ ਨਹੀਂ ਲੈ ਰਹੀ, ਪਰ ਕਿਸਾਨ ਮਸਲਿਆਂ ਨੂੰ ਹੱਲ ਕਰਵਾਉਣ ਲਈ ਵੱਖ-ਵੱਖ ਕਿਸਾਨ ਜਥੇਬੰਦੀਆਂ ਨੂੰ ਅੱਡੋ ਅੱਡਰੇ ਨਾ ਹੋ ਕੇ ਸਿਰ ਜੋੜ ਕੇ ਸਾਂਝੇ ਰੂਪ ਵਿੱਚ ਸੰਘਰਸ਼ ਕਰਨ ਦੀ ਲੋੜ ਹੈ।

# ਕੜਾਕੇ ਦੀ ਠੰਡ 'ਚ ਗਰਮਾਏਗੀ ਪੰਜਾਬ ਦੀ ਸਿਆਸਤ !

## ਮੇਲਾ ਮਾਘੀ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਕਾਨਫ਼ਰੰਸਾਂ ਕਰਨ ਦੀ ਤਿਆਰੀ

## ਕੀ ਪੰਜਾਬ ਦੀ ਸਿਆਸਤ 'ਚ ਛਾਇਆ ਧੁੰਦਲਕਾ ਦੂਰ ਕਰਨ 'ਚ ਕਾਮਯਾਬ ਹੋਣਗੀਆਂ ਸਿਆਸੀ ਪਾਰਟੀਆਂ ?

**ਜਗਮੋਹਨ ਸਿੰਘ 'ਲੱਕੀ'**

ਚਾਲੀ ਮੁਕਤਿਆਂ ਦੀ ਧਰਤੀ ਸ਼੍ਰੀ ਮੁਕਤਸਰ ਸਾਹਿਬ ਵਿਖੇ ਜੋੜ ਮੇਲ ਮਾਘੀ ਮੌਕੇ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਸਿਆਸੀ ਕਾਨਫ਼ਰੰਸਾਂ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਕਾਨਫ਼ਰੰਸਾਂ ਦੌਰਾਨ ਜਿਥੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਹੀ ਮੁੜ ਉਭਾਰਨ ਦੀਆਂ ਸਰਗਰਮੀਆਂ ਹੋ ਰਹੀਆਂ ਹਨ, ਉਥੇ ਜੇਲ੍ਹ ਵਿੱਚ ਬੰਦ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਜੀ ਅਤੇ ਸਾਂਸਦ ਭਾਈ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਨਵੀਂ ਸਿਆਸੀ ਪਾਰਟੀ ਦੇ ਗਠਨ ਦੇ ਆਸਾਰ ਬਣਦੇ ਵੀ ਦਿਖਾਈ ਦੇ ਰਹੇ ਹਨ। ਸਾਂਸਦ ਭਾਈ ਸਰਬਜੀਤ ਸਿੰਘ ਇੱਕ ਬਿਆਨ ਵਿੱਚ ਕਹਿ ਚੁੱਕੇ ਹਨ ਕਿ ਪਾਰਟੀ ਦਾ ਨਾਂਅ 'ਅਕਾਲੀ ਦਲ ਆਨੰਦਪੁਰ ਸਾਹਿਬ' ਹੋ ਸਕਦਾ ਹੈ। ਬਾਅਦ ਵਿੱਚ ਉਹਨਾਂ ਕਿਹਾ ਕਿ ਉਹਨਾਂ ਦੀ ਪਾਰਟੀ ਦਾ ਨਾਂਅ 'ਦਿੱਲੀ' ਤੋਂ ਅਜੇ ਫਾਈਨਲ ਹੋ ਕੇ ਨਹੀਂ ਆਇਆ। ਇਸ ਤੋਂ ਇਲਾਵਾ ਅਕਾਲੀ ਦਲ ਬਾਦਲ ਤੋਂ ਬਾਗੀ ਅਤੇ ਅਕਾਲੀ ਦਲ ਸੁਧਾਰ ਲਹਿਰ ਨਾਲ ਜੁੜੇ ਅਕਾਲੀ ਆਗੂ ਵੀ ਮਾਘੀ ਮੇਲੇ ਮੌਕੇ ਮੁੜ ਸਰਗਰਮ ਹੋ ਰਹੇ ਹਨ। ਜਿਸ ਕਰਕੇ ਕੜਾਕੇ ਦੀ ਠੰਡ ਵਿੱਚ ਮੇਲਾ ਮਾਘੀ ਦੌਰਾਨ ਪੰਜਾਬ ਦੀ ਸਿਆਸਤ ਗਰਮਾਉਣ ਦੀ ਸੰਭਾਵਨਾ ਹੈ ਅਤੇ ਇਸ ਮੌਕੇ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਬਣਨ ਦੀ ਸੰਭਾਵਨਾ ਵੀ ਪ੍ਰਗਟਾਈ ਜਾ ਰਹੀ ਹੈ।

ਇਹ ਸਤਰਾਂ ਲਿਖਣ ਵੇਲੇ ਪੰਜਾਬ ਦੀ ਸਿਆਸਤ ਵਿੱਚ ਇੱਕ ਤਰ੍ਹਾਂ ਧੁੰਦਲਕਾ ਜਿਹਾ ਛਾਇਆ ਪ੍ਰਤੀਤ ਹੋ ਰਿਹਾ ਹੈ। ਇੱਕ ਪਾਸੇ ਤਾਂ ਪੰਜਾਬ ਦੇ ਮੌਸਮ ਵਿੱਚ ਇਹਨਾਂ ਦਿਨਾਂ ਦੌਰਾਨ ਜ਼ਿਆਦਾਤਰ ਧੁੰਦ ਹੀ ਛਾਈ ਰਹਿੰਦੀ ਹੈ, ਲੱਗਦਾ ਹੈ ਕਿ ਸ਼ਾਇਦ ਪੰਜਾਬ ਦੇ ਮੌਸਮ ਦਾ ਪੰਜਾਬ ਦੀਆਂ ਸਿਆਸੀ ਪਾਰਟੀਆਂ 'ਤੇ ਵੀ ਅਸਰ ਹੋ ਗਿਆ ਹੈ। ਜਿਸ ਕਰਕੇ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਇੱਕ ਖੜੋਤ ਜਿਹੀ ਨਜ਼ਰ ਆ ਰਹੀ ਹੈ। ਭਾਵੇਂ ਕਿ ਪਿਛਲੇ ਦਿਨੀਂ ਹੋਈਆਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤਾਂ ਦੀ ਚੋਣਾਂ, ਉਸ ਤੋਂ ਪਹਿਲਾਂ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਅਤੇ ਉਸ ਤੋਂ ਵੀ ਪਹਿਲਾਂ ਪੰਚਾਇਤੀ ਚੋਣਾਂ ਦੌਰਾਨ ਪੰਜਾਬ ਦੀ ਸਿਆਸਤ ਪੂਰੀ ਤਰ੍ਹਾਂ ਗਰਮਾਈ ਰਹੀ ਪਰ ਇਸ ਦੇ ਬਾਵਜੂਦ ਇਸ ਸਮੇਂ ਪੰਜਾਬ ਦੀ ਸਿਆਸਤ ਠੰਡੀ ਜਿਹੀ ਪਈ ਹੈ। ਪਿਛਲੇ ਦਿਨਾਂ ਦੌਰਾਨ ਪੰਜਾਬ ਵਿੱਚ ਹੋਈਆਂ ਹਰ ਤਰ੍ਹਾਂ ਦੀਆਂ ਚੋਣਾਂ ਦੌਰਾਨ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਇਹਨਾਂ ਚੋਣਾਂ ਵਿੱਚ ਕੋਈ ਵੀ ਸਿਆਸੀ ਪਾਰਟੀ ਪੰਜਾਬੀਆਂ ਨੂੰ ਕੋਈ ਨਵਾਂ ਪ੍ਰੋਗਰਾਮ ਦੇਣ ਵਿੱਚ ਸਫ਼ਲ ਨਹੀਂ ਹੋਈ। ਕਰੀਬ ਸਾਰੀਆਂ ਹੀ ਸਿਆਸੀ ਪਾਰਟੀਆਂ ਕੋਲ ਉਹੀ ਪੁਰਾਣੀਆਂ ਗੱਲਾਂ ਹਨ, ਜਿਨ੍ਹਾਂ ਨੂੰ ਸੁਣ ਸੁਣ ਕੇ ਪੰਜਾਬ ਦੇ ਲੋਕ ਹੁਣ ਅੱਕੇ ਜਿਹੇ ਨਜ਼ਰ ਆ ਰਹੇ ਹਨ। ਇਹਨਾਂ ਚੋਣਾਂ ਦੌਰਾਨ ਵੱਡੀ ਗਿਣਤੀ ਸਿਆਸੀ ਆਗੂਆਂ ਵੱਲੋਂ ਚੋਣਾਂ ਵਿੱਚ ਜਿੱਤ ਨੂੰ ਹੀ ਸਿਆਸੀ ਨਿਸ਼ਾਨਾ ਮਿਥਿਆ ਗਿਆ ਪਰ ਪੰਜਾਬ ਦੇ ਮੁੱਖ ਮਸਲਿਆਂ ਅਤੇ ਵੱਡੀਆਂ ਸਮੱਸਿਆਵਾਂ ਦੀ ਗੱਲ ਕਿਸੇ ਵੀ ਸਿਆਸੀ ਆਗੂ ਵੱਲੋਂ ਵੱਡੇ ਪੱਧਰ 'ਤੇ ਨਾ ਕੀਤੀ ਗਈ। ਸਿਆਸਤ ਵਿੱਚ ਸੇਵਾ ਦਾ ਨਾਅਰਾ ਦੇ ਕੇ ਆਏ ਵੱਡੀ ਗਿਣਤੀ ਆਗੂ ਆਮ ਲੋਕਾਂ ਦੇ ਮਸਲੇ ਹੱਲ ਕਰਵਾਉਣ ਦੀ ਥਾਂ ਆਪਣੀ ਸਿਆਸਤ ਚਮਕਾਉਣ ਵਿੱਚ ਹੀ ਰੁੱਝੇ ਦਿਖਾਈ ਦਿੱਤੇ। ਇਹ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਉਸਾਰੂ ਬਹਿਸ ਹੋਣ ਦੀ ਥਾਂ ਨਿੱਜੀ ਦੂਸ਼ਣ ਬਾਜ਼ੀ ਭਾਰੂ ਹੋ ਗਈ ਹੈ। ਇਸ ਤੋਂ ਇਲਾਵਾ ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਬੇਲੋੜੇ ਮੁੱਦਿਆਂ ਨੂੰ ਉਠਾਉਣ ਦੀ ਰੀਤ ਚਲ ਪਈ ਹੈ, ਜਿਸ ਕਾਰਨ ਆਮ ਲੋਕਾਂ ਦੇ ਵੱਡੇ ਮਸਲੇ ਪਹਿਲਾਂ ਵਾਂਗ ਲਮਕ ਰਹੇ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਿਆਸੀ ਆਗੂ ਕਈ ਵਾਰ ਅਜਿਹੀਆਂ ਬੇਤੁਕੀਆਂ ਗੱਲਾਂ ਕਰ ਜਾਂਦੇ ਹਨ ਜਾਂ ਬੇਤੁਕੇ ਬਿਆਨ ਦੇ ਦਿੰਦੇ ਹਨ, ਜਿਨ੍ਹਾਂ ਦਾ ਕੋਈ ਅਰਥ ਨਹੀਂ ਹੁੰਦਾ ਅਤੇ ਨਾ ਹੀ ਅਜਿਹੇ ਬਿਆਨਾਂ ਨਾਲ ਕਿਸੇ ਦਾ ਲਾਭ ਹੁੰਦਾ ਹੈ। ਕਈ ਨੇਤਾ ਤਾਂ ਸਿਰਫ਼ ਆਪਣੀ ਫ਼ੋਟੋ ਤੇ ਬਿਆਨ ਅਖ਼ਬਾਰਾਂ ਵਿੱਚ ਛਪਣ ਲਈ ਬੇਤੁਕੇ ਅਤੇ ਵਾਦ ਵਿਵਾਦ ਵਾਲੇ ਬਿਆਨ ਜਾਰੀ ਕਰਦੇ ਰਹਿੰਦੇ ਹਨ। ਜਿਸ ਕਾਰਨ ਪੰਜਾਬ ਦੀ ਸਿਆਸਤ ਦਾ ਮੁਹਾਂਦਰਾ ਬਦਲਦਾ ਜਾ ਰਿਹਾ ਹੈ।



*ਪੰਜਾਬ ਦੇ ਇਤਿਹਾਸ ਵਿੱਚ ਮਾਘੀ ਮੇਲਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਧਾਰਮਿਕ ਮਹੱਤਵ ਤੋਂ ਇਲਾਵਾ ਮਾਘੀ ਮੇਲਾ ਸਿਆਸੀ ਤੌਰ 'ਤੇ ਵੀ ਮਹੱਤਵਪੂਰਨ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮਾਘੀ ਮੇਲੇ ਦੌਰਾਨ ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਸਿਆਸੀ ਕਾਨ.ਫਰੰਸਾਂ ਕੀਤੀਆਂ ਜਾਂਦੀਆਂ ਹਨ ਅਤੇ ਆਪੋ ਆਪਣੇ ਸਿਆਸੀ ਪ੍ਰੋਗਰਾਮ ਨੂੰ ਪੇਸ਼ ਕੀਤਾ ਜਾਂਦਾ ਹੈ। ਇਹਨਾਂ ਸਿਆਸੀ ਕਾਨ.ਫਰੰਸਾਂ ਵਿੱਚ ਵੱਖ- ਵੱਖ ਸਿਆਸੀ ਆਗੂ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫ਼ੁੱਲ ਭੇਂਟ ਕਰਨ ਤੋਂ ਬਾਅਦ ਸਿਆਸੀ ਗੱਲਾਂ ਕਰਦੇ ਹਨ। ਵੱਡੀ ਗਿਣਤੀ ਸ਼ਰਧਾਲੂ ਪਵਿੱਤਰ ਗੁਰਧਾਮਾਂ ਵਿੱਚ ਨਤਮਸਤਕ ਹੋਣ ਤੋਂ ਬਾਅਦ ਇਹਨਾਂ ਸਿਆਸੀ ਕਾਨ.ਫਰੰਸਾਂ ਵਿੱਚ ਵੀ ਹਾਜ਼ਰੀ ਭਰਦੇ ਹਨ ਅਤੇ ਆਪਣੀ ਸਿਆਸੀ ਜਾਣਕਾਰੀ ਵਿੱਚ ਵਾਧਾ ਕਰਦੇ ਹਨ।*

ਪੰਜਾਬ ਦੀ ਮੌਜੂਦਾ ਸਿਆਸਤ ਦੀ ਪੜਚੋਲ ਕਰਦਿਆਂ ਇਹ ਗੱਲ ਵੀ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਿਆਸੀ ਪਾਰਟੀਆਂ ਨੂੰ ਪੰਜਾਬ ਦੇ ਮੁੱਖ ਮਸਲੇ ਤੇ ਸਮੱਸਿਆਵਾਂ ਜਾਂ ਤਾਂ ਭੁੱਲ ਗਏ ਹਨ ਜਾਂ ਉਹਨਾਂ ਨੇ ਇਹਨਾਂ ਮਸਲਿਆਂ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਹੈ। ਇਸ ਸਮੇਂ ਦਰਿਆਈ ਪਾਣੀਆਂ ਦਾ ਰੇੜਕਾ, ਧਰਤੀ ਹੇਠਲੇ ਪਾਣੀ ਦਾ ਘਟਦੇ ਜਾਣਾ, ਪੰਜਾਬ ਦੇ ਪਾਣੀ ਵਿੱਚ ਭਰਦਾ ਜਾ ਰਿਹਾ ਯੂਰੇਨੀਅਮ, ਨਸ਼ਾ, ਬੇਰੁਜ਼ਗਾਰੀ, ਅਮਨ ਕਾਨੂੰਨ ਦੀ ਸਥਿਤੀ, ਖ਼ੂਨ ਪੀਣੀਆਂ ਸੜਕਾਂ, ਮਹਿੰਗਾਈ, ਪਰਵਾਸ, ਪ੍ਰਦੂਸ਼ਣ ਆਦਿ ਮੁੱਖ ਸਮੱਸਿਆਵਾਂ ਹਨ, ਜਿਨ੍ਹਾਂ ਬਾਰੇ ਵੱਡੀ ਗਿਣਤੀ ਸਿਆਸੀ ਆਗੂ ਚੁੱਪ ਹੀ ਰਹਿੰਦੇ ਹਨ। ਪੰਜਾਬ ਦੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਦਾ ਜ਼ਿਆਦਾ ਹੋਣਾ ਭਾਵੇਂ ਨਵਾਂ ਮਸਲਾ ਕਿਹਾ ਜਾ ਸਕਦਾ ਹੈ ਪਰ ਬਾਕੀ ਮਸਲੇ ਤਾਂ ਬਹੁਤ ਪੁਰਾਣੇ ਹਨ, ਜਿਨ੍ਹਾਂ ਦੇ ਹੱਲ ਲਈ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਕਦੇ ਵੀ ਸੁਹਿਰਦ ਯਤਨ ਨਹੀਂ ਕੀਤੇ ਗਏ। ਸਿਆਸੀ ਪਾਰਟੀਆਂ ਨੂੰ ਉਪਰੋਕਤ ਮਸਲਿਆਂ ਦੀ ਯਾਦ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਵੇਲੇ ਹੀ ਆਉਂਦੀ ਹੈ, ਉਸ ਸਮੇਂ ਸਿਆਸੀ ਪਾਰਟੀਆਂ ਇਹਨਾਂ ਮੁੱਦਿਆਂ ਨੂੰ ਉਭਾਰ ਕੇ ਲੋਕਾਂ ਦੀਆਂ ਵੋਟਾਂ ਬਟੋਰਨ ਦਾ ਕੰਮ ਕਰਦੀਆਂ ਹਨ ਅਤੇ ਚੋਣਾਂ ਤੋਂ ਬਾਅਦ ਇਹ ਮੁੱਦੇ ਤੇ ਮਸਲੇ ਮੁੜ ਠੰਡੇ ਬਸਤੇ ਵਿੱਚ ਪਾ ਦਿੱਤੇ ਜਾਂਦੇ ਹਨ।

ਜਿਵੇਂ ਜਿਵੇਂ ਮੇਲਾ ਮਾਘੀ ਦਾ ਦਿਨ ਨੇੜੇ ਆ ਰਿਹਾ ਹੈ, ਉਵੇਂ ਹੀ ਪੰਜਾਬ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਸਾਰੀਆਂ ਹੀ ਸਿਆਸੀ ਧਿਰਾਂ ਮਾਘੀ ਮੇਲੇ ਮੌਕੇ ਆਪੋ ਆਪਣੀਆਂ ਸਿਆਸੀ ਕਾਨ.ਫਰੰਸਾਂ ਨੂੰ ਸਫ਼ਲ ਕਰਨ ਅਤੇ ਇਹਨਾਂ ਕਾਨ.ਫਰੰਸਾਂ ਵਿੱਚ ਵੱਧ ਤੋਂ ਵੱਧ ਤੋਂ ਲੋਕਾਂ ਦੀ ਸ਼ਮੂਲੀਅਤ ਕਰਵਾਉਣ ਲਈ ਪੂਰੇ ਯਤਨ ਕਰ ਰਹੀਆਂ ਹਨ। ਪੰਜਾਬ ਦੇ ਵੱਡੀ ਗਿਣਤੀ ਲੋਕ ਵੀ ਮਾਘੀ ਮੇਲੇ ਦੀ ਉਤਸੁਕਤਾ ਨਾਲ ਉਡੀਕ ਕਰ ਰਹੇ ਹਨ। ਮਾਘੀ ਮੇਲੇ ਮੌਕੇ ਪੰਜਾਬ ਦੇ ਵੱਡੀ ਗਿਣਤੀ ਲੋਕ ਮੁਕਤਸਰ ਦੇ ਪਵਿੱਤਰ ਗੁਰਧਾਮਾਂ ਵਿੱਚ ਨਤਮਸਤਕ ਹੋ ਕੇ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫ਼ੁੱਲ ਭੇਂਟ ਕਰਦੇ ਹਨ, ਉਥੇ ਅਨੇਕਾਂ ਲੋਕ ਸਿਆਸੀ ਕਾਨ.ਫਰੰਸਾਂ ਵਿੱਚ ਸ਼ਾਮਲ ਹੋ ਕੇ ਸਿਆਸੀ ਆਗੂਆਂ ਦੇ ਵਿਚਾਰ ਵੀ ਸੁਣਦੇ ਹਨ। ਇਸੇ ਕਾਰਨ ਹੀ ਸਾਰੀਆਂ ਸਿਆਸੀ ਧਿਰਾਂ ਵੱਧ ਤੋਂ ਵੱਧ ਲੋਕਾਂ ਨੂੰ ਆਪਣੀਆਂ ਕਾਨ.ਫਰੰਸਾਂ ਵਿੱਚ ਸ਼ਾਮਲ ਕਰਨ ਕਰਨ ਲਈ ਹੁਣੇ ਤੋਂ ਸਰਗਰਮ ਹੋ ਗਈਆਂ ਹਨ। ਕਿਹਾ ਜਾਂਦਾ ਹੈ ਕਿ ਜਿਸ ਸਿਆਸੀ ਧਿਰ ਦੀ ਕਾਨ.ਫਰੰਸ ਵਿੱਚ ਸਭ ਤੋਂ ਵੱਧ ਇਕੱਠ ਹੁੰਦਾ ਹੈ, ਉਸੇ ਸਿਆਸੀ ਧਿਰ ਦੀ ਕਾਨ.ਫਰੰਸ ਨੂੰ ਸਫ਼ਲ ਕਿਹਾ ਜਾਂਦਾ ਹੈ। ਪੰਜਾਬ ਦੇ ਲੋਕ ਉਮੀਦ ਕਰ ਰਹੇ ਹਨ ਕਿ ਮਾਘੀ ਮੇਲੇ ਦੌਰਾਨ ਸਿਆਸੀ ਕਾਨ.ਫਰੰਸਾਂ ਵਿੱਚ ਸ਼ਾਇਦ ਸਿਆਸੀ ਪਾਰਟੀਆਂ ਪੰਜਾਬ ਦੇ ਲੋਕਾਂ ਲਈ ਨਵਾਂ ਸਿਆਸੀ ਪ੍ਰੋਗਰਾਮ ਪੇਸ਼ ਕਰਨ, ਪਰ ਇਸ ਦੀ ਸੰਭਾਵਨਾ ਘੱਟ ਹੀ ਲੱਗਦੀ ਹੈ ਕਿਉਂਕਿ ਕਰੀਬ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚ ਪੰਜਾਬ ਦੇ ਹਿੱਤਾਂ ਦੀ ਥਾਂ ਨਿੱਜੀ ਹਿੱਤ ਵਧੇਰੇ ਉਭਰੇ ਹੋਏ ਹਨ।

ਹੋਰਨਾਂ ਸਿਆਸੀ ਆਗੂਆਂ ਵਾਂਗ ਹੀ ਅਕਾਲੀ ਦਲ ਦੇ ਆਗੂਆਂ ਵੱਲੋਂ ਵੀ ਨਿੱਜੀ ਹਿੱਤਾਂ ਨੂੰ ਪਹਿਲ ਦੇਣ ਕਰਕੇ ਅਕਾਲੀ ਦਲ ਮੌਜੂਦਾ ਸਥਿਤੀ ਵਿੱਚ ਪਹੁੰਚ ਚੁੱਕਿਆ ਹੈ। ਪੰਜਾਬ ਦੇ ਵੱਡੀ ਗਿਣਤੀ ਲੋਕ ਸ਼੍ਰੋਮਣੀ ਅਕਾਲੀ ਦਲ ਤੋਂ ਨਹੀਂ ਸਗੋਂ ਸਿਰਫ਼ ਅਕਾਲੀ ਆਗੂਆਂ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ। ਮੇਲਾ ਮਾਘੀ ਮੌਕੇ ਸਿਆਸੀ ਕਾਨਫਰੰਸ ਵਿੱਚ ਸਿੱਖ ਪੰਥ ਦਾ ਭਰੋਸਾ ਜਿੱਤਣਾ ਅਕਾਲੀ ਲੀਡਰਸ਼ਿਪ ਲਈ ਵੱਡੀ ਚੁਣੌਤੀ ਹੋਵੇਗੀ। ਮਾਘੀ ਕਾਨ.ਫਰੰਸ ਅਕਾਲੀ ਦਲ ਦੇ ਭਵਿੱਖ ਦਾ ਫੈਸਲਾ ਕਰੇਗੀ। ਦੂਜੇ ਪਾਸੇ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅਤੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਵੱਲੋਂ ਇੱਕ ਪੰਥਕ ਪਾਰਟੀ ਬਣਾਉਣ ਦਾ ਐਲਾਨ ਕੀਤੇ ਜਾਣ ਦੀਆਂ ਕਨਸੋਆਂ ਕਾਰਨ ਪੰਜਾਬ ਦੀ ਸਿਆਸਤ ਦੇ ਸਮੀਕਰਨ ਬਦਲ ਸਕਦੇ ਹਨ। ਲੋਕ ਸਭਾ ਚੋਣਾਂ ਵਿੱਚ ਚੱਲੀ ਵਿਸ਼ੇਸ਼ ਲਹਿਰ ਦੌਰਾਨ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਅੰਮ੍ਰਿਤਪਾਲ ਸਿੰਘ ਅਤੇ ਫਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਅਜ਼ਾਦ ਤੌਰ 'ਤੇ ਸੰਸਦ ਮੈਂਬਰ ਚੁਣੇ ਗਏ ਸਨ। ਜੇਕਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਦੀ ਅਗਵਾਈ ਹੇਠ ਹੋਣ ਵਾਲੀ ਕਾਨਫਰੰਸ ਵਿੱਚ ਵੱਡਾ ਇਕੱਠ ਹੋ ਜਾਂਦਾ ਹੈ ਜਾਂ ਨਵੀਂ ਪਾਰਟੀ ਦਾ ਐਲਾਨ ਹੋ ਜਾਂਦਾ ਹੈ ਤਾਂ ਅਕਾਲੀ ਦਲ ਲਈ ਇੱਕ ਵੱਡੀ ਚੁਣੌਤੀ ਖੜੀ ਹੋ ਸਕਦੀ ਹੈ। ਇਸ ਸਮੇਂ ਸਭ ਦੀਆਂ ਨਜ਼ਰਾਂ ਮਾਘੀ ਮੇਲੇ 'ਤੇ ਹੋਣ ਵਾਲੀਆਂ ਸਿਆਸੀ ਕਾਨ.ਫਰੰਸਾਂ ਵੱਲ ਲੱਗੀਆਂ ਹੋਈਆਂ ਹਨ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਸਿੱਖ ਪੰਥ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਹੀ ਪ੍ਰਵਾਨ ਕਰੇਗਾ ? ਜਾਂ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਦੀ ਅਗਵਾਈ ਵਿੱਚ ਹੋ ਰਹੀ ਸਿਆਸੀ ਕਾਨਫਰੰਸ ਵਿੱਚ ਵੱਡਾ ਇਕੱਠ ਹੋਵੇਗਾ ? ਮਾਘੀ ਕਾਨ.ਫਰੰਸਾਂ ਵਿੱਚ ਇਹ ਵੀ ਵੇਖਣ ਵਾਲੀ ਗੱਲ ਹੋਵੇਗੀ ਕਿ ਪੰਜਾਬ ਦੀ ਸਿਆਸਤ ਵਿੱਚ ਹੁਣ ਗਰਮ ਦਲ਼ੀ ਉਭਰਨਗੇ ਜਾਂ ਫਿਰ ਨਰਮ ਦਲ਼ੀ ਅਕਾਲੀ ਦਲ ਨੂੰ ਹੀ ਪੰਥ ਹੁੰਗਾਰਾ ਭਰੇਗਾ ? ਇਸ ਸਮੇਂ ਫੈਸਲਾ ਸਿੱਖ ਪੰਥ ਦੀ ਕਚਹਿਰੀ ਵਿੱਚ ਹੋਵੇਗਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਵੀ ਕਹਿ ਚੁੱਕੇ ਹਨ ਕਿ ਅਕਾਲੀ ਆਗੂਆਂ ਨੂੰ ਹੁਣ ਪੰਥ ਦੀ ਕਚਹਿਰੀ ਵਿੱਚ ਜਾਣਾ ਚਾਹੀਦਾ ਹੈ। ਹੁਣ ਪੰਥ ਕਿਸ ਸਿਆਸੀ ਧਿਰ ਨੂੰ ਹੁੰਗਾਰਾ ਭਰਦਾ ਹੈ ?, ਇਸ ਦਾ ਪਤਾ ਤਾਂ ਮਾਘੀ ਕਾਨ.ਫਰੰਸਾਂ ਤੋਂ ਹੀ ਲੱਗੇਗਾ।

# ਕੀ ਹੈ ਕੇਂਦਰੀ ਖੇਤੀ ਮੰਡੀਕਰਨ ਨੀਤੀ, ਕਿਸਾਨਾਂ ਦੇ ਲਈ ਹਾਨੀਕਾਰਕ ਕਿਉਂ ?



ਡਾ. ਅਮਨਪ੍ਰੀਤ ਸਿੰਘ ਬਰਾੜ

ਭਾਵੇਂ ਖੇਤੀ ਕਾਨੂੰਨ ਵਾਪਸ ਲੈ ਲਏ ਗਏ ਸਨ ਅਤੇ ਇਸ ਤੋਂ ਬਾਅਦ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਅੰਦੋਲਨ ਵੀ ਖ਼ਤਮ ਹੋ ਗਿਆ ਸੀ ਪਰ ਫ਼ਿਰ ਵੀ ਕਿਸਾਨ ਸੜਕਾਂ 'ਤੇ ਹੀ ਰੁਲ ਰਹੇ ਹਨ। ਮੁੱਖ ਮੰਗ 'ਚੋਂ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਤਾਂ ਮੰਨ ਲਈ ਗਈ ਸੀ ਪਰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ (ਐਮ.ਐਸ.ਪੀ.) ਅੱਜ ਵੀ ਉੱਥੇ ਹੀ ਖੜ੍ਹੀ ਹੈ। ਇਸ ਬਾਰੇ ਸਰਕਾਰੀ ਅਫ਼ਸਰਸ਼ਾਹੀ ਕਹਿੰਦੀ ਹੈ ਕਿ ਜੇ ਇਸ ਨੂੰ ਲਾਗੂ ਕਰ ਦਿੱਤਾ ਗਿਆ ਤਾਂ ਖਰੀਦ ਸਰਕਾਰ ਦੇ ਗਲ ਪੈ ਜਾਵੇਗੀ, ਜਦੋਂਕਿ ਇਹ ਗੱਲ ਸਹੀ ਨਹੀਂ। ਕਿਸਾਨਾਂ ਦਾ ਤਰਕ ਹੈ ਕਿ ਖਰੀਦ ਭਾਵੇਂ ਸਰਕਾਰੀ ਹੋਵੇ ਜਾਂ ਨਿੱਜੀ (ਕੋਈ ਖਰੀਦੇ) ਪਰ ਖੇਤੀ ਜਿਣਸਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਵਿਕਣ ਕਿਉਂਕਿ ਇਹ ਲਾਗਤ ਅਨੁਸਾਰ ਸਰਕਾਰ ਨਿਰਧਾਰਿਤ ਕਰਦੀ ਹੈ। ਇਸ 'ਚ ਗੱਲ ਗ਼ਲਤ ਵੀ ਕੀ ਹੈ? ਚੀਜ਼ ਤਾਂ ਹਰ ਕੋਈ ਵਿਕਦੀ ਹੈ ਪਰ ਜਦੋਂ ਫ਼ਸਲ ਕਿਸਾਨਾਂ ਕੋਲ ਹੁੰਦੀ ਹੈ ਤਾਂ ਵਪਾਰੀ ਭਾਅ ਡਿਗਾ ਦਿੰਦੇ ਹਨ ਅਤੇ ਬਾਅਦ 'ਚ ਉਸ ਨੂੰ ਆਪ ਚੋਖੇ ਮੁਨਾਫ਼ੇ 'ਤੇ ਵੇਚਦੇ ਹਨ। ਇਸ ਕਾਰਨ ਹੀ ਮੰਡੀਕਰਨ ਦੀ ਸਮੱਸਿਆ ਪੈਦਾ ਹੁੰਦੀ ਹੈ, ਇਸ ਕਾਰਨ ਹੀ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਨੀਤੀ ਦੇਸ਼ ਵਿੱਚ ਲਾਗੂ ਕੀਤੀ ਗਈ ਸੀ। ਹੁਣ ਖੇਤੀ ਤੇ ਕਿਸਾਨਾਂ ਨੂੰ ਵੀ ਨਿੱਜੀ ਵਪਾਰੀਆਂ ਦੇ ਹਵਾਲੇ ਕਰਕੇ ਸਰਕਾਰ ਇਸ ਵਿਚੋਂ ਨਿਕਲਣ ਦੀ ਨਿਰੰਤਰ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਇੱਕ ਵਾਰ ਫ਼ਿਰ ਮੰਡੀਕਰਨ ਨੀਤੀ 'ਤੇ ਖਰੜਾ ਲੈ ਕੇ ਸਾਹਮਣੇ ਆਈ ਹੈ, 'ਨੈਸ਼ਨਲ ਪਾਲਿਸੀ ਫ਼ਰੇਮਵਰਕ ਆਨ ਐਗਰੀਕਲਚਰਲ ਮਾਰਕੀਟਿੰਗ' ਜਿਸ 'ਤੇ ਸੂਬਾ ਸਰਕਾਰਾਂ ਅਤੇ ਜਨਤਾ ਤੋਂ ਟਿੱਪਣੀਆਂ ਅਤੇ ਸੁਝਾਅ ਮੰਗੇ ਗਏ ਹਨ। ਅੱਜ ਇਸ 'ਤੇ ਹੀ ਚਰਚਾ ਕਰਦੇ ਹਾਂ। ਦਰਅਸਲ ਇਸ ਵਾਰ ਕੇਂਦਰ ਸਰਕਾਰ ਇਹ ਨੀਤੀ ਸੂਬਿਆਂ ਤੋਂ ਲਾਗੂ ਕਰਵਾਉਣਾ ਚਾਹੁੰਦੀ ਹੈ। ਜਦੋਂ ਨਵੇਂ ਖੇਤੀ ਕਾਨੂੰਨ ਆਏ ਤਾਂ ਸਭ ਤੋਂ ਵੱਡਾ ਖ਼ਤਰਾ ਸੀ ਸਰਕਾਰੀ ਮੰਡੀਆਂ ਦੇ ਟੁੱਟਣ ਦਾ, ਕਿਉਂਕਿ ਨਾਅਰਾ ਸੀ 'ਇੱਕ ਦੇਸ਼, ਇੱਕ ਮੰਡੀ'। ਇਸ ਦਾ ਭਾਵ ਸੀ ਕਿ ਸਾਰਾ ਦੇਸ਼ ਹੀ ਮੰਡੀ ਹੈ, ਕਿਸਾਨ ਕਿਤੇ ਵੀ ਜਾ ਕੇ ਵੇਚ ਸਕਦਾ ਹੈ। ਇਸ ਨੂੰ ਹੁਣ ਹੋਰ ਤਰੀਕੇ ਨਾਲ ਲਿਆ ਜਾ ਰਿਹਾ ਹੈ, ਜਿਵੇਂ ਕਿ ਸਰਕਾਰੀ ਮੰਡੀਆਂ ਦੇ ਨਾਲ-ਨਾਲ ਪ੍ਰਾਈਵੇਟ ਮੰਡੀਆਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਕਹੀ ਗਈ ਹੈ। ਇਸ 'ਚ ਨਿੱਜੀ ਮੰਡੀ ਖੋਲ੍ਹਣ ਦੀ ਫ਼ੀਸ ਨੂੰ ਘਟਾਇਆ ਜਾਵੇ, ਸਕਿਉਰਿਟੀ, ਬੈਂਕ ਗਰੰਟੀ ਦੀ ਹੀ ਮੰਨ ਲਈ ਜਾਵੇ। ਇਸ ਦੇ ਨਾਲ-ਨਾਲ ਸਿੱਧੀ ਖਰੀਦ ਭਾਵ ਕਿਸਾਨ ਦੇ ਖੇਤ 'ਚੋਂ ਹੀ ਖਰੀਦ ਹੋਵੇ ਅਤੇ ਮੰਡੀ ਫ਼ੀਸ ਨਾ ਦੇਣੀ ਪਵੇ। ਇਸ ਅਧੀਨ ਸਾਇਲੋ, ਸ਼ੈਲਰ, ਸਟੋਰ, ਫ਼ੈਕਟਰੀ ਜਾਂ ਕੋਈ ਹੋਰ ਜਗ੍ਹਾ ਜੋ ਮੰਡੀ ਤੋਂ ਬਾਹਰ ਵੀ ਹੈ, ਉਸ ਨੂੰ ਵੀ ਮੰਡੀ ਗਿਣਿਆ ਜਾਵੇ। ਇਸ ਦੇ ਨਾਲ ਹੀ 2016 'ਚ ਸ਼ੁਰੂ ਕੀਤਾ ਡਿਜੀਟਲ ਪਲੇਟਫ਼ਾਰਮ (ਈਨੈਮ) ਨੂੰ ਵਧਾਉਣ ਦੀ ਗੱਲ ਵੀ ਕਹੀ ਗਈ ਹੈ। ਇੱਥੇ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਇਸ ਨਾਲ ਕਿਸਾਨ ਕੋਲ ਬਦਲ ਜ਼ਿਆਦਾ ਹੋਣਗੇ, ਖਰੀਦਣ ਵਾਲਿਆਂ 'ਚ ਮੁਕਾਬਲਾ ਵਧੇਗਾ, ਜਿਸ ਨਾਲ ਕਿਸਾਨਾਂ ਦਾ ਮੁਨਾਫ਼ਾ ਵਧੇਗਾ। ਸੋਚਣ ਤੇ ਵਿਚਾਰਨ ਵਾਲੀ ਗੱਲ ਇਹ ਹੈ ਕੀ ਮੰਡੀਆਂ ਵਧਣ ਦੇ ਨਾਲ ਖਰੀਦਦਾਰ ਵੀ ਵਧਣਗੇ? ਇਸ ਵੇਲੇ ਬਹੁਤੇ ਆੜ੍ਹਤੀਆਂ ਦੇ ਹੀ ਸ਼ੈਲਰ ਹਨ, ਜੋ ਮੰਡੀ 'ਚੋਂ ਖਰੀਦਦੇ ਹਨ ਭਾਵ ਮੰਡੀ 'ਚ ਵੇਚੋ ਜਾਂ ਸ਼ੈਲਰ 'ਚ ਗਾਹਕ ਤਾਂ ਇੱਕ ਹੀ ਹੈ। ਇਸੇ ਤਰ੍ਹਾਂ ਸਾਈਲੋ 'ਚ ਸਿੱਧਾ ਜਾ ਕੇ ਵੇਚੋ ਜਾਂ ਫ਼ਿਰ ਮੰਡੀ 'ਚ, ਖਰੀਦਦਾਰ ਸਾਇਲੋ ਵਾਲੀ ਕੰਪਨੀ ਹੀ ਹੈ। ਇਸ ਨਾਲ ਕਿਸਾਨਾਂ ਦੀ ਆਮਦਨ ਵਧਣ ਦੀ ਆਸ ਨਹੀਂ ਪਰ ਅਨਾਜ ਦਾ ਵਪਾਰ ਆੜ੍ਹਤੀਆਂ ਹੱਥੋਂ ਨਿਕਲਣ ਨਾਲ ਠੱਗੀ ਦੇ ਮੌਕੇ ਵੀ ਵਧਣਗੇ ਪਰ ਕੰਪਨੀਆਂ ਦੇ ਮੰਡੀ ਦੇ ਖਰਚੇ ਬਚਣਗੇ, ਜਿਵੇਂ ਗੰਨਾ ਮਿੱਲਾਂ ਵਾਲਿਆਂ ਪਿੱਛੇ ਕਿਸਾਨ ਸਾਲਾਂਬੱਧੀ ਤੁਰੇ ਫ਼ਿਰਦੇ ਹਨ। ਸਗੋਂ ਹਰ ਪਾਸਿਓਂ ਕਿਸਾਨ ਦੀ ਫ਼ਸਲ 'ਚ ਨੁਕਸ ਕੱਢ ਕੇ ਨਿਰਾਸ਼ ਕਰ ਕੇ ਘਾਟੇ 'ਤੇ ਹੀ ਵੇਚਣ ਨੂੰ ਮਜਬੂਰ ਕੀਤਾ ਜਾਵੇਗਾ। ਆਨਲਾਈਨ ਮੰਡੀ 'ਚ ਵੇਚਣ 'ਤੇ ਪੈਸਿਆਂ ਦੇ ਲੈਣ-ਦੇਣ ਅਤੇ ਫ਼ਸਲ ਦੀ ਗੁਣਵੱਤਾ ਤੇ ਝਗੜੇ ਪੈਣ ਦੀ ਸੰਭਾਵਨਾ ਵੀ ਵਧੇਗੀ।



ਜੇ ਕਿਸਾਨ, ਐੱਫ਼.ਪੀ.ਓ. (ਫ਼ਾਰਮਰ ਪ੍ਰੋਡਿਊਸਰ ਆਰਗਨਾਈਜ਼ੇਸ਼ਨ) ਸਿੱਧਾ ਪ੍ਰੋਸੈਸਿੰਗ ਯੂਨਿਟ ਜਾਂ ਐਕਸਪੋਰਟਰ ਨੂੰ ਸਿੱਧੀ ਵੇਚਦੇ ਹਨ ਤਾਂ ਉਸ ਨੂੰ ਕੋਈ ਮੰਡੀ ਫ਼ੀਸ ਨਹੀਂ ਲੱਗੇਗੀ। ਤਰਕ ਇਹ ਹੈ ਕਿ ਪ੍ਰੋਸੈਸਿੰਗ ਉਦਯੋਗ ਅਤੇ ਐਕਸਪੋਰਟ ਨੂੰ ਹੁਲਾਰਾ ਮਿਲੇਗਾ ਜੋ ਮੰਡੀ ਫ਼ੀਸ ਬਚੇਗੀ ਉਸ ਨਾਲ ਕਿਸਾਨ ਨੂੰ ਪੈਸੇ ਵੱਧ ਮਿਲਣਗੇ ਅਤੇ ਉਸ ਦਾ ਮੁਨਾਫ਼ਾ ਵਧੇਗਾ। ਕਿਸਾਨ ਨੂੰ ਮੁਨਾਫ਼ਾ ਤਾਂ ਕਿਸ ਨੇ ਦੇਣਾ ਹੈ। ਮੰਡੀ ਫ਼ੀਸ ਬੰਦ ਹੋ ਗਈ, ਸਰਕਾਰੀ ਮੰਡੀਆਂ ਖ਼ਤਮ ਹੋ ਜਾਣਗੀਆਂ ਤੇ ਸਭ ਕੁਝ ਨਿੱਜੀ ਵਪਾਰੀਆਂ ਦੇ ਹੱਥ ਆ ਜਾਵੇਗਾ, ਪਿੰਡਾਂ ਦਾ ਵਿਕਾਸ ਰੁਕ ਜਾਵੇਗਾ। ਸਾਰੀ ਨੀਤੀ ਦਾ ਇਕੋ ਟੀਚਾ ਹੈ ਕਿਸੇ ਨਾ ਕਿਸੇ ਤਰੀਕੇ ਪ੍ਰਾਈਵੇਟ ਅਦਾਰਿਆਂ ਨੂੰ ਮੰਡੀਆਂ ਅੰਦਰ ਵਾੜਿਆ ਜਾਵੇ। ਹਰ ਚੀਜ਼ 'ਚ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.)। ਸੜਕਾਂ ਪੀ.ਪੀ.ਪੀ. ਮੋਡ ਜਾਂ ਬੀ.ਓ.ਟੀ. ਵਿੱਚ ਬਣਾਈਆਂ ਗਈਆਂ, ਸਿੱਟੇ ਵਜੋਂ ਬੱਸ ਦੇ ਕਿਰਾਏ ਨਾਲੋਂ ਟੋਲ ਜ਼ਿਆਦਾ ਲੱਗਦਾ ਹੈ। ਪੰਜਾਬ ਨੇ 2017 ਵਿੱਚ ਐਮ.ਪੀ.ਐਮ.ਸੀ. ਐਕਟ 'ਚ ਸੋਧ ਕੀਤੀ ਸੀ, ਉਸ 'ਚ ਉਨ੍ਹਾਂ ਨੇ ਪ੍ਰਾਈਵੇਟ ਮੰਡੀ ਸਰਕਾਰੀ ਮੰਡੀ ਤੋਂ ਪੰਜ ਕਿਲੋਮੀਟਰ ਦੂਰੀ 'ਤੇ ਖੋਲ੍ਹਣ ਦੀ ਇਜਾਜ਼ਤ ਦਿੱਤੀ ਸੀ ਅਤੇ ਕੁਝ ਸ਼ਰਤਾਂ ਰੱਖੀਆਂ ਸਨ। ਉਸ ਐਕਟ ਅਧੀਨ ਆਪਣੀ ਮੰਡੀ ਕਿਸੇ ਨੇ ਨਹੀਂ ਬਣਾਈ, ਫ਼ਿਰ ਚਲਦੀ ਸਰਕਾਰੀ ਮੰਡੀ ਵਿਚ ਪੀ.ਪੀ.ਪੀ. ਦਾ ਕੀ ਮਤਲਬ? ਵਪਾਰੀ ਚਲਦਾ ਹੋਇਆ ਸਿਸਟਮ ਅਤੇ ਕਾਰੋਬਾਰ ਹਥਿਆਉਣਾ ਚਾਹੁੰਦੇ ਹਨ। ਉਹ ਸਰਕਾਰੀ ਮੰਡੀਆਂ 'ਚ ਕੁਦਰਤੀ ਖੇਤੀ, ਆਰਗੈਨਿਕ ਖੇਤੀ, ਈ-ਨੇਮ ਆਦਿ ਲਈ ਜਗ੍ਹਾ ਭਾਲ ਰਹੇ ਹਨ। ਕਿਉਂ ਨਾ ਇਹ ਪ੍ਰਾਈਵੇਟ ਮੰਡੀ ਹੀ ਚਲਾ ਲੈਣ, ਕਿਉਂਕਿ ਈ-ਨੇਮ ਪੋਰਟਲ ਆਦਿ ਨਿੱਜੀ ਵਪਾਰੀਆਂ ਦੇ ਹੀ ਚੱਲਣੇ ਹਨ, ਇਹ ਆਮ ਕਿਸਾਨਾਂ ਦੇ ਵੱਸ ਦੀ ਗੱਲ ਨਹੀਂ।

ਸਰਕਾਰੀ ਮੰਡੀ ਵਿੱਚ ਤਾਂ ਮੰਡੀ ਫ਼ੀਸ ਘਟਾਉਣ ਦਾ ਰੌਲਾ ਚਲਦਾ ਹੈ। ਕੀ ਪ੍ਰਾਈਵੇਟ ਮੰਡੀਆਂ ਵਿੱਚ ਮੰਡੀ ਫ਼ੀਸ ਨਹੀਂ ਲੱਗੇਗੀ ਮੰਡੀ ਦੇ ਰੱਖ-ਰਖਾਅ ਲਈ। ਪ੍ਰਾਈਵੇਟ ਵਪਾਰੀ ਮੰਡੀ ਫ਼ੀਸ ਕਿਸਾਨਾਂ ਤੋਂ ਵੀ ਲੈਣਗੇ, ਉੱਧਰ ਸਾਇਲੋ ਵਾਲੇ ਫ਼ੀਸ ਤਾਂ ਨਹੀਂ ਲੈਂਦੇ ਪਰ ਕੱਟ ਦੇ ਰੂਪ ਵਿੱਚ ਫ਼ੀਸ ਤੋਂ ਵੀ ਵੱਧ ਮਾਰ ਕਰਦੇ ਹਨ। ਜਿਹੜੀ ਟਰਾਲੀ ਅੰਦਰ ਵੜ ਗਈ, ਉਹ ਬਾਹਰ ਤਾਂ ਨਿਕਲਦੀ ਨਹੀਂ, ਜਿੰਨਾ ਮਰਜ਼ੀ ਕੱਟ ਲਾ ਲਉ। ਗੰਨੇ 'ਤੇ ਵੀ ਖੋਰੀ ਦਾ ਕੱਟ ਲੱਗਦਾ ਹੈ। ਨੀਤੀ ਵਾਲੇ ਕਿਸਾਨਾਂ ਨੂੰ ਮਾਲ ਸਟੋਰ ਕਰ ਕੇ ਵਧੇ ਭਾਅ 'ਤੇ ਵੇਚਣ ਦੀ ਸਲਾਹ ਦਿੰਦੇ ਹਨ। ਸਟੋਰ, ਕੋਲਡ ਸਟੋਰ ਅਤੇ ਸਾਇਲੋ ਬਣਾਉਣ ਲਈ ਵੀ ਕਿਹਾ ਗਿਆ ਹੈ। ਅੱਜ ਸਾਡੇ ਦੇਸ਼ ਦਾ 85 ਫ਼ੀਸਦੀ ਕਿਸਾਨ ਛੋਟਾ ਤੇ ਦਰਮਿਆਨੇ ਵਰਗ ਦਾ ਹੈ ਉਸ ਦੀ ਐਨੀ ਸਮਰੱਥਾ ਹੀ ਨਹੀਂ ਕਿ ਉਹ ਫ਼ਸਲ ਸਟੋਰ ਕਰ ਕੇ ਭਾਅ ਵਧੇ 'ਤੇ ਵੇਚੇ। ਉਸ ਨੇ ਆੜ੍ਹਤੀਏ ਤੋਂ ਜਾਂ ਫ਼ਿਰ ਬੈਂਕ ਤੋਂ ਲਿਮਟ ਲੈ ਕੇ ਖਰਚਾ ਕੀਤਾ ਹੁੰਦਾ ਹੈ। ਫ਼ਸਲ ਆਉਂਦੇਹੀ ਉਹ ਕਰਜ਼ਾ ਮੋੜਦਾ ਹੈ ਅਤੇ ਅਗਲੀ ਫ਼ਸਲ ਬੀਜਣ ਲਈ ਮੁੜ ਤੋਂ ਕਰਜ਼ਾ ਚੁੱਕਦਾ ਹੈ। ਜੇ ਕਿਸਾਨ ਨੇ 2-3 ਮਹੀਨੇ ਫ਼ਸਲ ਰੱਖ ਵੀ ਲਈ ਤਾਂ ਉਨ੍ਹਾਂ ਚਿਰ ਵਪਾਰੀਆਂ ਨੇ ਭਾਅ ਵਧਣ ਹੀ ਨਹੀਂ ਦੇਣਾ, ਜਿਨ੍ਹਾਂ ਚਿਰ ਫ਼ਸਲ ਕਿਸਾਨ ਕੋਲ ਹੈ। ਤੁਹਾਨੂੰ ਯਾਦ ਹੀ ਹੋਣਾ ਹੈ ਪੰਜਾਬ ਐਗਰੋ ਨੇ ਲਾਲ ਮਿਰਚਾਂ ਮੰਗੀਆਂ ਸਨ ਤਾਂ ਕਿਸਾਨਾਂ ਨੇ ਮਿਰਚਾਂ ਰੱਖ ਲਈਆਂ ਅਤੇ ਬਾਅਦ 'ਚ ਉਨ੍ਹਾਂ ਨੂੰ ਖਾਲੀ ਪਈ ਸਰਕਾਰੀ ਮੰਡੀ 'ਚ ਵੀ ਸੁਕਾਉਣ ਦੀ ਆਗਿਆ ਨਹੀਂ ਦਿੱਤੀ ਗਈ। ਜਦੋਂ ਮੰਡੀਆਂ ਹੀ ਵਪਾਰੀਆਂ ਦੀਆਂ ਨਿੱਜੀ ਹੋਈਆਂ, ਫ਼ਿਰ ਕਿਸਾਨਾਂ ਦੀ ਕਿਸ ਨੇ ਸੁਣਨੀ ਹੈ?

ਆਧੁਨਿਕ ਮਸ਼ੀਨਰੀ-ਇਸ ਨੀਤੀ 'ਚ ਕਿਹਾ ਗਿਆ ਹੈ ਕਿ ਪ੍ਰਾਈਵੇਟ ਖ਼ਰਚੇ 'ਤੇ ਸਾਫ਼-ਸਫ਼ਾਈ, ਗਰੇਡਿੰਗ ਅਤੇ ਛਾਂਟ-ਛਟਾਈ ਕਰਨ ਲਈ ਨਵੀਂ ਤਰ੍ਹਾਂ ਦੀਆਂ ਆਟੋਮੈਟਿਕ ਮਸ਼ੀਨਾਂ ਲਿਆਂਦੀਆਂ ਜਾਣਗੀਆਂ। ਆਟੋਮੈਟਿਕ ਮਸ਼ੀਨਾਂ ਆ ਗਈਆਂ ਤਾਂ ਫ਼ਿਰ ਮੰਡੀ ਮਜ਼ਦੂਰ ਵਿਹਲੇ ਹੋ ਜਾਣਗੇ। ਅੱਜ ਸਾਡੇ ਹਾਲਾਤ ਇਹ ਹਨ ਕਿ ਭਾਵੇਂ ਖੇਤੀ ਦਾ ਜੀ.ਡੀ.ਪੀ. ਨੂੰ ਯੋਗਦਾਨ ਘੱਟ ਹੀ ਹੈ ਪਰ ਅੱਜ ਵੀ ਸਭ ਤੋਂ ਵੱਧ ਮਜ਼ਦੂਰਾਂ ਨੂੰ ਰੁਜ਼ਗਾਰ ਖੇਤੀ ਹੀ ਦਿੰਦੀ ਹੈ। ਇਹ ਵਿਹਲੇ ਹੋਏ ਮਜ਼ਦੂਰ ਕਿਧਰ ਜਾਣਗੇ।

ਸੂਬਿਆਂ ਦੀ ਭਾਗੇਦਾਰੀ-ਖੇਤੀ ਮੰਡੀਕਰਨ ਸੂਬਿਆਂ ਦੇ ਅਧਿਕਾਰ ਖੇਤਰ 'ਚ ਆਉਣ ਕਰਕੇ ਨਵੀਂ ਨੀਤੀ ਨੂੰ ਸੂਬਿਆਂ ਦੀ ਸਲਾਹ ਨਾਲ ਲਾਗੂ ਕਰਨ ਦੀ ਗੱਲ ਕਹੀ ਗਈ ਹੈ। ਇਸ ਲਈ ਕੇਂਦਰੀ ਖੇਤੀ ਮੰਤਰਾਲੇ ਨੇ ਸੂਬਿਆਂ ਦੇ ਖੇਤੀ ਮੰਤਰੀਆਂ ਦੀ ਇਕ ਸੁਸਾਇਟੀ 1860 ਦੇ ਸੁਸਾਇਟੀ ਐਕਟ ਅਧੀਨ ਰਜਿਸਟਰ ਕਰਵਾਉਣ ਦੀ ਸਲਾਹ ਦਿੱਤੀ ਹੈ। ਇਨ੍ਹਾਂ ਦਾ ਚੇਅਰਮੈਨ ਕੋਈ ਇਕ ਸੂਬੇ ਦਾ ਖੇਤੀ ਮੰਤਰੀ ਹੋਵੇਗਾ ਜੋ ਸਮੇਂ-ਸਮੇਂ ਸਿਰ ਬਦਲਿਆ ਜਾਵੇਗਾ। ਇਹ ਸੁਸਾਇਟੀ ਜਿਸ ਤਰ੍ਹਾਂ ਜੀ.ਐਸ.ਟੀ. ਕੌਂਸਲ ਕੰਮ ਕਰਦੀ ਹੈ, ਉਸੇ ਤਰ੍ਹਾਂ ਕੰਮ ਕਰੇਗੀ।

(ਬਾਕੀ ਸਫ਼ਾ 31 'ਤੇ)

# ਕਾਰਪੋਰੇਟ, ਸਿੱਖਿਆ ਸਮਾਜ ਤੇ ਸਿੱਖ ਧਰਮ ਵਿਰੋਧੀ ਕਿਉਂ ?

ਦਵਿੰਦਰ ਸਿੰਘ

ਈਸਟ ਇੰਡੀਆ ਕੰਪਨੀ ਦੇ ਭਾਰਤ ਵਿੱਚ ਵਪਾਰ ਤੋਂ ਬਾਅਦ ਬਸਤੀ ਰਾਜ ਸ਼ੁਰੂ ਹੋਇਆ। ਅੰਗਰੇਜ਼ ਸਰਕਾਰ ਨੇ ਲਾਰਡ ਮੈਕਾਲੇ ਤੋਂ 1835 ਦੌਰਾਨ ਸਿੱਖਿਆ ਰਾਹੀਂ ਰਾਜ ਕਾਇਮ ਕਰਨ ਲਈ ਦਿਸ਼ਾ ਨਿਰਦੇਸ਼ ਲੈ ਕੇ ਸਿੱਖਿਆ ਵਿੱਚ ਅੰਗਰੇਜ਼ੀ ਭਾਸ਼ਾ ਦਾ ਦਾਖਲਾ ਕੀਤਾ, ਦੇਸ਼ ਦੇ ਇਤਿਹਾਸ ਵਿੱਚ ਭੰਨ-ਤੋੜ, ਸਭਿਆਚਾਰ ਵਿੱਚ ਪੱਛਮੀ ਰਸਮੋ-ਰਿਵਾਜ਼ ਸ਼ੁਰੂ ਕੀਤੇ ਅਤੇ ਸਾਡੀ ਮਾਂ ਬੋਲੀ ਤੋਂ ਦੂਰ ਕਰਨਾ ਸ਼ੁਰੂ ਕੀਤਾ। ਵੱਖ-ਵੱਖ ਭਾਸ਼ਾਵਾਂ, ਸੱਭਿਆਚਾਰਾਂ, ਬੋਲੀਆਂ ਵਿੱਚ ਸਿੱਖਿਆ ਦੇਣ ਲਈ ਮੈਕਾਲੇ ਮਿੰਟਸ ਦਿੱਤੇ। ਇਤਿਹਾਸਕ ਮੈਕਾਲੇ ਮਿੰਟਸ (1835) ਨੂੰ ਸੱਭਿਆਚਾਰਕ ਸਾਮਰਾਜਵਾਦ ਦਾ ਦਸਤਾਵੇਜ਼ ਕਹਿੰਦੇ ਹਨ ਜਿਸ ਕਾਰਨ ਸਾਡੀਆਂ ਅਮੀਰ ਨੈਤਿਕ ਕਦਰਾਂ-ਕੀਮਤਾਂ ਤੋਂ ਟੁੱਟ ਕੇ ਸਿੱਖਿਆ ਰੂਹਹੀਣ ਅਤੇ ਮਸ਼ੀਨੀ ਹੋ ਗਈ; ਕਲਰਕ ਤੇ ਨੌਕਰੀ ਪੇਸ਼ਾ ਮੁਲਾਜ਼ਮ ਬਣਨ ਲੱਗੇ। ਸਿੱਖਿਆ ਵਿਚੋਂ ਸਿਖਣ ਸਿਖਾਉਣ ਦੀ ਜਗਿਆਸਾ ਘਟਦੀ ਗਈ। ਹੌਲੀ-ਹੌਲੀ ਬਰਤਾਨਵੀ ਸਮਾਰਾਜ ਤਹਿਤ ਸਿੱਖਿਆ ਰਾਜ ਦਾ ਟੂਲ (ਹਥਿਆਰ) ਬਣਾ ਲਈ ਗਈ ਜਿਸ ਤਹਿਤ ਰਾਜਸੀ ਹਿੱਤਾਂ ਨੂੰ ਪੂਰਾ ਕਰਨ ਵਾਲੀ ਸਿੱਖਿਆ ਪ੍ਰਣਾਲੀ ਸਥਾਪਤ ਕਰ ਲਈ ਗਈ। ਇਸ ਨਾਲ ਸਿੱਖਿਆ ਪ੍ਰਬੰਧ ਵਿੱਚ ਵੱਡੀਆਂ ਤਬਦੀਲੀਆਂ ਸ਼ੁਰੂ ਕਰ ਦਿੱਤੀਆਂ ਗਈਆਂ।



1882 ਵਿੱਚ ਵਿਲੀਅਮ ਹੰਟਰ ਨੇ ਸਿੱਖਿਆ ਦਾ ਪ੍ਰਬੰਧ ਜ਼ਿਲ੍ਹਾ ਬੋਰਡਾਂ ਅਤੇ ਮਿਉਂਸਪਲ ਕਮੇਟੀਆਂ ਅਧੀਨ ਕਰ ਦਿੱਤਾ ਜਿਸ ਤਹਿਤ ਆਮ ਲੋਕਾਂ ਨੂੰ ਪ੍ਰਾਇਮਰੀ ਪੱਧਰ ਦੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ। ਇਸ ਦਾ ਮਾਧਿਅਮ ਮਾਂ ਬੋਲੀ ਹੀ ਰੱਖਿਆ ਗਿਆ। ਇਸ ਪਿੱਛੋਂ ਦੇਸ਼ ਵਿੱਚ ਜੱਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਤੋਂ ਬਾਅਦ ਸਿੱਖਿਆ ਨੂੰ ਲੋਕ ਭਲਾਈ ਅਧੀਨ ਕਰ ਕੇ ਨਵੀਆਂ ਤਬਦੀਲੀਆਂ ਦੀ ਸ਼ੁਰੂਆਤ ਕੀਤੀ ਗਈ ਜਿਸ ਲਈ ਮੁੱਖ ਕੰਮ ਬਰੈਟਨ ਬੁੱਡਜ਼ ਨੇ 1944 ਵਿੱਚ ਸੰਸਾਰ ਯੁੱਧ ਦੇ ਖਤਮ ਹੋਣ ਅਤੇ ਹਥਿਆਰ ਬਣਾਉਣ ਦੇ ਖੇਤਰ ਵਿਚੋਂ ਬਾਹਰ ਆ ਕੇ ਲੋਕ ਭਲਾਈ ਦਾ ਖੇਤਰ ਚੁਣ ਕੇ ਕੰਮ ਸ਼ੁਰੂ ਕੀਤਾ। ਇਸ ਵਿੱਚ ਸਿੱਖਿਆ ਨੂੰ ਅਹਿਮ ਖੇਤਰ ਵਜੋਂ ਲੈ ਕੇ ਸਿੱਖਿਆ ਨੂੰ ਵਿਸਥਾਰਨ ਤੇ ਆਮ ਲੋਕਾਂ ਤੱਕ ਲਿਜਾਣ ਲਈ ਕੰਮ ਕੀਤਾ ਗਿਆ। ਇਉਂ ਸਿੱਖਿਆ ਆਮ ਲੋਕਾਂ ਦੀ ਪਹੁੰਚ ਵਿੱਚ ਆਉਣ ਲੱਗੀ ਅਤੇ ਸੀਮਤ ਪੱਧਰ 'ਤੇ ਲੋਕ ਭਲਾਈ ਦੇ ਕੰਮ ਆਈ।

1952-53 ਵਿੱਚ ਭਾਰਤ ਸਰਕਾਰ ਨੇ ਮੁਦਾਲੀਅਰ ਦੀਆਂ ਸਿਫਾਰਸ਼ਾਂ ਸੈਕੰਡਰੀ ਸਿੱਖਿਆ ਵਿੱਚ ਲਾਗੂ ਕੀਤੀਆਂ ਜਿਸ ਨੂੰ ਸੈਕੰਡਰੀ ਐਜੂਕੇਸ਼ਨ ਕਮਿਸ਼ਨ ਦਾ ਨਾਮ ਦਿੱਤਾ ਗਿਆ। ਇਸ ਦਾ ਉਦੇਸ਼ ਚੰਗੇ ਸ਼ਹਿਰੀ ਪੈਦਾ ਕਰਨਾ, ਰੋਜ਼ੀ ਰੋਟੀ ਕਮਾਉਣਾ, ਲੀਡਰਸ਼ਿਪ ਦੇ ਗੁਣ, ਮਨੁੱਖੀ ਸਦਾਚਾਰ, ਕਿੱਤਾ ਮੁਹਾਰਤ, ਸ਼ਖ਼ਸੀ ਵਿਕਾਸ ਕਰਨਾ ਰੱਖਿਆ। ਇਹ ਗਿਆਰਾਂ ਤੋਂ ਸਤਾਰਾਂ ਸਾਲ ਦੀ ਉਮਰ ਵਰਗ 'ਤੇ ਆਧਾਰਿਤ ਦੇਣੀ ਰੱਖੀ ਗਈ।

ਇਸ ਤੋਂ ਬਾਅਦ ਕੋਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ 1968 ਵਿੱਚ ਲਾਗੂ ਕੀਤੀਆਂ ਜਿਸ ਨੂੰ 'ਨੈਸ਼ਨਲ ਡਿਵੈਲਪਮੈਂਟ ਐਂਡ ਐਜੂਕੇਸ਼ਨ' (1964-66) ਦਾ ਨਾਮ ਦਿੱਤਾ ਗਿਆ। ਇਸ ਤਹਿਤ ਘਰੇਲੂ ਪੈਦਾਵਾਰ ਦਾ ਬਜਟ ਦਾ 6 ਪ੍ਰਤੀਸ਼ਤ ਹਿੱਸਾ ਸਿੱਖਿਆ 'ਤੇ ਖਰਚ ਕਰਨਾ ਲਾਜ਼ਮੀ ਕੀਤਾ ਜੋ ਅੱਜ ਤੱਕ ਕਦੇ ਖਰਚ ਨਹੀਂ ਕੀਤਾ ਗਿਆ ਸਗੋਂ ਸਿੱਖਿਆ ਬਜਟ 3 ਪ੍ਰਤੀਸ਼ਤ ਤੋਂ ਘੱਟ ਰੱਖ ਕੇ ਕੰਮ ਚਲਾਇਆ। ਕੋਠਾਰੀ ਕਮਿਸ਼ਨ ਤਹਿਤ ਸਭ ਲਈ ਮੁਫ਼ਤ ਤੇ ਜ਼ਰੂਰੀ ਸਿੱਖਿਆ ਦੇਣਾ, ਖੇਤਰੀ ਮਾਂ ਬੋਲੀ ਦਾ ਮਾਧਿਅਮ, ਤਿੰਨ ਭਾਸ਼ਾਈ ਫਾਰਮੂਲਾ (ਖੇਤਰੀ, ਹਿੰਦੀ ਤੇ ਅੰਗਰੇਜ਼ੀ), ਲਾਗੂ ਕਰਨਾ ਸਿੱਖਿਆ ਸਹੂਲਤਾਂ ਵਿੱਚ ਖੇਤਰੀ ਅਸਾਵੇਂਪਣ ਨੂੰ ਦੂਰ ਕਰਨਾ, ਵਿਗਿਆਨਕ ਸਿੱਖਿਆ ਦਾ ਵਿਸਥਾਰ, ਖੇਤੀਬਾੜੀ ਤੇ ਉਦਯੋਗਕ ਸਿੱਖਿਆ ਸੈਕੰਡਰੀ ਤੇ ਉੱਚ ਸਿੱਖਿਆ ਦੇ ਸੁਧਾਰ ਕਰ ਕੇ ਸਭ ਲਈ ਸਿੱਖਿਆ ਦਾ ਪ੍ਰਬੰਧ ਕਰਨਾ ਜ਼ਰੂਰੀ ਬਣਾਇਆ। ਉਹਨਾਂ 10+2+3 ਫਾਰਮੂਲੇ ਤਹਿਤ ਸਿੱਖਿਆ ਢਾਂਚੇ ਦੀ ਉਸਾਰੀ ਕੀਤੀ। ਕਮਿਸ਼ਨ ਨੇ ਪ੍ਰਾਇਮਰੀ ਸਿੱਖਿਆ ਮਜ਼ਬੂਤ ਕਰਨ ਲਈ ਪੰਜ ਕਲਾਸਾਂ ਲਈ ਪੰਜ ਕਮਰੇ ਤੇ ਪੰਜ ਅਧਿਆਪਕਾਂ ਦਾ ਪ੍ਰਬੰਧ ਕਰਨ ਲਈ ਸੁਝਾਅ ਦਿੱਤੇ। ਸਿੱਖਿਆ ਦੀ ਮਜ਼ਬੂਤੀ ਲਈ ਪ੍ਰਾਇਮਰੀ ਸਿੱਖਿਆ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਦੇਸ਼ ਦੀ ਹੋਣੀ ਵੀ ਕਲਾਸ ਰੂਮਾਂ ਅਨੁਸਾਰ ਢਲੇਗੀ; ਜਿਹੋ ਜਿਹੇ ਕਲਾਸ ਰੂਮ ਹੋਣਗੇ, ਉਸੇ ਤਰ੍ਹਾਂ ਦੀ ਦੇਸ਼ ਦੀ ਕਿਸਮਤ ਹੋਵੇਗੀ। ਕੋਠਾਰੀ ਨੇ ਅਧਿਆਪਕਾਂ ਨੂੰ ਆਰਥਿਕ ਪੱਖੋਂ ਫਰੀ ਤੇ ਸੰਤੁਸ਼ਟ ਰੱਖਣ ਲਈ ਚੰਗੇ ਤੇ ਵਾਜਬ ਤਨਖਾਹ ਸਕੇਲਾਂ ਦੀ ਸਿਫਾਰਸ਼ ਵੀ ਕੀਤੀ। ਉਹਨਾਂ ਵੱਲੋਂ ਸਿਲੇਬਸ ਬਣਾਉਣ ਦਾ ਕੰਮ, ਸਰਕਾਰ ਦੀ ਬਜਾਇ ਵੱਖ-ਵੱਖ ਖਿੱਤਿਆਂ ਦੀਆਂ ਵਿਭਿੰਨਤਾਵਾਂ ਅਨੁਸਾਰ ਬਣਾਉਣ ਦੀ ਸਿਫਾਰਸ਼ ਕੀਤੀ। ਉਹਨਾਂ ਸਾਰੇ ਵਰਗਾਂ ਦੇ ਲੋਕਾਂ ਦੇ ਬੱਚਿਆਂ ਲਈ ਸਾਂਝੇ ਸਕੂਲਾਂ ਦਾ ਮਾਡਲ ਦਿੱਤਾ ਪਰ ਇਹ ਕਦੇ ਵੀ ਲਾਗੂ ਨਹੀਂ ਕੀਤਾ ਗਿਆ।

ਐਮਰਜੈਂਸੀ ਦੌਰਾਨ ਭਾਰਤ ਸਰਕਾਰ ਨੇ 42ਵੀਂ ਸੋਧ ਕਰ ਕੇ ਸਿੱਖਿਆ ਨੂੰ ਰਾਜਾਂ ਦੇ ਵਿਸ਼ੇ ਵਿੱਚੋਂ ਕੱਢ ਕੇ ਸਮਵਰਤੀ ਸੂਚੀ (ਕੇਂਦਰ ਤੇ ਰਾਜਾਂ) ਦਾ ਵਿਸ਼ਾ ਬਣਾ ਦਿੱਤਾ। ਇਸ ਤਹਿਤ 1986 ਦੀ ਸਿੱਖਿਆ ਨੀਤੀ ਤਹਿਤ ਸਿੱਖਿਆ ਮੰਤਰਾਲੇ ਨੂੰ ਮਨੁੱਖੀ ਸਾਧਨਾਂ ਦੇ ਵਿਕਾਸ ਦਾ ਮੰਤਰਾਲਾ ਬਣਾ ਦਿੱਤਾ। ਨਵੀਆਂ ਆਰਥਿਕ ਨੀਤੀਆਂ ਤਹਿਤ 1991 ਤੋਂ ਨਰਸਿਮਹਾ ਰਾਓ ਤੇ ਮਨਮੋਹਨ ਸਿੰਘ ਦੀ ਸਰਕਾਰ ਨੇ ਕਰਜ਼ਾ ਲੈਣ ਲਈ ਵਿਸ਼ਵ ਬੈਂਕ ਦੀਆਂ ਸ਼ਰਤਾਂ, ਕੌਮਾਂਤਰੀ ਮੁਦਰਾ ਕੋਸ਼ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਭਾਰਤ ਨੂੰ ਕਲਿਆਣਕਾਰੀ ਰਾਜ ਵਜੋਂ ਖਤਮ ਕਰਨ ਦਾ ਫੈਸਲਾ ਕੀਤਾ। ਇਸ ਨਾਲ ਲੋਕ ਭਲਾਈ ਦੇ ਉਨੱਤੀ ਵਿਭਾਗ ਸਰਕਾਰੀ ਕੰਟਰੋਲ ਤੋਂ ਮੁਕਤ ਕਰ ਕੇ ਪ੍ਰਾਈਵੇਟ, ਬੋਰਡ ਤੇ ਕਾਰਪੋਰੇਸ਼ਨਾਂ ਵਿੱਚ ਤਬਦੀਲ ਕਰਨੇ ਸਨ। ਹੌਲੀ-ਹੌਲੀ ਸਿੱਖਿਆ ਵਿਭਾਗ ਸਮੇਤ ਹਰ ਸਾਲ 10 ਪ੍ਰਤੀਸ਼ਤ ਅਸਾਮੀਆਂ ਖਤਮ ਕਰਨੀਆਂ, 10 ਪ੍ਰਤੀਸ਼ਤ ਅਸਾਮੀਆਂ ਖਾਲੀ ਰੱਖਣੀਆਂ, ਡੀਏ ਤੇ ਹੋਰ ਭੱਤੇ ਜਾਮ ਕਰਨੇ, ਐਡਹਾਕ ਤੇ ਠੇਕਾ ਭਰਤੀ ਕਰਨੀ, ਪੇ-ਕਮਿਸ਼ਨ ਖਤਮ ਕਰਨਾ, ਪੈਨਸ਼ਨ ਸਕੀਮ ਨੂੰ ਸ਼ੇਅਰ ਮਾਰਕੀਟ ਨਾਲ ਜੋੜਨਾ ਆਦਿ ਤੈਅ ਕਰ ਦਿੱਤਾ। ਗੈਟ ਤੋਂ ਵਿਸ਼ਵ ਵਪਾਰ ਸੰਸਥਾ ਦੇ ਫੈਸਲਿਆਂ ਤਹਿਤ ਸਿੱਖਿਆ ਦੀਆਂ ਨਵੀਆਂ ਖੋਜਾਂ ਤੇ ਪੇਟੈਂਟ ਅਧਿਕਾਰ ਲਾਗੂ ਕਰ ਦਿੱਤਾ। ਪੀ.ਪੀ.ਪੀ. ਮਾਡਲ ਅਨੁਸਾਰ ਪ੍ਰਾਈਵੇਟ ਪਬਲਿਕ ਦੇ ਸਾਂਝੇ ਵਿਦਿਅਕ ਅਦਾਰੇ ਬਣਾ ਕੇ ਸਿੱਖਿਆ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਖਰੀਦਣ ਤੇ ਵੇਚਣ ਦੀ ਵਸਤੂ ਬਣਾ ਦਿੱਤਾ। ਅੱਜ ਦੀ ਸਿੱਖਿਆ ਲੋਕ ਤੇ ਸਮਾਜਿਕ ਹਿੱਤਾਂ ਦੀ ਬਜਾਇ ਮੰਡੀ ਦੀ ਜਿਨਸ ਬਣ ਗਈ। 1980 ਤੇ 90ਵਿਆਂ ਦੇ ਕਾਲੇ ਦੌਰ ਵਿੱਚ ਸਰਕਾਰੀ ਅਦਾਰੇ ਕਮਜ਼ੋਰ ਕਰ ਕੇ ਪ੍ਰਾਈਵੇਟ ਅਦਾਰੇ ਵਧਾਏ ਅਤੇ ਮਾਨਤਾ ਦਿੱਤੀ ਗਈ। ਸਿੱਖਿਆ ਬਜਟ ਵਿੱਚ ਕੱਟ ਲਾ ਕੇ ਜ਼ਰੂਰੀ ਲੋੜਾਂ ਤੇ ਸਹੂਲਤਾਂ ਤੋਂ ਸਰਕਾਰੀ ਸੰਸਥਾਵਾਂ ਨੂੰ ਵਿਰਵੇ ਰੱਖਿਆ।

(ਬਾਕੀ ਸਫ਼ਾ 31 'ਤੇ)

# ਨਵੀਂ ਨਹੀਂ ਹੈ ਅਮਰੀਕਾ ਦੀ ਕੈਨੇਡਾ ਨੂੰ ਆਪਣੇ ਅਧੀਨ ਕਰਨ ਦੀ ਇੱਛਾ



ਦਰਬਾਰਾ ਸਿੰਘ ਕਾਹਲੋਂ

ਕੈਨੇਡਾ ਖੇਤਰਫਲ ਪੱਖੋਂ ਵਿਸ਼ਵ ਦਾ ਦੂਸਰਾ ਵੱਡਾ ਦੇਸ਼ ਹੈ। ਨੰਬਰ ਇੱਕ ਰੂਸ ਹੈ। ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਜੋ 20 ਜਨਵਰੀ 2025 ਨੂੰ ਮੁਲਕ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਰਹੇ ਹਨ, ਆਪਣੀਆਂ ਰਾਜਨੀਤਕ, ਡਿਪਲੋਮੈਟਿਕ ਅਤੇ ਹੋਰ ਬੇਤੁਕੀਆਂ ਮਾਰਨ ਲਈ ਮਸ਼ਹੂਰ ਹਨ। ਇਹ ਸੱਚ ਹੈ ਕਿ ਅਮਰੀਕਾ ਆਪਣੇ ਦੋ ਗੁਆਂਢੀ ਮੁਲਕਾਂ- ਉੱਤਰ ਵਿੱਚ ਕੈਨੇਡਾ ਅਤੇ ਦੱਖਣ ਵਿੱਚ ਮੈਕਸਿਕੋ ਦੀਆਂ ਸਰਹੱਦਾਂ ਰਾਹੀਂ 70 ਦੇਸ਼ਾਂ ਦੇ ਹਜ਼ਾਰਾਂ ਗੈਰ-ਕਾਨੂੰਨੀ ਪਰਵਾਸੀ ਘੁਸਣ ਅਤੇ ਮਾਰੂ ਨਸ਼ੀਲੇ ਪਦਾਰਥਾਂ ਦੇ ਪੁੱਜਣ ਤੋਂ ਬੇਜ਼ਾਰ ਹੈ। ਕੈਨੇਡਾ ਤੋਂ ਇਸ ਸਾਲ 19000 ਪਰਵਾਸੀ ਘੁਸੇ।

ਟਰੰਪ ਇਹ ਘੁਸਪੈਠ ਅਤੇ ਸਪਲਾਈ ਬੰਦ ਕਰਨਾ ਚਾਹੁੰਦੇ ਹਨ। ਉਹ ਸਰਹੱਦਾਂ ’ਤੇ ਚੌਕਸੀ ਮਜ਼ਬੂਤ ਕਰਨ ਲਈ ਕਹਿ ਰਹੇ ਹਨ। ਵਿਸ਼ਵੀਕਰਨ, ਕਾਰਪੋਰੇਟ ਸਰਦਾਰੀ ਦੇ ਇਸ ਦੌਰ ਵਿੱਚ ਜਦੋਂ ਵੱਡੇ ਮਗਰਮੱਛ ਛੋਟੇ ਨੂੰ ਨਿਗਲਣ ਕਾਹਲੇ ਹਨ ਤਾਂ ਟਰੰਪ ਨੇ ਕੈਨੇਡਾ ਅਤੇ ਮੈਕਸਿਕੋ ਨੂੰ ਧਮਕੀ ਦਿੱਤੀ ਹੈ ਕਿ ਜੇ ਇਨ੍ਹਾਂ ਦੋਹਾਂ ਦੇਸ਼ਾਂ ਨੇ ਆਪਣੀਆਂ ਸਰਹੱਦਾਂ ਰਾਹੀਂ ਗੈਰ-ਕਾਨੂੰਨੀ ਪਰਵਾਸੀ ਘੁਸਪੈਠ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਨਾ ਰੋਕੀ ਤਾਂ ਉਹ ਉਨ੍ਹਾਂ ਦੇਸ਼ਾਂ ਵੱਲੋਂ ਕੀਤੀਆਂ ਜਾਂਦੀਆਂ ਸਭ ਬਰਾਮਦ ਵਸਤਾਂ ’ਤੇ 25 ਪ੍ਰਤੀਸ਼ਤ ਟੈਰਿਫ ਠੋਕ ਦੇਵੇਗਾ; ਭਾਵ, ਉਨ੍ਹਾਂ ਨੂੰ ਆਰਥਿਕ ਤੌਰ ’ਤੇ ਬਰਬਾਦ ਕਰ ਦੇਵੇਗਾ।

ਇੱਥੇ ਹੀ ਬੱਸ ਨਹੀਂ, ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਟਰੰਪ ਦੇ ਧਮਕੀ ਭਰੇ ਵੇਗ ਨੂੰ ਠੰਢਾ ਕਰਨ ਲਈ ਉਸ ਦੀ ਰਿਹਾਇਸ਼ (ਫਲੋਰੀਡਾ) ਪੁੱਜੇ ਤਾਂ ਉਨ੍ਹਾਂ ਨਾਲ ਕੋਝਾ ਵਿਹਾਰ ਕੀਤਾ ਗਿਆ। ਆਪਣੀ ਟਰੁੱਥ ਸੋਸ਼ਲ ’ਤੇ ਉਸ ਨੂੰ ਮਹਾਨ ਕੈਨੇਡਾ ਦਾ ਗਵਰਨਰ ਕਹਿ ਕੇ ਤਨਜ਼ ਕੀਤਾ। ਇਹ ਵੀ ਕਿਹਾ ਕਿ ਉਹ ਬਹੁਤ ਛੇਤੀ ਮੁੜ ਗਵਰਨਰ ਕੈਨੇਡਾ ਨੂੰ ਮਿਲਣ ਦੀ ਤਾਂਘ ਵਿੱਚ ਹੈ। ਕਿਸੇ ਪ੍ਰਭੂਤਾ ਵਾਲੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਇਸ ਤੋਂ ਵੱਡੀ ਹੋਰ ਕਿਹੜੀ ਬੇਇਜ਼ਤੀ ਹੋ ਸਕਦੀ ਹੈ?


ਦਰਅਸਲ ਕੈਨੇਡਾ 75 ਪ੍ਰਤੀਸ਼ਤ ਬਰਾਮਦ ਅਮਰੀਕਾ ਨੂੰ ਕਰਦਾ ਹੈ। ਕੈਨੇਡਾ ਦੀ ਕੁੱਲ ਸਾਲਾਨਾ ਬਰਾਮਦ ਇੱਕ ਟ੍ਰਿਲੀਅਨ ਡਾਲਰ ਦੀ ਹੁੰਦੀ ਹੈ। ਕੈਨੇਡਾ ਦਾ ਵੱਡੇ ਪੱਧਰ ’ਤੇ ਵਪਾਰ, ਕਾਰੋਬਾਰ, ਰੁਜ਼ਗਾਰ ਅਤੇ ਆਰਥਿਕਤਾ ਦਾ ਸੋਮਾ ਇਸ ਵੇਲੇ ਅਮਰੀਕਾ ਹੈ। ਦੋਹਾਂ ਦੇਸ਼ਾਂ ਦੇ ਲੋਕ ਵਿਆਹ ਸ਼ਾਦੀਆਂ ਅਤੇ ਕਾਰੋਬਾਰ ਕਰ ਕੇ ਇੱਕ ਦੂਸਰੇ ’ਤੇ ਨਿਰਭਰ ਕਰਦੇ ਹਨ। ਫਲੋਰੀਡਾ ਵਿੱਚ ਟਰੰਪ ਦੇ ਘਰ ਖਾਣੇ ਦੇ ਮੇਜ਼ ’ਤੇ ਜਦੋਂ ਜਸਟਿਨ ਟਰੂਡੋ ਨੇ ਕਿਹਾ ਕਿ ਜੇ ਤੁਸੀਂ ਸਾਡੇ ਬਰਾਮਦ ’ਤੇ 25 ਪ੍ਰਤੀਸ਼ਤ ਟੈਰਿਫ ਲਗਾ ਦੇਵੋਗੇ ਤਾਂ ਇਸ ਨਾਲ ਕੈਨੇਡੀਅਨ ਆਰਥਿਕਤਾ ਬਰਬਾਦ ਹੋ ਜਾਵੇਗੀ ਤਾਂ ਟਰੰਪ ਨੇ ਜਵਾਬ ਵਿੱਚ ਸੁਝਾਅ ਦਿੱਤਾ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣ ਜਾਣਾ ਚਾਹੀਦਾ ਹੈ। ਟਰੰਪ ਚੁਟਕੀ ਲੈਣੋਂ ਇਥੇ ਹੀ ਬੰਦ ਨਹੀਂ ਹੋਇਆ, ਉਸ ਨੇ ਟਰੂਡੋ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਚੰਗਾ ਰੁੱਤਬਾ ਹੈ, ਫਿਰ ਵੀ ਉਹ 51ਵੇਂ ਸੂਬੇ ਦਾ ਗਵਰਨਰ ਬਣ ਸਕਦਾ ਹੈ। ਟਰੰਪ ਨੇ ਇਹੀ ਗੱਲ ਕੁਝ ਦਿਨ ਬਾਅਦ ਦੁਹਰਾਈ ਵੀ।

ਅਮਰੀਕਾ ਦੀ ਕੈਨੇਡਾ ਨੂੰ ਹਥਿਆਉਣ ਦੀ ਲਲਕ ਪੁਰਾਣੀ ਹੈ। ਜਦੋਂ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਤੋਂ 4 ਜੁਲਾਈ 1776 ਨੂੰ ਆਜ਼ਾਦੀ ਦਾ ਐਲਾਨ ਕੀਤਾ ਤਾਂ ਅਮਰੀਕੀ ਕਾਂਟੀਨੈਂਟਲ ਕਾਂਗਰਸ ਨੇ ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। 1812 ਵਿੱਚ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਵਿਰੁੱਧ ਜੰਗ ਦਾ ਐਲਾਨ ਕਰ ਦਿਤਾ। ਸਭ ਤੋਂ ਪਹਿਲਾਂ ਉਸ ਨੇ ਉਸ ਦੀ ਕੈਨੇਡੀਅਨ ਬਸਤੀ ’ਤੇ ਹਮਲਾ ਕੀਤਾ ਲੇਕਿਨ ਮੂੰਹ ਦੀ ਖਾਧੀ ਅਤੇ ਸਮਝੌਤਾ ਕਰ ਲਿਆ। ਵੈਸੇ ਜਿਵੇਂ ਪਾਕਿਸਤਾਨੀ ਸ਼ਾਸਕ ਜਨਰਲ ਅਯੂਬ ਨੂੰ ਭਾਰਤ ’ਤੇ 1965 ਦੇ ਹਮਲੇ ਵੇਲੇ ਭਰਮ ਸੀ ਕਿ ਉਹ ਟਹਿਲਦੇ-ਟਹਿਲਦੇ ਦਿੱਲੀ ਪੁੱਜ ਜਾਣਗੇ, ਵਾਂਗ ਅਮਰੀਕੀ ਰਾਸ਼ਟਰਪਤੀ ਮੈਡੀਸਨ ਨੂੰ ਵੀ ਭਰਮ ਸੀ ਕਿ ਉਹ ਕੁਝ ਦਿਨਾਂ ਵਿੱਚ ਕੈਨੇਡਾ ’ਤੇ ਕਬਜ਼ਾ ਕਰ ਲਵੇਗਾ। ਕੈਨੇਡੀਅਨ ਇਤਿਹਾਸ ਵਿੱਚ 1988 ਦੀਆਂ ਫੈਡਰਲ ਚੋਣਾਂ ਦਾ ਦਿਲਚਸਪ ਕਿੱਸਾ ਸਾਹਮਣੇ ਆਉਂਦਾ ਹੈ ਜਦੋਂ ਤਤਕਾਲੀ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਬ੍ਰਾਈਨ ਮੁਲਰੋਨੀ ਵੱਲੋਂ ਅਮਰੀਕਾ ਨਾਲ ਖੁੱਲ੍ਹਾ ਵਪਾਰ ਸੰਧੀ ਦੇ ਮੁੱਦੇ ’ਤੇ ਚੋਣਾਂ ਲੜਨ ਸਮੇਂ ਲਿਬਰਲ ਪਾਰਟੀ ਆਗੂ ਜੌਹਨ ਟਰਨਰ ਵੱਲੋਂ ਕੈਨੇਡਾ ਨੂੰ ਅਮਰੀਕਾ ਕੋਲ ਵੇਚੇ ਜਾਣ ਦਾ ਦੋਸ਼ ਲਗਾਇਆ ਸੀ। ਇਹ ਦੋਸ਼ ਇੰਨਾ ਸੰਜੀਦਾ ਸੀ ਕਿ 25 ਅਕਤੂਬਰ 1988 ਨੂੰ ਦੋਹਾਂ ਦਰਮਿਅਨ ਕੌਮੀ ਬਹਿਸ ਬਾਅਦ ਜੋ ਲਿਬਰਲ ਤੀਸਰੇ ਨੰਬਰ ’ਤੇ ਸਨ, ਨੂੰ 48 ਘੰਟੇ ਵਿੱਚ 75 ਪ੍ਰਤੀਸ਼ਤ ਕੈਨੇਡੀਅਨ ਵੋਟਰਾਂ ਦੀ ਹਮਾਇਤ ਹਾਸਿਲ ਹੋ ਗਈ ਸੀ।

ਜੌਹਨ ਟਰਨਰ ਨੇ ਬਹਿਸ ਦੌਰਾਨ ਪ੍ਰਧਾਨ ਮੰਤਰੀ ਵੱਲ ਉਂਗਲ ਕਰਦੇ ਹੋਏ ਦੋਸ਼ ਲਗਾਏ ਕਿ ਤੁਸਾਂ ਸਾਡੀ ਐਨਰਜੀ ਵੇਚ ਦਿੱਤੀ, ਤੁਸਾਂ ਸਾਡਾ ਨਿਵੇਸ਼ ਵੇਚ ਦਿੱਤਾ ਹੈ, ਤੁਸੀਂ ਸਾਡਾ ਸਪਲਾਈ ਪ੍ਰਬੰਧ ਅਤੇ ਖੇਤੀ ਵੇਚ ਦਿੱਤੀ ਹੈ; ਹਜ਼ਾਰਾਂ ਕਾਮੇ ਵਿਹਲੇ ਕਰ ਕੇ ਰੱਖ ਦਿੱਤੇ ਹਨ। ਤੁਸਾਂ ਸਾਨੂੰ (ਕੈਨੇਡੀਅਨਾਂ ਨੂੰ) ਵੇਚ ਦਿੱਤਾ ਹੈ। ਇਸ ਦੇਸ਼ ਦੀ ਆਜ਼ਾਦ ਹੋਂਦ ਗੁਆ ਦਿੱਤੀ ਹੈ ਤੇ ਚੋਣਾਂ ਦਾ ਮੁੱਖ ਮੁੱਦਾ ਇਹੀ ਹੈ। ਅਸਾਂ ਦੇਸ਼ ਦਾ ਪੂਰਬ, ਪੱਛਮ, ਉੱਤਰ ਵਿੱਚ ਨਿਰਮਾਣ ਕੀਤਾ। ਇਸ ਦਾ ਮੂਲ ਢਾਂਚਾ ਖੜ੍ਹਾ ਕੀਤਾ। ਅਮਰੀਕੀ ਦਬਾਅ ਝੱਲਿਆ। ਅਸੀਂ ਇਹ ਦਬਾਅ 120 ਸਾਲਾਂ ਤੋਂ ਝੱਲ ਰਹੇ ਹਾਂ। ਤੁਸਾਂ ਇੱਕ ਦਸਤਖ਼ਤ ਰਾਹੀਂ ਸਭ ਕੁਝ ਖ਼ਤਮ ਕਰ ਕੇ ਕੈਨੇਡਾ ਨੂੰ ਅਮਰੀਕਾ ਦੀ ਬਸਤੀ ਬਣਾਉਣਾ ਚਾਹੁੰਦੇ ਹੋ। ਪ੍ਰਧਾਨ ਮੰਤਰੀ ਮੁਲਰੋਨੀ ਦੇ ਸਲਾਹਕਾਰਾਂ, ਅਮਰੀਕੀ ਪ੍ਰਸ਼ਾਸਨ, ਕਾਰਪੋਰੇਟਰਾਂ ਅਤੇ ਵਪਾਰੀਆਂ ਨੇ ਮੀਂਹ ਵਾਂਗ ਧਨ ਵਰਸਾਇਆ। ਉਸ ਸਮੇਂ ਚੋਣ ਮੁਹਿੰਮ ’ਤੇ ਇੱਕ ਮਿਲੀਅਨ ਡਾਲਰ ਖ਼ਰਚੇ। ਟਰਨਰ ਦੀ ਸਚਾਈ ਨੂੰ ਗੁਮਰਾਹਕੁਨ ਪ੍ਰਚਾਰ ਕਰਾਰ ਦਿਤਾ। 21 ਨਵੰਬਰ 1988 ਨੂੰ ਹੈਰਾਨਕੁਨ ਨਤੀਜੇ ਸਾਹਮਣੇ ਆਏ। ਪ੍ਰਧਾਨ ਮੰਤਰੀ ਮੁਲਰੋਨੀ ਦੀ ਕੰਜ਼ਰਵੇਟਿਵ ਪਾਰਟੀ ਨੂੰ 169, ਟਰਨਰ ਦੀ ਲਿਬਰਲ ਪਾਰਟੀ ਨੂੰ 83, ਨਿਊ ਡੈਮੋਕ੍ਰੈਟਿਕ ਪਾਰਟੀ ਨੂੰ 43 ਸੀਟਾਂ ਹਾਮਿਲ ਹੋਈਆਂ। 1989 ਦੇ ਪਹਿਲੇ ਦਿਨ ਅਮਰੀਕਾ ਨਾਲ ਖੁੱਲ੍ਹਾ ਵਪਾਰ ਸਮਝੌਤਾ ਕੀਤਾ ਗਿਆ। ਇਉਂ ਅਮਰੀਕਾ ਦੀ ਵਪਾਰਕ, ਕਾਰੋਬਾਰੀ ਅਤੇ ਆਰਥਿਕ ਸਰਦਾਰੀ ਹੋ ਗਈ। ਕੈਨੇਡਾ ਉਸ ਦੀ ਆਰਥਿਕ ਬਸਤੀ ਕਰ ਕੇ ਰਹਿ ਗਿਆ। ਸੱਚਾਈ ਇਹੀ ਹੈ। ਇਸੇ ਕਰ ਕੇ ਡੋਨਲਡ ਟਰੰਪ ਨੇ ਇਸ ਨੂੰ 51ਵਾਂ ਸੂਬਾ ਕਹਿਣ ਦੀ ਹਮਾਕਤ ਕੀਤੀ ਹੈ। ਅੱਜ ਲੋੜ ਸਮੂਹ ਕੈਨੇਡੀਅਨਾਂ ਦੀ ਏਕਤਾ ਦੀ ਹੈ। ਅੰਗਸ ਰੀਡ ਪੋਲ ਅਨੁਸਾਰ, 94 ਪ੍ਰਤੀਸ਼ਤ ਕੈਨੇਡੀਅਨ ਅਮਰੀਕਾ ਵਿੱਚ ਸ਼ਾਮਿਲ ਹੋਣ ਦੇ ਖ਼ਿਲਾਫ਼ ਹਨ। ਕੈਨੇਡਾ ਨੂੰ ਅਮਰੀਕਾ, ਰੂਸ, ਚੀਨ, ਭਾਰਤ ਆਦਿ ਦੇਸ਼ਾਂ ਵਾਂਗ ਆਪਣੇ ਕੁਦਰਤੀ ਸਾਧਨਾਂ, ਤਕਨੀਕ, ਹੁਨਰ ਦੇ ਬਲਬੂਤੇ ਤਾਕਤਵਰ ਮੁਲਕ ਬਣਨਾ ਚਾਹੀਦਾ ਹੈ। ਇਜ਼ਰਾਈਲ ਵਾਂਗ ਫ਼ੌਜੀ ਸ਼ਕਤੀ ਮਜ਼ਬੂਤ ਕਰਨੀ ਚਾਹੀਦੀ ਹੈ। ਮਜ਼ਬੂਤ ਰਾਜਨੀਤਕ ਲੀਡਰਸਿਪ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਕੋਈ ਟਰੰਪ ਜਾਂ ਅਮਰੀਕੀ ਰਾਸ਼ਟਰਪਤੀ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਬਾਰੇ ਨਾ ਸੋਚ ਸਕੇ।



# ਅਸਲ ਚੁਣੌਤੀਆਂ ਦੀ ਹੋ ਰਹੀ ਹੈ ਵੱਡੇ ਪੱਧਰ ’ਤੇ ਅਣਦੇਖੀ



ਸ਼ਿਵਕਾਂਤ ਸ਼ਰਮਾ
ਲੇਖਕ ਬੀ.ਬੀ.ਸੀ. ਹਿੰਦੀ ਦਾ ਸਾਬਕਾ ਸੰਪਾਦਕ ਹੈ

ਬੀਤਿਆ ਸਾਲ ਇਤਿਹਾਸ ਦਾ ਸਭ ਤੋਂ ਵੱਡਾ ਚੁਣਾਵੀ ਸਾਲ ਹੋਣ ਦੇ ਨਾਲ-ਨਾਲ ਮੁੱਖ ਲੋਕਤੰਤਰਾਂ ਵਿੱਚ ਫੈਲਦੀ ਅਸਥਿਰਤਾ ਦੇ ਨਾਂ ਵੀ ਰਿਹਾ। ਜਰਮਨੀ, ਫਰਾਂਸ, ਕੈਨੇਡਾ ਅਤੇ ਜਾਪਾਨ ਵਿੱਚ ਸਰਕਾਰਾਂ ਸੱਤਾਧਾਰੀ ਪਾਰਟੀਆਂ ਦੇ ਬਹੁਮਤ ਗੁਆ ਦੇਣ ਦੀ ਵਜ੍ਹਾ ਕਾਰਨ ਅਸਥਿਰ ਹੋ ਗਈਆਂ। ਦੱਖਣੀ ਕੋਰੀਆ ਵਿੱਚ ਮਾਰਸ਼ਲ ਲਾਅ ਲੱਗਣ ਦੀ ਵਜ੍ਹਾ ਨਾਲ ਸਰਕਾਰ ਸੰਕਟ ਵਿੱਚ ਹੈ ਅਤੇ ਬਰਤਾਨੀਆ ਵਿੱਚ ਪ੍ਰਚੰਡ ਬਹੁਮਤ ਨਾਲ ਜਿੱਤਣ ਦੇ ਬਾਵਜੂਦ ਕਾਰੋਬਾਰੀ ਟੈਕਸ ਵਧਾਉਣ ਅਤੇ ਪੈਨਸ਼ਨ ਭੋਗੀਆਂ ਦਾ ਸਰਦ ਰੁੱਤ ਦਾ ਭੱਤਾ ਕੱਟਣ ਕਾਰਨ ਸਰਕਾਰ ਦੀ ਲੋਕਪ੍ਰਿਅਤਾ ਬੁਰੀ ਤਰ੍ਹਾਂ ਘਟੀ ਹੈ। ਹੁਕਮਰਾਨ ਪਾਰਟੀਆਂ ਅਤੇ ਉਨ੍ਹਾਂ ਦੇ ਗੱਠਜੋੜਾਂ ਪ੍ਰਤੀ ਵਧਦੇ ਲੋਕਾਂ ਦੇ ਰੋਸ ਦੇ ਕਈ ਵੱਡੇ ਕਾਰਨ ਹਨ। ਸਿੱਖਿਆ, ਸਿਹਤ, ਬੇਰੁਜ਼ਗਾਰੀ ਭੱਤਾ ਅਤੇ ਪੈਨਸ਼ਨ ਵਰਗੀਆਂ ਸਹੂਲਤਾਂ ਦੀ ਵਧਦੀ ਮੰਗ ਦੇ ਨਾਲ-ਨਾਲ ਟੈਕਸ ਦਰਾਂ ਵਿੱਚ ਵੀ ਕਟੌਤੀ ਦੀ ਉਮੀਦ, ਮਹਿੰਗਾਈ ਅਤੇ ਸ਼ਰਨਾਰਥੀਆਂ ਦੀ ਵਧਦੀ ਗਿਣਤੀ।

ਅਮਰੀਕਾ ਵਿੱਚ ਕਮਲਾ ਹੈਰਿਸ ਦੀ ਹਾਰ ਦੇ ਮੂਲ ਕਾਰਨ ਵੀ ਇਹੀ ਸਨ। ਜਾਪਾਨ, ਕੈਨੇਡਾ ਅਤੇ ਯੂਰਪ ਦੇ ਲੋਕਤੰਤਰੀ ਦੇਸ਼ਾਂ ਵਿੱਚ ਲੋਕਾਂ ਦੀ ਔਸਤ ਉਮਰ ਵਧ ਰਹੀ ਹੈ ਜਿਸ ਕਾਰਨ ਪੈਨਸ਼ਨ ਅਤੇ ਸਿਹਤ ਸੇਵਾਵਾਂ ਦਾ ਖ਼ਰਚਾ ਵਧਦਾ ਜਾ ਰਿਹਾ ਹੈ। ਜਣਨ ਦਰ ਘਟ ਰਹੀ ਹੈ, ਜਿਸ ਕਾਰਨ ਕਮਾਉਣ ਅਤੇ ਟੈਕਸ ਦੇਣ ਵਾਲਿਆਂ ਦੀ ਗਿਣਤੀ ਘਟ ਰਹੀ ਹੈ। ਆਰਥਿਕ ਵਿਕਾਸ ਦਰਾਂ ਵੀ ਮੱਠੀਆਂ ਪੈ ਰਹੀਆਂ ਹਨ ਜਿਸ ਕਾਰਨ ਮਾਲੀਆ ਨਹੀਂ ਵਧ ਪਾ ਰਿਹਾ ਹੈ। ਲੋਕ ਨਾ ਤਾਂ ਲੋਕ ਭਲਾਈ ਦੀਆਂ ਉਨ੍ਹਾਂ ਸਹੂਲਤਾਂ ਵਿੱਚ ਕਟੌਤੀ ਬਰਦਾਸ਼ਤ ਕਰਨ ਨੂੰ ਤਿਆਰ ਹਨ ਜਿਨ੍ਹਾਂ ਦੇ ਉਹ ਆਦੀ ਹੋ ਚੁੱਕੇ ਹਨ ਅਤੇ ਨਾ ਹੀ ਜ਼ਿਆਦਾ ਟੈਕਸ ਦੇਣ ਨੂੰ ਤਿਆਰ ਹਨ।

ਸੀਰੀਆ, ਅਫ਼ਗਾਨਿਸਤਾਨ, ਫਲਸਤੀਨ, ਯਮਨ ਅਤੇ ਸੂਡਾਨ ਵਰਗੇ ਦੇਸ਼ਾਂ ਤੋਂ ਆਉਣ ਵਾਲੇ ਸ਼ਰਨਾਰਥੀਆਂ ਦੇ ਹੜ੍ਹ ਨਾਲ ਜਨ ਸੇਵਾਵਾਂ ’ਤੇ ਬੋਝ ਹੋਰ ਵਧ ਰਿਹਾ ਹੈ। ਸਰਕਾਰਾਂ ਇਨ੍ਹਾਂ ਚੁਣੌਤੀਆਂ ਵਿਚਾਲੇ ਸੰਤੁਲਨ ਬਣਾਉਣ ਵਿੱਚ ਖ਼ੁਦ ਨੂੰ ਅਸਮਰੱਥ ਮਹਿਸੂਸ ਕਰ ਰਹੀਆਂ ਹਨ। ਜਾਪਾਨ ਤੋਂ ਲੈ ਕੇ, ਜਰਮਨੀ, ਫਰਾਂਸ, ਬਰਤਾਨੀਆ ਅਤੇ ਕੈਨੇਡਾ ਤੱਕ ਲਗਪਗ ਹਰ ਦੇਸ਼ ਵਿੱਚ ਵਧਦੇ ਲੋਕ ਰੋਹ ਦਾ ਇਕ ਮੁੱਖ ਕਾਰਨ ਇਹੀ ਹੈ।

ਰੁਜ਼ਗਾਰ ਤੇ ਲੋਕ ਭਲਾਈ ਵਾਲੀਆਂ ਸਹੂਲਤਾਂ ਦੀ ਵਧਦੀ ਮੰਗ ਦੇ ਨਾਲ-ਨਾਲ ਮਹਿੰਗਾਈ ਦੀ ਮਾਰ ਭਾਰਤ ਵਿੱਚ ਵੀ ਲੋਕ ਰੋਹ ਦਾ ਇਕ ਮੁੱਖ ਕਾਰਨ ਹੈ। ਇਸ ਦੀ ਵਜ੍ਹਾ ਨਾਲ ਭਾਜਪਾ ਆਮ ਚੋਣਾਂ ਵਿੱਚ ਆਪਣਾ ਬਹੁਮਤ ਵਧਾਉਣ ਦੀ ਜਗ੍ਹਾ ਉਸ ਨੂੰ ਬਚਾਉਣ ਵਿੱਚ ਵੀ ਨਾਕਾਮ ਰਹੀ। ਇਹੀ ਵਜ੍ਹਾ ਹੈ ਕਿ ਹੁਕਮਰਾਨ ਭਾਜਪਾ ਨੂੰ ਆਪਣੇ ਏਜੰਡੇ ’ਤੇ ਕੁਝ ਮਹੱਤਵਪੂਰਨ ਮੁੱਦਿਆਂ ਤੋਂ ਪਿੱਛੇ ਹਟਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਉਸ ਦੀ ਨਿਤੀਸ਼ ਕੁਮਾਰ ਤੇ ਚੰਦਰਬਾਬੂ ਨਾਇਡੂ ਦੀ ਪਾਰਟੀ ’ਤੇ ਨਿਰਭਰਤਾ ਉਸ ਨੂੰ ਖੁੱਲ੍ਹ ਕੇ ਕੰਮ ਕਰਨ ਤੋਂ ਕੁਝ ਹੱਦ ਤੱਕ ਰੋਕ ਰਹੀ ਹੈ। ਲੋਕ ਸਭਾ ਵਿੱਚ 240 ਸੀਟਾਂ ਹੀ ਜਿੱਤ ਸਕਣਾ ਤੇ ਬਹੁਮਤ ਤੋਂ ਪਿੱਛੇ ਰਹਿ ਜਾਣਾ ਭਾਜਪਾ ਨੂੰ ਗੱਠਜੋੜ ਧਰਮ ਨਿਭਾਉਣ ਲਈ ਮਜਬੂਰ ਕਰਦਾ ਰਹੇਗਾ। ਜਿੱਥੇ ਤੱਕ ਸ਼ਰਨਾਰਥੀਆਂ ਦੀ ਗੱਲ ਹੈ, ਭਾਰਤ ਵਿੱਚ ਅਮਰੀਕਾ ਅਤੇ ਬਰਤਾਨੀਆ ਦੀ ਤਰ੍ਹਾਂ ਸ਼ਰਨਾਰਥੀਆਂ ਨਾਲੋਂ ਕਿਤੇ ਵੱਡੀ ਸਮੱਸਿਆ ਘੁਸਪੈਠੀਆਂ ਦੀ ਹੈ।

ਜਿੱਥੇ ਅਮਰੀਕਾ ਅਤੇ ਬਰਤਾਨੀਆ ਵਿੱਚ ਘੁਸਪੈਠੀਆਂ ਦੀ ਰੋਕਥਾਮ ਅਤੇ ਉਨ੍ਹਾਂ ਨੂੰ ਮੁਲਕ ਤੋਂ ਬਾਹਰ ਕੱਢਣ ਲਈ ਇੱਕ ਰਾਇ ਹੈ, ਓਥੇ ਹੀ ਭਾਰਤ ਵਿੱਚ ਵੋਟ ਬੈਂਕ ਦੇ ਲਾਲਚ ਵਿੱਚ ਉਨ੍ਹਾਂ ਨੂੰ ਸ਼ਹਿ ਦਿੱਤੀ ਜਾ ਰਹੀ ਹੈ। ਇਸ ਸਭ ਤੋਂ ਅਲੱਗ ਭਾਰਤ ਵਿੱਚ ਇੱਕ ਅਜਿਹੀ ਸਿਆਸੀ ਸਮੱਸਿਆ ਖੜ੍ਹੀ ਹੋ ਗਈ ਹੈ ਜੋ ਹਾਲੇ ਤੱਕ ਹੋਰ ਕਿਸੇ ਵੱਡੇ ਲੋਕਤੰਤਰ ਵਿੱਚ ਦੇਖਣ ਨੂੰ ਨਹੀਂ ਮਿਲਦੀ ਅਤੇ ਉਹ ਹੈ ਲੋਕ ਫ਼ਤਵੇ ਨੂੰ ਸਵੀਕਾਰ ਨਾ ਕਰਨ ਦੀ ਸਮੱਸਿਆ। ਚੋਣਾਂ ਤੋਂ ਪਹਿਲਾਂ ਤੱਕ ਅਮਰੀਕਾ ਵਿੱਚ ਵੀ ਅਜਿਹਾ ਅੰਦੇਸ਼ਾ ਸੀ ਕਿ ਜੇ ਟਰੰਪ ਹਾਰ ਜਾਂਦੇ ਹਨ ਅਤੇ ਉਹ ਤੇ ਉਨ੍ਹਾਂ ਦੇ ਹਮਾਇਤੀ ਲੋਕ ਫ਼ਤਵੇ ਨੂੰ ਸਵੀਕਾਰ ਨਹੀਂ ਕਰਦੇ ਤਦ ਸਭ ਤੋਂ ਪੁਰਾਣੇ ਲੋਕਤੰਤਰ ਦਾ ਤਮਾਸ਼ਾ ਬਣ ਸਕਦਾ ਸੀ ਪਰ ਟਰੰਪ ਦੀ ਨਾਟਕੀ ਜਿੱਤ ਨੇ ਅਮਰੀਕਾ ਦੀ ਲਾਜ ਬਚਾ ਲਈ।

ਇਸ ਦੇ ਠੀਕ ਉਲਟ ਭਾਰਤ ਵਿੱਚ ਮਹਿੰਗਾਈ ਅਤੇ ਬੇਰੁਜ਼ਗਾਰੀ ਦੀ ਮਾਰ ਅਤੇ ਸੰਵਿਧਾਨ ਤੇ ਚੋਣ ਬਾਂਡਾਂ ਨੂੰ ਲੈ ਕੇ ਕੀਤੇ ਜਾ ਰਹੇ ਜ਼ੋਰਦਾਰ ਪ੍ਰਚਾਰ ਦੇ ਬਾਵਜੂਦ ਸੱਤਾਧਾਰੀ ਗੱਠਜੋੜ ਨੂੰ ਬਹੁਮਤ ਤਾਂ ਮਿਲ ਗਿਆ ਗਿਆ ਪਰ ਉਸ ਲਈ ਚੁਣੌਤੀਆਂ ਬੇਸ਼ੁਮਾਰ ਖੜ੍ਹੀਆਂ ਹੋ ਗਈਆਂ ਹਨ।

ਹੋਰ ਕਿਸੇ ਵੀ ਸਥਿਰ ਲੋਕਤੰਤਰ ਵਿੱਚ ਭਾਰਤ ਵਰਗਾ ਚੋਣ ਨਤੀਜਾ ਆਇਆ ਹੁੰਦਾ ਤਾਂ ਹਾਰਨ ਵਾਲੀ ਧਿਰ ਲੋਕ ਫ਼ਤਵੇ ਨੂੰ ਸਵੀਕਾਰ ਕਰ ਕੇ ਆਪਣੀਆਂ ਭੁੱਲਾਂ ਅਤੇ ਨਵੀਂ ਸਰਕਾਰ ਦੀਆਂ ਯੋਜਨਾਵਾਂ ਦੀ ਸਮੀਖਿਆ ਵਿੱਚ ਰੁੱਝ ਜਾਂਦੀ। ਜਰਮਨੀ ਅਤੇ ਫਰਾਂਸ ਵਿੱਚ ਜਨਤਾ ਨੇ ਖੰਡਿਤ ਲੋਕ ਫ਼ਤਵਾ ਦਿੱਤਾ ਸੀ।

ਜਰਮਨੀ ਵਿੱਚ ਰਾਸ਼ਟਰਪਤੀ ਸ਼ੁਲਜ਼ ਦੀ ਸੋਸ਼ਲ ਡੈਮੋਕ੍ਰੈਟਿਕ ਪਾਰਟੀ ਅਤੇ ਫਰਾਂਸ ਵਿੱਚ ਰਾਸ਼ਟਰਪਤੀ ਮੈਂਕਰੋਂ ਦੀ ਰੇਨੇਸਾਂ ਪਾਰਟੀ ਬੁਰੀ ਤਰ੍ਹਾਂ ਹਾਰ ਗਈਆਂ ਅਤੇ ਅੱਤ ਦੀਆਂ ਦੱਖਣਪੰਥੀ ਪਾਰਟੀਆਂ ਤੋਂ ਵੀ ਪਿੱਛੇ ਰਹਿ ਗਈਆਂ। ਇਸ ਦੇ ਬਾਵਜੂਦ ਦੋਵਾਂ ਦੇਸ਼ਾਂ ਵਿੱਚ ਹਾਰੀਆਂ ਪਾਰਟੀਆਂ ਨੇ ਚੋਣ ਪ੍ਰਕਿਰਿਆ ’ਤੇ ਸਵਾਲ ਚੁੱਕਣ ਅਤੇ ਸੰਵਿਧਾਨ ਖ਼ਤਰੇ ਵਿੱਚ ਹੈ, ਵਰਗੇ ਨਾਅਰੇ ਲਗਾ ਕੇ ਸੰਸਦ ਅਤੇ ਸੜਕਾਂ ਠੱਪ ਕਰਨ ਦੀ ਬਜਾਏ ਆਪਣੀ ਤਾਕਤ ਨਵੇਂ ਗੱਠਜੋੜ ਬਣਾਉਣ ਵਿੱਚ ਲਗਾਈ। ਉਨ੍ਹਾਂ ਨੇ ਖੱਬੇ-ਪੱਖੀਆਂ, ਮੱਧਵਰਗੀ ਅਤੇ ਗਰੀਨ ਪਾਰਟੀਆਂ ਦੇ ਨਵੇਂ ਗੱਠਜੋੜ ਬਣਾ ਕੇ ਸਰਕਾਰ ਬਣਾਈ। ਇਹ ਗੱਲ ਅਲੱਗ ਹੈ ਕਿ ਆਰਥਿਕ ਨੀਤੀਆਂ ਵਿੱਚ ਡੂੰਘੇ ਮਤਭੇਦ ਦੀ ਵਜ੍ਹਾ ਨਾਲ ਇਹ ਸਰਕਾਰਾਂ ਚੱਲ ਨਹੀਂ ਸਕੀਆਂ ਪਰ ਕਿਸੇ ਨੇ ਲੋਕਾਂ ਨੂੰ ਲੋਕ ਫ਼ਤਵੇ ਵਿਰੁੱਧ ਭੜਕਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਜਾਪਾਨ ਵਿੱਚ ਵੀ ਇਹੀ ਹੋਇਆ ਅਤੇ ਹੁਣ ਟਰੰਪ ਦੇ ਸੱਤਾ ਸੰਭਾਲਣ ਤੋਂ ਬਾਅਦ ਅਮਰੀਕਾ ਵਿੱਚ ਵੀ ਇਹੀ ਹੁੰਦਾ ਦਿਸਦਾ ਹੈ।

ਇੱਥੇ ਸੰਸਦ ਮੈਂਬਰ ਰੌਲਾ-ਰੱਪਾ ਪਾਉਣ ਅਤੇ ਬੇਲੋੜੇ ਮੁੱਦੇ ਚੁੱਕਣ ਦੀ ਥਾਂ ਆਪੋ-ਆਪਣੀ ਗੱਲ ਤੱਥਾਂ ਦੇ ਨਾਲ ਰੱਖਦੇ ਹਨ। ਬਦਕਿਸਮਤੀ ਨਾਲ ਭਾਰਤ ਵਿੱਚ ਠੀਕ ਇਸ ਤੋਂ ਉਲਟ ਹੋ ਰਿਹਾ ਹੈ। ਸੰਸਦ ਦਾ ਪੂਰਾ ਸਰਦ ਰੁੱਤ ਦਾ ਇਜਲਾਸ ਅਡਾਨੀ ਸਮੂਹ ’ਤੇ ਅਮਰੀਕਾ ਵਿੱਚ ਲੱਗੇ ਦੋਸ਼ਾਂ ’ਤੇ ਬਹਿਸ ਦੀ ਅੜੀ, ਸੰਵਿਧਾਨ ਅਤੇ ਮਨੂਸਮ੍ਰਿਤੀ ’ਤੇ ਚਰਚਾ ਅਤੇ ਅੰਬੇਡਕਰ ਦੇ ਕਥਿਤ ਅਪਮਾਨ ’ਤੇ ਮਾਫ਼ੀ ਦੀ ਜ਼ਿੱਦ ਦੀ ਭੇਟ ਚੜ੍ਹ ਗਿਆ। ਇਨ੍ਹਾਂ ਮੁੱਦਿਆਂ ਦਾ ਚਲੰਤ ਚੁਣੌਤੀਆਂ ਨਾਲ ਭਲਾ ਕੀ ਸਰੋਕਾਰ ਹੈ? ਭਾਰਤ ਦਾ ਭਲਾ ਇਸੇ ਵਿੱਚ ਹੈ ਕਿ ਨਵੇਂ ਸਾਲ ਵਿੱਚ ਉਹ ਅਸਲ ਚੁਣੌਤੀਆਂ ’ਤੇ ਧਿਆਨ ਕੇਂਦਰਿਤ ਕਰੇ ਕਿਉਂਕਿ ਪੌਣ-ਪਾਣੀ ਬਦਲਾਅ ਕਾਰਨ ਵਧਦੇ ਪ੍ਰਦੂਸ਼ਣ, ਬਿਮਾਰੀਆਂ, ਹੜ੍ਹਾਂ ਅਤੇ ਸੋਕਿਆਂ ਦੀ ਵਜ੍ਹਾ ਨਾਲ ਲੱਖਾਂ-ਕਰੋੜਾਂ ਦਾ ਨੁਕਸਾਨ ਹੋ ਰਿਹਾ ਹੈ। ਕਾਰੋਬਾਰ ਵਿਰੋਧੀ ਮਾਹੌਲ ਕਾਰਨ ਉਦਯੋਗ-ਰੁਜ਼ਗਾਰ ਨਹੀਂ ਪਨਪ ਪਾ ਰਹੇ। ਸਿੱਖਿਆ ਪ੍ਰਯੋਗਿਕ ਨਾ ਹੋਣ ਕਾਰਨ ਗ੍ਰੈਜੂਏਟ ਕੰਮ-ਧੰਦਿਆਂ ਵਿੱਚ ਨਿਪੁੰਨ ਨਹੀਂ ਬਣ ਪਾ ਰਹੇ ਹਨ। ਗੁਣਵੱਤਾ ਅਤੇ ਉਤਪਾਦਕਤਾ ਵਿੱਚ ਉਮੀਦ ਮੁਤਾਬਕ ਸੁਧਾਰ ਨਾ ਹੋਣ ਕਾਰਨ ਭਾਰਤੀ ਮਾਲ ਵਿਦੇਸ਼ੀ ਮੁਕਾਬਲੇਬਾਜ਼ੀ ਅੱਗੇ ਟਿਕ ਨਹੀਂ ਪਾਉਂਦਾ। ਉਤਪਾਦਨ, ਭੰਡਾਰਨ ਅਤੇ ਸਪਲਾਈ ਦੇ ਤਾਲਮੇਲ ਤੋਂ ਬਿਨਾਂ ਖੁਰਾਕੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਉਛਾਲ ਅਤੇ ਗਿਰਾਵਟ ਆਉਂਦੀ ਰਹਿੰਦੀ ਹੈ ਜਿਸ ਦੀ ਸਭ ਤੋਂ ਬੁਰੀ ਮਾਰ ਗ਼ਰੀਬਾਂ ’ਤੇ ਪੈ ਰਹੀ ਹੈ।




(**ਬਾਕੀ ਸਫ਼ਾ 31 ’ਤੇ**)

**11 ਜਨਵਰੀ : ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**

# ਕੈਨੇਡਾ 'ਚ ਨਸਲਵਾਦ ਦੇ ਖ਼ਾਤਮੇ ਦੇ ਪ੍ਰਸੰਗ 'ਚ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ
ਮੁਢਲੀ ਐਬਟਸਫ਼ੋਰਡ, ਕੈਨੇਡਾ

ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ 'ਚਿੱਟੀ ਚਮੜੀ ਵਾਲਿਆਂ ਦਾ ਦੇਸ਼' ਸਾਬਤ ਕਰਨ ਦੀ ਕੋਸ਼ਿਸ਼ 'ਚ ਲੱਗੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸਬਕ ਸਿਖਾਇਆ ਸੀ। ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਪਹਿਲਾ ਅਧਿਆਇ ਲਿਖਿਆ ਗਿਆ ਸੀ। ਦੁੱਖ ਇਸ ਗੱਲ ਦਾ ਹੈ ਕਿ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ 'ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ। ਕੈਨੇਡਾ ਦੀ ਮੋਢੀ ਜੁਝਾਰੂ ਸਿੱਖਾਂ 'ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਕੈਨੇਡਾ 'ਚ ਫ਼ਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹਨਾਂ ਦੀ ਕੁਰਬਾਨੀ ਹੀ ਅੱਗਿਓਂ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਪਰਿਵਾਰ ਵਿੱਚ ਭਾਈ ਮੇਵਾ ਸਿੰਘ ਅਤੇ ਦੇਵਾ ਸਿੰਘ ਦੋ ਭਰਾ ਸਨ। ਸਿੱਖੀ ਪਿਛੋਕੜ ਨਾਲ ਸਬੰਧਿਤ ਪਰਿਵਾਰ ਵਾਲੇ ਮੇਵਾ ਸਿੰਘ ਨੇ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਣ ਲਈ ਕੈਨੇਡਾ ਆਉਣ ਦਾ ਫ਼ੈਸਲਾ ਕੀਤਾ। ਉਹਨਾਂ ਵੇਲਿਆਂ 'ਚ ਪਾਸਪੋਰਟ ਨਹੀਂ ਸਨ ਹੁੰਦੇ ਅਤੇ ਭਾਈ ਮੇਵਾ ਸਿੰਘ ਨੇ ਕਲਕੱਤੇ ਤੋਂ ਹਾਂਗਕਾਂਗ ਅਤੇ ਉਥੋਂ ਵੈਨਕੂਵਰ ਦੀ ਟਿਕਟ ਲਈ ਅਤੇ 1906 ਈਂ ਵਿੱਚ ਜਾਰਡੀਨ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਆ ਵਸੇ।

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖ਼ਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 27 ਮਾਰਚ 1907 ਵਿੱਚ, ਬੀਸੀ ਕੰਜ਼ਰਵਟਿਵ ਸਰਕਾਰ ਵੱਲੋਂ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫ਼ਰੇਜ਼ਰ ਮਿੱਲ 'ਚ ਕੰਮ ਕਰਦੇ ਸਨ। ਇੱਥੇ ਦੇ ਮਿਲ ਮੈਨੇਜਰ ਵੱਲੋਂ ਭਾਈ ਮੇਵਾ ਸਿੰਘ ਸਮੇਤ ਸਮੂਹ ਸਿੱਖ ਕਾਮਿਆਂ ਨੂੰ ਸਿਰਾਂ ਤੇ ਲੋਹ ਟੋਪ (ਹਾਰਡ ਹੈਟ) ਪਾਉਣ ਦਾ ਫ਼ੈਸਲਾ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਕਰਨ ਲਈ ਫ਼ਰੇਜ਼ਰ ਮਿਲ ਸਥਿਤ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਇਕੱਠੇ ਹੋਏ ਅਤੇ ਸਮੂਹ ਜਥਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਇਸ ਦੇ ਖ਼ਿਲਾਫ਼ ਮਤਾ ਪਾਸ ਕੀਤਾ। ਇਸ ਦੇ ਵਿਰੋਧ ਵਿੱਚ ਸਿੱਖ ਕਾਮਿਆਂ ਨੇ ਮੈਨੇਜਰ ਦੇ ਘਰ ਦਾ ਘਿਰਾਓ ਕੀਤਾ ਅਤੇ ਆਖਰਕਾਰ ਮਿਲ ਵਾਲਿਆਂ ਨੂੰ ਲੋਹਟੋਪ ਦਾ ਫ਼ੈਸਲਾ ਵਾਪਸ ਲੈਣਾ ਪਿਆ ਇਹ ਕੈਨੇਡਾ ਦੀ ਧਰਤੀ 'ਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਇਤਿਹਾਸਿਕ ਜਿੱਤ ਸੀ।

ਭਾਈ ਮੇਵਾ ਸਿੰਘ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ-ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫ਼ਲਸਫ਼ਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਹਨਾਂ ਮੋਢੀ ਸਿੱਖਾਂ ਨੇ ਮਿਲ ਕੇ 1907 ਵਿੱਚ ਵੈਨਕੂਵਰ ਵਿਖੇ ਗੁਰਦੁਆਰੇ ਲਈ ਜ਼ਮੀਨ ਖਰੀਦੀ ਅਤੇ 19 ਜਨਵਰੀ 1908 ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ, ਜਿੱਥੇ 21 ਜੂਨ 1908 ਨੂੰ ਭਾਈ ਸਾਹਿਬ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖ਼ਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼', ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫ਼ਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ।

ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖ਼ਿਲਾਫ਼ ਫ਼ੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਇਹਨਾਂ ਯੋਧਿਆਂ ਨੇ ਫ਼ੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਸਫ਼ੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇਮੀਗ੍ਰੇਸ਼ਨ ਅਧਿਕਾਰੀ ਮੈਕਲਮ ਰੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖ਼ਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖ਼ਿਲਾਫ਼ ਵਿਰੋਧ ਸਿਖਰਾਂ 'ਤੇ ਸੀ।

4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ



ਹੋਏ, ਜਿੰਨਾਂ ਵਿੱਚ ਭਾਈ ਦਲੀਪ ਸਿੰਘ ਫ਼ਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਸਿੱਖ ਸ਼ਾਮਿਲ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਮੈਲਕਮ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵੱਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ ਸੀ।

ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖ਼ਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਉਹ ਦੂਜੀ ਮੰਜ਼ਿਲ ਤੇ ਕੋਰਟ ਰੂਮ ਦੇ ਬਾਹਰ ਖੜਾ ਸੀ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਦੋ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਸੱਜੇ ਹੱਥ ਨਾਲ ਚਾਰ ਗੋਲੀਆਂ ਦਾਗ਼ ਦਿੱਤੀਆਂ। ਛਾਤੀ ਅਤੇ ਪਸਲੀ 'ਚੋਂ ਆਰ ਪਾਰ ਹੋਈਆਂ ਦੋ ਗੋਲੀਆਂ ਨਾਲ ਹਿੰਦ ਸਰਕਾਰ ਦਾ ਸੂਹੀਆ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ।

**ਵਿਲੀਅਮ ਚਾਰਲਸ ਹਾਪਕਿਨਸਨ ਕੌਣ ਸੀ ?**

ਵਿਲੀਅਮ ਚਾਰਲਸ ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 16 ਜੂਨ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਵਿਲੀਅਮ ਅੰਗਰੇਜ਼ ਸੀ ਅਤੇ ਮਾਂ ਜਲੰਧਰ ਛਾਉਣੀ ਵਿੱਚ ਰਹਿੰਦੇ ਹਿੰਦੂ ਬ੍ਰਾਹਮਣ ਪਰਿਵਾਰ ਵਿੱਚੋਂ ਸੀ, ਪਰ ਉਸ ਨੇ ਮਗਰੋਂ ਆਪਣਾ ਨਾਮ ਬਦਲ ਕੇ ਐਗਨਿਸ ਰੱਖ ਲਿਆ ਸੀ, ਇਸੇ ਕਾਰਨ ਹਾਪਕਿਨਸਨ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖ਼ਿਲਾਫ਼ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ। ਵਿਲੀਅਮ ਚਾਰਲਸ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫ਼ਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜ਼ੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ਼ ਲੰਡਨ' ਦੇ ਪੱਤਰਕਾਰ ਐਲ ਡਬਲਯੂ ਕਰੈਪਿਨ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇੱਕ ਰਿਪੋਰਟ ਲਈ ਵੱਧ ਤੋਂ ਵੱਧ ਖ਼ੁਫ਼ੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਕੇਂਦਰੀ ਅਮਰੀਕਾ ਵਿੱਚ ਅੰਗਰੇਜ਼ਾਂ ਦੀ ਬਸਤੀ ਬ੍ਰਿਟਿਸ਼ ਹੌਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ।

ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਅੰਦਰ 'ਪੇਡ ਏਜੰਟਾਂ' ਦੀ ਇਮੀਗ੍ਰੇਸ਼ਨ ਧੜੇ ਰਾਹੀਂ ਘੁਸਪੈਠ ਕਰ ਲਿਆ। ਉਸਨੇ ਬੇਲਾ ਝੁੱਟੀ, ਪਿੰਡ ਜਿਆਣ, ਬਾਬੂ ਹੇਅਰ ਪਿੰਡ ਲਿਤਰਾਂ ਅਤੇ ਗੰਗਾ ਰਾਮ ਸਹੋਤਾ ਪਿੰਡ ਬੜੀਆਂ ਬਾੜੀਆਂ ਮਾਹਲਪੁਰ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖ਼ਿਲਾਫ਼ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭ੍ਰਸ਼ਿਟ ਕਾਰਵਾਈਆਂ ਜਾਹਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਝੋਲੀ ਚੁੱਕਾਂ ਦਾ ਹਰ ਤਰ੍ਹਾਂ ਬਚਾਓ ਕੀਤਾ। ਪਾੜੋ ਤੇ ਰਾਜ ਕਰੋ ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਬ੍ਰਿਟਿਸ਼ ਹੌਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖ਼ਿਲਾਫ਼ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫ਼ਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ। ਉਸ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਆਗੂ ਸਿੱਖਾਂ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਉਣ ਦੀ ਸੀ। ਕੈਨੇਡਾ ਦੀ ਧਰਤੀ 'ਤੇ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਐਂਗਲੋ ਇੰਡੀਅਨ ਏਜੰਟ ਤੇ ਨਸਲਵਾਦੀ ਹਾਪਕਿਨਸਨ ਨੂੰ ਸੋਧ ਕੇ, ਕੈਨੇਡਾ 'ਚ ਬਹੁ-ਸੱਭਿਆਚਾਰਕ ਢਾਂਚੇ ਦਾ ਸ਼ਾਨਾਮੱਤਾ ਇਤਿਹਾਸ ਸਿਰਜਿਆ ਸੀ।

**ਹਾਪਕਿਨਸਨ ਨੂੰ ਸੋਧਣ ਬਾਰੇ ਭਾਈ ਮੇਵਾ ਸਿੰਘ ਲੋਪੋਕੇ ਦਾ ਇਤਿਹਾਸਿਕ ਬਿਆਨ**

ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ। ਦੂਜੇ ਪਾਸੇ 30 ਅਕਤੂਬਰ ਨੂੰ ਭਾਈ ਮੇਵਾ ਸਿੰਘ 'ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਚਾਓ ਪੱਖ ਦੇ ਵਕੀਲ ਮਿਸਟਰ ਵੁੱਡਜ਼ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨ੍ਹਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿੱਚ ਅਨੁਵਾਦਕ ਡਾਲਟਨ ਵੱਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : 'ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵੱਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।'

'ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਇਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।' (ਇਤਿਹਾਸਕਾਰ ਸੋਹਣ ਸਿੰਘ ਪੂੰਨੀ ਦੀ 'ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ ਅਤੇ ਹਾਪਕਿਨਸਨ ਦਾ ਕਤਲ' ਕਿਤਾਬ) ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

**ਭਾਈ ਮੇਵਾ ਸਿੰਘ ਲੋਪੋਕੇ ਨੂੰ ਅਦਾਲਤ ਵੱਲੋਂ ਫ਼ਾਂਸੀ**

ਨਸਲਵਾਦੀ ਚਿਟ ਚਮੜੀਆਂ ਵਿਲੀਅਮ ਹੌਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ 30 ਅਕਤੂਬਰ 1914 ਨੂੰ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫ਼ੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। ਫ਼ੈਸਲਾ ਸੁਣਦੇ ਆਂ ਭਾਈ ਸਾਹਿਬ ਨੇ ਗੁਰਬਾਣੀ 'ਚੋਂ 'ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ' ਉੱਚੀ ਆਵਾਜ਼ ਵਿੱਚ ਗੁੰਜਾਉਂਦਿਆਂ ਖਿੜੇ ਮੱਥੇ ਫ਼ੈਸਲਾ ਪ੍ਰਵਾਨ ਕੀਤਾ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਅੱਠ ਵੱਜ ਕੇ ਇੱਕ ਮਿੰਟ ਤੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ 'ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ' ਗਾਇਨ ਕਰਦਿਆਂ, ਹੱਸਦੇ-ਹੱਸਦੇ ਫ਼ਾਂਸੀ ਚੜ੍ਹ ਗਏ। ਜੇਲ੍ਹ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ। ਹੱਕ, ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਵਿਆਹੇ ਨਹੀਂ ਸਨ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।

**ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਸਮਰਪਿਤ ਐਲਾਨਨਾਮਾ**

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿੱਚ 2020 ਨੂੰ ਮਤਾ ਲਿਆਂਦਾ ਅਤੇ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ।

(ਬਾਕੀ ਸਫ਼ਾ 30 'ਤੇ)



# ਮਾਘ ਨਜ਼ਾਰੇ ਧੁੱਪਾਂ ਦੇ...
# ਪੱਤੇ ਝੜਦੇ ਰੁੱਖਾਂ ਦੇ...

## ਬਸੰਤ ਰੁੱਤ ਦੀ ਆਮਦ ਅਤੇ ਫੁੱਲ-ਬੂਟਿਆਂ 'ਤੇ ਨਿਖਾਰ ਆਉਣ ਨਾਲ ਮਹਿਕ ਉੱਠਦਾ ਚੌਗਿਰਦਾ




ਪਤਝੜ ਰੁੱਤ ਦੀ ਰਵਾਨਗੀ ਅਤੇ ਬਸੰਤ ਰੁੱਤ ਦੀ ਆਮਦ ਦਾ ਮਹੀਨਾ ਮੰਨੇ ਜਾਂਦੇ ਮਾਘ ਮਹੀਨੇ ਦੀ ਸ਼ੁਰੂਆਤ ਹੀ ਮਾਘੀ ਦੇ ਪਵਿੱਤਰ ਧਾਰਮਿਕ ਤਿਉਹਾਰ ਨਾਲ ਹੁੰਦੀ ਹੈ, ਭਾਵੇਂ ਬਸੰਤ ਰੁੱਤ ਫ਼ੱਗਣ ਮਹੀਨੇ ਦੌਰਾਨ ਮੌਲਦੀ, ਪੈਲਾਂ ਪਾਉਂਦੀ, ਜਵਾਨ ਹੁੰਦੀ ਹੈ ਪਰ ਬਸੰਤ ਰੁੱਤ ਦਾ ਜਨਮ ਇੱਕ ਤਰ੍ਹਾਂ ਮਾਘ ਮਹੀਨੇ ਹੀ ਹੋ ਜਾਂਦਾ ਹੈ।

ਮਾਘ ਮਹੀਨੇ ਦੌਰਾਨ ਪੈਂਦੀ ਕੜਾਕੇ ਦੀ ਹੱਡ ਠਾਰਦੀ ਠੰਡ, ਅੰਮ੍ਰਿਤ ਵੇਲੇ ਹਰ ਪਾਸੇ ਫ਼ੈਲੀ ਧੁੰਦਲੀ ਸਵੇਰ ਅਤੇ ਫ਼ਿਰ ਦੁਪਹਿਰ ਸਮੇਂ ਨਿਕਲਦੀ ਕੋਸੀ ਕੋਸੀ ਧੁੱਪ, ਪੱਤੇ ਝੜਨ ਤੋਂ ਬਾਅਦ ਰੁੰਡ ਮੁਰੰਡ ਹੋਏ ਰੁੱਖ, ਜੋ ਬੜੀ ਬੇਸਬਰੀ ਨਾਲ ਬਸੰਤ ਬਹਾਰ ਰੁੱਤ ਦੀ ਉਡੀਕ ਕਰ ਰਹੇ ਹੁੰਦੇ ਹਨ, ਦਰਿਆਵਾਂ, ਨਦੀਆਂ, ਜਲਗਾਹਾਂ ਕਿਨਾਰੇ ਸਾਈਬੇਰੀਆ ਦੀਆਂ ਕੂੰਜਾਂ ਅਤੇ ਹੋਰ ਰੰਗ ਬਿਰੰਗੇ ਮਨਮੋਹਣੇ ਪਰਵਾਸੀ ਪੰਛੀਆਂ ਦੀਆਂ ਉਡਾਰੀਆਂ ਅਤੇ ਦੇਸੀ-ਪਰਵਾਸੀ ਪੰਛੀਆਂ ਦੀਆਂ ਰਲਵੀਂਆਂ ਮਿਲਵੀਂਆਂ ਆਵਾਜ਼ਾਂ ਰਾਹੀਂ ਪੈਦਾ ਹੁੰਦਾ ਮਨਮੋਹਨਾਂ ਸੰਗੀਤ ਅਸਲ ਵਿੱਚ ਬਹਾਰ ਰੁੱਤ ਦੇ ਜਨਮ ਹੋਣ ਦੇ ਸੂਚਕ ਹੁੰਦੇ ਹਨ। ਇਹ ਠੀਕ ਹੈ ਕਿ ਮਾਘ ਮਹੀਨੇ ਦੀ ਸ਼ੁਰੂਆਤ ਮੌਕੇ ਰੁੱਖਾਂ ਦੇ ਪੁਰਾਣੇ ਪੱਤੇ ਝੜ ਜਾਂਦੇ ਹਨ ਪਰ ਇਸ ਦੇ ਨਾਲ ਹੀ ਰੁੱਖਾਂ ਦੀਆਂ ਡਾਲੀਆਂ 'ਤੇ ਨਵੇਂ ਪੱਤੇ ਆਉਣ ਲਈ ਕਰੂੰਬਲਾਂ ਉਗ ਪੈਂਦੀਆਂ ਹਨ, ਜੋ ਕਿ ਮਾਘ ਮਹੀਨੇ ਦੌਰਾਨ ਪੂਰੇ ਪੱਤਿਆਂ ਦੇ ਰੂਪ ਵਿੱਚ ਆ ਜਾਂਦੀਆਂ ਹਨ ਅਤੇ ਬਸੰਤ ਰੁੱਤ ਦੇ ਜਨਮ ਦਾ ਐਲਾਨ ਕਰ ਦਿੰਦੇ ਹਨ। ਅਸਲ ਵਿੱਚ ਪੋਹ ਮਹੀਨੇ ਦੇ ਕੱਕਰ ਕਾਰਨ ਸੁੱਤੀ ਹੋਈ ਬਨਸਪਤੀ ਵੀ ਮਾਘ ਮਹੀਨੇ ਸੂਰਜ ਦੇਵਤਾ ਦੀ ਹਾਜਰੀ ਵਧਣ ਕਾਰਨ ਕੋਸੀ ਕੋਸੀ ਧੁੱਪ ਦਾ ਆਨੰਦ ਮਾਣਦਿਆਂ ਉਸਲ ਵੱਟੇ ਲੈਣ ਲੱਗ ਪੈਂਦੀ ਹੈ।

ਇਸ ਤੋਂ ਇਲਾਵਾ ਵੱਖ- ਵੱਖ ਧਾਰਮਿਕ ਗ੍ਰੰਥਾਂ ਵਿੱਚ ਮਾਘ ਮਹੀਨੇ ਦਾ ਜ਼ਿਕਰ ਆਉਂਦਾ ਹੈ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਵੀ ਪਵਿੱਤਰ ਗਰੰਥ ਗੀਤਾ ਦੇ ਅੱਠਵੇਂ ਅਧਿਆਏ ਵਿੱਚ ਮਾਘ ਮਹੀਨੇ ਦੀ ਉਸਤਤਿ ਕੀਤੀ ਹੈ। ਮਹਾਂਭਾਰਤ ਵਿੱਚ ਵੀ ਮਾਘ ਮਹੀਨੇ ਦਾ ਜ਼ਿਕਰ ਆਉਂਦਾ ਹੈ ਕਿ ਮਾਘ ਮਹੀਨੇ ਦੀ ਸੰਗਰਾਂਦ ਨੂੰ ਸਵਰਗ ਦਾ ਦਰਵਾਜ਼ਾ ਖੁੱਲ੍ਹਦਾ ਹੈ।

ਮਾਘ ਮਹੀਨੇ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਮਾਘ ਮਹੀਨੇ ਨਾਲ ਸਬੰਧਿਤ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਦੇ ਨਾਂਅ ਤਾਂ ਵੱਖ- ਵੱਖ ਹੁੰਦੇ ਹਨ ਪਰ ਸਭ ਤਿਉਹਾਰਾਂ ਦਾ ਸਬੰਧ ਮਾਘ ਮਹੀਨੇ ਨਾਲ ਹੀ ਹੁੰਦਾ ਹੈ ਅਤੇ ਸਭ ਤਿਉਹਾਰਾਂ ਦਾ ਮਕਸਦ ਭਾਈਚਾਰਕ ਸਾਂਝ ਪੈਦਾ ਕਰਨਾ ਅਤੇ ਰੱਬ ਦੀ ਉਸਤਤਿ ਕਰਨਾ ਹੁੰਦਾ ਹੈ। ਮਾਘ ਮਹੀਨੇ ਦੀ ਸੰਗਰਾਂਦ ਨੂੰ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੰਜਾਬ ਵਿੱਚ ਮੁਕਤਸਰ ਦਾ ਮਾਘੀ ਮੇਲਾ ਬਹੁਤ ਪ੍ਰਸਿੱਧ ਹੈ। ਮਾਘੀ ਵਰਗੇ ਤਿਉਹਾਰ ਹੀ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਮਨਾਏ ਜਾਂਦੇ ਹਨ। ਉਤਰ ਪ੍ਰਦੇਸ਼ ਵਿੱਚ ਮਾਘ ਮਹੀਨੇ ਦੀ ਸੰਗਰਾਂਦ ਨੂੰ 'ਰੰਗੋਲੀ' ਉਤਸਵ ਮਨਾਇਆ ਜਾਂਦਾ ਹੈ। ਤਾਮਿਲਨਾਡੂ ਵਿੱਚ ਮਾਘੀ ਵਾਲੇ ਦਿਨ 'ਪੋਂਗਲ' ਤਿਉਹਾਰ ਮਨਾਇਆ ਜਾਂਦਾ ਹੈ। ਮਹਾਰਾਸ਼ਟਰ ਵਿੱਚ ਮਾਘੀ ਵਾਲੇ ਦਿਨ 'ਮਿਲਣ' ਤਿਉਹਾਰ ਮਨਾਇਆ ਜਾਂਦਾ ਹੈ। ਇਹ ਸਾਰੇ ਤਿਉਹਾਰ ਮਾਘੀ ਨਾਲ ਸਬੰਧਿਤ ਹੀ ਹੁੰਦੇ ਹਨ ਪਰ ਵੱਖ -ਵੱਖ ਸੂਬਿਆਂ ਵਿੱਚ ਇਹਨਾਂ ਦੇ ਨਾਮ ਵੱਖ- ਵੱਖ ਰੱਖੇ ਹੋਏ ਹਨ। ਭਾਰਤ ਦੇ ਕੁਝ ਇਲਾਕਿਆਂ ਵਿੱਚ ਮਾਘ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਸੂਰਜ ਦੇਵਤਾ ਦੀ ਪੂਜਾ ਵੀ ਕੀਤਾ ਜਾਂਦੀ ਹੈ, ਕਈ ਇਲਾਕਿਆਂ ਵਿੱਚ ਮਾਘ ਮਹੀਨੇ ਦੀ ਸੰਗਰਾਂਦ ਨੂੰ ਜਲ ਦੇਵਤਾ ਦੀ ਪੂਜਾ ਵੀ ਕੀਤੀ ਜਾਂਦੀ ਹੈ।

ਮਾਘ ਮਹੀਨਾ ਪੰਜਾਬ ਦੀ ਆਰਥਿਕਤਾ 'ਤੇ ਵੀ ਵੱਡਾ ਪ੍ਰਭਾਵ ਪਾਉਂਦਾ ਹੈ। ਮਾਘ ਮਹੀਨੇ ਦਿਨ ਕੁਝ ਖੁੱਲ੍ਹਣ ਲੱਗਦੇ ਹਨ, ਭਾਵ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ, ਜਿਸ ਕਾਰਨ ਲੋਕਾਂ ਦੇ ਕੰਮਾਂ ਕਾਜਾਂ ਲਈ ਵਧੇਰੇ ਸਮਾਂ ਮਿਲ ਜਾਂਦਾ ਹੈ, ਜੋ ਕਿ ਲੋਕਾਂ ਦੀ ਕਿਰਤ ਕਮਾਈ ਵਿੱਚ ਵਾਧਾ ਕਰ ਦਿੰਦਾ ਹੈ। ਮਾਘ ਮਹੀਨੇ ਰੁਕ ਰੁਕ ਕੇ ਪੈਂਦੀ ਬਰਸਾਤ, ਨਿੱਕੀ ਕਣੀ ਦਾ ਮੀਂਹ ਖੇਤਾਂ ਵਿੱਚ ਪਲ ਰਹੀ ਕਣਕ ਦੀ ਫ਼ਸਲ, ਦਾਲਾਂ ਤੇ ਤੇਲ ਬੀਜ ਸਮੇਤ ਹਾੜੀ ਦੀਆਂ ਹੋਰ ਫ਼ਸਲਾਂ ਲਈ ਬਹੁਤ ਲਾਹੇਵੰਦ ਮੰਨੀ ਜਾਂਦੀ ਹੈ। ਮਾਘ ਮਹੀਨੇ ਪੈਂਦੇ ਨਿੱਕੀ ਨਿੱਕੀ ਕਣੀ ਦੇ ਮੀਂਹ ਕਾਰਨ ਬਰਸਾਤ ਦਾ ਪਾਣੀ ਫ਼ਸਲਾਂ ਦੀਆਂ ਜੜ੍ਹਾਂ ਵਿੱਚ ਚਲਿਆ ਜਾਂਦਾ ਹੈ ਅਤੇ ਫ਼ਸਲਾਂ ਨੂੰ ਟਿਊਬਵੈਲਾਂ ਰਾਹੀਂ ਪਾਣੀ ਦੇਣ ਦੀ ਲੋੜ ਨਹੀਂ ਪੈਂਦੀ। ਮਾਘ ਮਹੀਨੇ ਨਿੱਕੀ ਨਿੱਕੀ ਕਣੀ ਦਾ ਮੀਂਹ ਪੈਣ ਨਾਲ ਫ਼ਸਲਾਂ ਦੇ ਪੱਤਿਆਂ ਦਾ ਸਟੋਮਟਾ ਖੁੱਲ ਜਾਂਦਾ ਹੈ, ਜਿਸ ਨਾਲ ਪੌਦੇ ਨੂੰ ਸੂਰਜ ਦੀ ਸ਼ਕਤੀ ਨਾਲ ਖੁਰਾਕ ਪ੍ਰਾਪਤ ਹੋਣ ਲੱਗਦੀ ਹੈ ਅਤੇ ਉਹ ਪਤਝੜ ਦੇ ਮੌਸਮ ਦੌਰਾਨ ਮੌਲਣ ਲੱਗਦੇ ਹਨ। ਮਾਘ ਮਹੀਨੇ ਪੈਂਦੀ ਬਰਸਾਤ ਕਾਰਨ ਮਿੱਟੀ ਵਿੱਚ ਪਏ ਖੁਰਾਕੀ ਤੱਤਾਂ ਦਾ ਵੀ ਕਣਕ ਦੀ ਫ਼ਸਲ ਨੂੰ ਕਾਫ਼ੀ ਫ਼ਾਇਦਾ ਹੁੰਦਾ ਹੈ। ਮਾਘ ਮਹੀਨੇ ਪੈਂਦੀ ਬਰਸਾਤ ਫ਼ਸਲਾਂ 'ਤੇ ਪੈ ਰਹੇ ਕੋਰੇ ਦੇ ਪ੍ਰਭਾਵ ਨੂੰ ਖਤਮ ਕਰ ਦਿੰਦੀ ਹੈ। ਹਰ ਸਾਲ ਮਾਘ ਮਹੀਨੇ ਦੌਰਾਨ ਬਰਸਾਤ ਵੀ ਪੈ ਜਾਂਦੀ ਹੈ, ਜਿਸ ਕਾਰਨ ਠੰਡ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਮਾਘ ਮਹੀਨੇ ਪਈ ਬਰਸਾਤ ਕਣਕ ਲਈ ਬਹੁਤ ਲਾਹੇਵੰਦ ਮੰਨੀ ਜਾਂਦੀ ਹੈ ਅਤੇ ਕਿਸਾਨਾਂ ਨੂੰ ਕਣਕ ਦੀ ਫ਼ਸਲ ਨੂੰ ਹੋਰ ਪਾਣੀ ਲਗਾਉਣ ਦੀ ਲੋੜ ਨਹੀਂ ਰਹਿੰਦੀ। ਮਾਘ ਮਹੀਨੇ ਪਈ ਬਰਸਾਤ ਕਾਰਨ ਕਣਕ ਦੀ ਫ਼ਸਲ ਦਾ ਦਾਣਾ ਮੋਟਾ ਅਤੇ ਰੰਗ ਸਾਫ਼ ਹੁੰਦਾ ਹੈ ਅਤੇ ਕਣਕ ਦੀ ਫ਼ਸਲ ਭਰਪੂਰ ਹੁੰਦੀ ਹੈ। ਵੱਖ- ਵੱਖ ਮਹਾਂਪੁਰਖ ਕਹਿੰਦੇ ਹਨ ਕਿ ਮਾਘ ਮਹੀਨੇ ਕੀਤੀ ਜਾਂਦੀ ਪਾਠ ਪੂਜਾ ਦਾ ਬਹੁਤ ਮਹਾਤਮ ਹੁੰਦਾ ਹੈ। ਸਾਨੂੰ ਇਹ ਗਲ ਚੇਤੇ ਰੱਖਣੀ ਚਾਹੀਦੀ ਹੈ ਕਿ ਸਾਨੂੰ ਕਦੇ ਵੀ ਕੁਦਰਤ ਦੇ ਅਸੂਲਾਂ ਦੇ ਖ਼ਿਲਾਫ਼ ਨਹੀਂ ਜਾਣਾ ਚਾਹੀਦਾ ਅਤੇ ਮਨੁੱਖ ਨੂੰ ਕੁਦਰਤ ਨਾਲ ਅਤੇ ਕੁਦਰਤੀ ਸਰੋਤਾਂ ਨਾਲ ਛੇੜਛਾੜ ਨਹੀਂ ਕਰਨੀ ਚਾਹੀਦੀ। ਜਿਸ ਤਰਾਂ ਮਾਘ ਮਹੀਨੇ ਰੁੱਖਾਂ ਦੇ ਪੁਰਾਣੇ ਪੱਤੇ ਝੜ ਜਾਂਦੇ ਹਨ ਅਤੇ ਨਵੇਂ ਪੱਤੇ ਆਉਣ ਦੀ ਆਸ ਬਣ ਜਾਂਦੀ ਹੈ, ਰੁੱਖਾਂ 'ਤੇ ਨਿੱਕੀਆਂ ਨਿੱਕੀਆਂ ਕਰੂੰਬਲਾਂ ਉੱਗਣ ਲੱਗ ਪੈਂਦੀਆਂ ਹਨ, ਉਸੇ ਤਰ੍ਹਾਂ ਸਾਨੂੰ ਆਪਣੇ ਮਨ ਵਿੱਚ ਪਲਦੀਆਂ ਵੈਰ, ਵਿਰੋਧ, ਈਰਖਾ, ਗੁੱਸੇ ਅਤੇ ਹੋਰ ਸਮਾਜਿਕ ਅਲਾਮਤਾਂ ਨੂੰ ਤਿਆਗ ਦੇਣਾ ਚਾਹੀਦਾ ਹੈ ਅਤੇ ਰੁੱਖਾਂ ਵਾਂਗ ਬਸੰਤ ਦੀ ਉਡੀਕ ਕਰਦਿਆਂ ਆਪਣੇ ਦਿਲ ਵਿੱਚ ਪਰਮਾਤਮਾ ਦਾ ਨਿਵਾਸ ਕਰਨਾ ਚਾਹੀਦਾ ਹੈ ਅਤੇ ਆਪਣੇ ਜੀਵਨ ਨੂੰ ਕੁਦਰਤ ਦੇ ਅਸੂਲਾਂ ਅਨੁਸਾਰ ਬਤੀਤ ਕਰਨਾ ਚਾਹੀਦਾ ਹੈ।



**ਭਾਵੇਂ ਕਿ ਪੂਰੀ ਦੁਨੀਆਂ ਵਿੱਚ ਕੈਨੇਡਾ ਦੀ ਪਤਝੜ ਰੁੱਤ ਕਾਫ਼ੀ ਪ੍ਰਸਿੱਧ ਹੈ, ਪਰ ਮਾਘ ਮਹੀਨੇ ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਪਤਝੜ ਰੁੱਤ ਦੀ ਰਵਾਨਗੀ ਅਤੇ ਬਸੰਤ ਰੁੱਤ ਦੇ ਆਗਮਨ ਦੀ ਕਹਾਣੀ ਹਰ ਰੁੱਖ, ਹਰ ਪੌਦਾ, ਹਰ ਫ਼ੁੱਲ, ਹਰ ਫ਼ਲ ਪਾਉਂਦਾ ਹੈ। ਜਿਥੇ ਮਾਘ ਮਹੀਨੇ ਹਰ ਪਾਸੇ ਲੋਕ ਪਾਠ ਪੂਜਾ ਵਿੱਚ ਲੀਨ ਨਜ਼ਰ ਆਉਂਦੇ ਹਨ, ਉਥੇ ਰੁੱਖਾਂ ਦੀਆਂ ਡਾਲੀਆਂ ਨਾਲ ਖਹਿ ਖਹਿ ਕੇ ਲੰਘਦੀ ਵਾਅ ਵੀ 'ਧੰਨ ਤੇਰੀ ਕੁਦਰਤ- ਧੰਨ ਤੇਰੀ ਕੁਦਰਤ' ਕਹਿੰਦੀ ਜਾਪਦੀ ਹੈ।**







## ਆਪਸੀ ਪ੍ਰੇਮ-ਪਿਆਰ ਦਾ ਪ੍ਰਤੀਕ ਹੈ

# ਲੋਹੜੀ





ਭਾਰਤ ਤਿਉਹਾਰਾਂ ਦਾ ਦੇਸ਼ ਹੈ। ਸਾਲ ਦੇ 12 ਮਹੀਨਿਆਂ 'ਚੋਂ ਕੋਈ ਵੀ ਅਜਿਹਾ ਮਹੀਨਾ ਨਹੀਂ, ਜਦੋਂ ਕੋਈ ਤਿਉਹਾਰ ਨਾ ਮਨਾਇਆ ਜਾਂਦਾ ਹੋਵੇ। ਭਾਰਤ ਦਾ ਸਮੁੱਚਾ ਜਨ-ਜੀਵਨ ਤਿਉਹਾਰਾਂ ਨਾਲ ਜੁੜਿਆ ਹੈ। ਇਸੇ ਤਰ੍ਹਾਂ ਮਾਘੀ ਤੋਂ ਇਕ ਦਿਨ ਪਹਿਲਾਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੇ ਅਰਥ 'ਤਿਲ+ਰਿਓੜੀ' ਤੋਂ ਹਨ। ਤਿਲ ਤੇ ਰਿਓੜੀ ਦਾ ਤਿਉਹਾਰ ਹੋਣ ਕਾਰਨ ਇਸ ਦਾ ਪੁਰਾਤਨ ਨਾਂ 'ਤਿਲੋੜੀ' ਸੀ, ਜੋ ਸਮੇਂ ਨਾਲ ਬਦਲਦਾ-ਬਦਲਦਾ 'ਲੋਹੜੀ' ਬਣ ਗਿਆ। ਇਹ ਤਿਉਹਾਰ ਪੰਜਾਬ ਦੇ ਹਰ ਘਰ 'ਚ ਮਨਾਇਆ ਜਾਂਦਾ ਹੈ।

ਲੋਹੜੀ ਤੋਂ ਕਈ ਦਿਨ ਪਹਿਲਾਂ ਛੋਟੇ ਬੱਚੇ ਘਰ-ਘਰ ਜਾ ਕੇ ਪਾਥੀਆਂ, ਬਾਲਣ ਤੇ ਪੈਸੇ ਇਕੱਠਾ ਕਰਨਾ ਸ਼ੁਰੂ ਕਰ ਦਿੰਦੇ ਸਨ, ਜਿਸ ਘਰ 'ਚ ਮੁੰਡੇ ਦਾ ਜਨਮ ਜਾਂ ਨਵਾਂ ਵਿਆਹ ਹੋਇਆ ਹੋਵੇ, ਉਨ੍ਹਾਂ ਵੱਲੋਂ ਬੱਚਿਆਂ ਨੂੰ ਮੂੰਗਫ਼ਲੀ, ਰਿਓੜੀਆਂ, ਤਿਲ, ਪੈਸੇ ਆਦਿ ਖ਼ੁਸ਼ੀ ਵਜੋਂ ਦਿੱਤੇ ਜਾਂਦੇ ਹਨ। ਤੋਤਲੀਆਂ ਆਵਾਜ਼ਾਂ 'ਚ ਲੋਹੜੀ ਦੇ ਗੀਤ ਗਾਉਂਦੇ ਬੱਚੇ ਬੜੇ ਪਿਆਰੇ ਲੱਗਦੇ ਹਨ। ਪਹਿਲਾਂ ਸਿਰਫ਼ ਪੁੱਤਰ ਦੇ ਪੈਦਾ ਹੋਣ 'ਤੇ ਹੀ ਲੋਹੜੀ ਪਾਈ ਜਾਂਦੀ ਸੀ ਪਰ ਅਜੋਕੇ ਪੜ੍ਹੇ-ਲਿਖੇ ਸਮਾਜ 'ਚ ਲੜਕੇ ਤੇ ਲੜਕੀ 'ਚ ਕੋਈ ਫ਼ਰਕ ਨਹੀਂ ਸਮਝਿਆ ਜਾਂਦਾ ਤੇ ਹੁਣ ਲੋਕ ਧੀਆਂ ਦੀ ਲੋਹੜੀ ਵੀ ਪਾਉਣ ਲੱਗੇ ਹਨ। ਇਸ ਦਿਨ ਗਲੀ-ਮੁਹੱਲੇ ਦੇ ਲੋਕ ਧੂਣੀ ਬਾਲ ਕੇ ਇਕੱਠੇ ਹੋ ਕੇ ਬੈਠਦੇ ਹਨ ਤੇ ਧੂਣੀ 'ਚ ਤਿਲ ਪਾਉਂਦੇ ਹੋਏ ਲੋਹੜੀ ਦੇ ਗੀਤ ਗਾਉਂਦੇ ਹਨ :

ਈਸਰ ਆ, ਦਲਿੱਦਰ ਜਾ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।

ਜਿਸ ਦਾ ਅਰਥ ਹੈ ਕਿ ਈਸ਼ਵਰ ਦੀ ਮਿਹਰ ਹੋਵੇ, ਦੁੱਖ-ਕਲੇਸ਼ ਨਾ ਆਉਣ ਤੇ ਸਾਰੇ ਕਲੇਸ਼ਾਂ ਦੀ ਜੜ੍ਹ ਸੜ ਜਾਵੇ। ਇਸ ਤਿਉਹਾਰ ਦਾ ਸਬੰਧ ਬਦਲਦੇ ਮੌਸਮ ਨਾਲ ਵੀ ਹੈ।



### ਲੋਹੜੀ ਦੀ ਪੁਰਾਤਨ ਗਾਥਾ

ਪੁਰਤਾਨ ਗਾਥਾ ਅਨੁਸਾਰ, ਇਸ ਤਿਉਹਾਰ ਦਾ ਸਬੰਧ ਇੱਕ ਭੱਟੀ ਸਰਦਾਰ 'ਦੂੱਲੇ' ਨਾਲ ਵੀ ਹੈ। ਇਕ ਗ਼ਰੀਬ ਬ੍ਰਾਹਮਣ ਦੀਆਂ ਦੋ ਧੀਆਂ ਸ ਨ ਸੁੰਦਰੀ ਤੇ ਮੁੰਦਰੀ। ਗ਼ਰੀਬ ਬ੍ਰਾਹਮਣ ਨੇ ਆਪਣੀਆਂ ਧੀਆਂ ਦਾ ਰਿਸ਼ਤਾ ਕਿਸੇ ਥਾਂ ਪੱਕਾ ਕੀਤਾ ਹੋਇਆ ਸੀ ਪਰ ਉੱਥੋਂ ਦੇ ਪਾਪੀ ਤੇ ਜ਼ਾਲਮ ਹਾਕਮ ਨੇ ਉਸ ਬ੍ਰਾਹਮਣ ਦੀਆਂ ਧੀਆਂ ਦੀ ਸੁੰਦਰਤਾ ਬਾਰੇ ਸੁਣ ਕੇ ਉਨ੍ਹਾਂ ਨੂੰ ਜ਼ੋਰੀਂ ਆਪਣੇ ਘਰ ਰੱਖਣ ਦੀ ਠਾਣ ਲਈ। ਸਾਜ਼ਿਸ਼ ਦਾ ਪਤਾ ਲੱਗਣ 'ਤੇ ਗ਼ਰੀਬ ਬ੍ਰਾਹਮਣ ਨੇ ਮੁੰਡੇ ਵਾਲਿਆਂ ਨੂੰ ਆਖਿਆ ਕਿ ਉਹ ਉਸ ਦੀਆਂ ਧੀਆਂ ਨੂੰ ਵਿਆਹ ਤੋਂ ਪਹਿਲਾਂ ਆਪਣੇ ਘਰ ਲੈ ਜਾਣ ਪਰ ਮੁੰਡੇ ਵਾਲੇ ਵੀ ਉਸ ਜ਼ਾਲਮ ਹਾਕਮ ਤੋਂ ਡਰ ਕੇ ਮੁੱਕਰ ਗਏ। ਜਦੋਂ ਗ਼ਰੀਬ ਬ੍ਰਾਹਮਣ ਨਿਰਾਸ਼ ਹੋ ਕੇ ਘਰ ਵਾਪਸ ਆ ਰਿਹਾ ਸੀ ਤਾਂ ਅਚਾਨਕ ਉਸ ਦਾ ਮੇਲ ਦੂੱਲਾ ਭੱਟੀ ਨਾਲ ਹੋਇਆ, ਜੋ ਹਾਲਾਤ ਵੱਸ ਡਾਕੂ ਬਣ ਚੁੱਕਾ ਸੀ।



ਗ਼ਰੀਬ ਬ੍ਰਾਹਮਣ ਦੀ ਵਿੱਥਿਆ ਸੁਣ ਕੇ ਦੂੱਲਾ ਭੱਟੀ ਨੇ ਉਸ ਬ੍ਰਾਹਮਣ ਦੀ ਸਹਾਇਤਾ ਕਰਨ ਤੇ ਉਸ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਬਣਾ ਕੇ ਵਿਆਹੁਣ ਦਾ ਵਚਨ ਦਿੱਤਾ। ਦੂੱਲਾ ਭੱਟੀ ਮੁੰਡੇ ਵਾਲਿਆਂ ਦੇ ਘਰ ਗਿਆ ਤੇ ਰਾਤ ਦੇ ਹਨ੍ਹੇਰੇ 'ਚ ਜੰਗਲ ਨੂੰ ਅੱਗ ਲਾ ਕੇ ਬ੍ਰਾਹਮਣ ਦੀਆਂ ਧੀਆਂ ਦਾ ਵਿਆਹ ਕਰਵਾ ਦਿੱਤਾ ਪਰ ਉਸ ਸਮੇਂ ਦੂੱਲਾ ਭੱਟੀ ਕੋਲ ਸ਼ਗਨ ਵਜੋਂ ਦੇਣ ਲਈ ਸਿਰਫ਼ ਸ਼ੱਕਰ ਹੀ ਸੀ, ਜੋ ਉਸ ਨੇ ਕੁੜੀਆਂ ਦੀ ਝੋਲੀ ਪਾ ਦਿੱਤੀ। ਬਾਅਦ 'ਚ ਹਰ ਸਾਲ ਇਸ ਘਟਨਾ ਨੂੰ ਯਾਦ ਕਰਦਿਆਂ ਇਹ ਤਿਉਹਾਰ ਮਨਾਇਆ ਜਾਣ ਲੱਗਾ। ਲੋਹੜੀ ਵਾਲੇ ਦਿਨ ਛੋਟੇ-ਛੋਟੇ ਬੱਚੇ ਘਰ-ਘਰ ਜਾ ਕੇ ਗੀਤ ਗਾਉਂਦੇ ਹਨ, ਜਿਸ ਵਿੱਚ ਇਸ ਘਟਨਾ ਦਾ ਜ਼ਿਕਰ ਆਉਂਦਾ ਹੈ :

ਸੁੰਦਰ ਮੁੰਦਰੀਏ, ਹੋ!
ਤੇਰਾ ਕੌਣ ਵਿਚਾਰਾ, ਹੋ!
ਦੂੱਲਾ ਭੱਟੀ ਵਾਲਾ, ਹੋ!
ਦੂੱਲੇ ਧੀ ਵਿਆਹੀ, ਹੋ!
ਸੇਰ ਸ਼ੱਕਰ ਪਾਈ, ਹੋ!
ਕੁੜੀ ਦਾ ਸਾਲੂ ਪਾਟਾ, ਹੋ!
ਕੁੜੀ ਦਾ ਜੀਵੇ ਚਾਚਾ, ਹੋ...

ਇਹ ਤਿਉਹਾਰ ਲੋਕਾਂ ਦੇ ਆਪਸੀ ਪਿਆਰ ਦਾ ਪ੍ਰਤੀਕ ਹੈ। ਇਸ ਦਿਨ ਸ਼ਾਮ ਨੂੰ ਖਿਚੜੀ ਬਣਾਈ ਜਾਂਦੀ ਹੈ ਤੇ ਅਗਲੇ ਦਿਨ ਸਵੇਰੇ ਖਾਧੀ ਜਾਂਦੀ ਹੈ, ਜਿਸ ਨੂੰ 'ਪੋਹ ਰਿੱਧੀ ਤੇ ਮਾਘ ਖਾਧੀ' ਕਿਹਾ ਜਾਂਦਾ ਹੈ। ਆਧੁਨਿਕਤਾ ਵੱਸ ਅੱਜ ਇਸ ਤਿਉਹਾਰ ਨੂੰ ਮਨਾਉਣ ਦੇ ਢੰਗ ਬਦਲ ਰਹੇ ਹਨ। ਅਜੋਕੇ ਸਮਾਜ ਦੇ ਰਸਮਾਂ-ਰਿਵਾਜ਼, ਰਹਿਣ-ਸਹਿਣ ਦੇ ਢੰਗ ਵੀ ਪਹਿਲਾਂ ਵਰਗੇ ਨਹੀਂ ਰਹੇ ਤੇ ਸੋਚ ਵੀ ਨਿਰੰਤਰ ਬਦਲ ਰਹੀ ਹੈ। ਇਹੀ ਨਹੀਂ ਹੁਣ ਲੋਹੜੀ ਸਿਰਫ਼ ਆਪੋ-ਆਪਣੇ ਵਿਹੜਿਆਂ ਤੱਕ ਸਿਮਟ ਕੇ ਰਹਿ ਗਈ ਹੈ। ਲੋਹੜੀ ਦਾ ਤਿਉਹਾਰ ਵੱਖ-ਵੱਖ ਨਾਵਾਂ ਨਾਲ ਬਹੁਤ ਸਾਰੇ ਖ਼ੇਤਰਾਂ 'ਚ ਮਨਾਇਆ ਜਾਂਦਾ ਹੈ ਜਿਵੇਂ, ਸਿੰਧੀ ਲੋਕ ਇਸ ਨੂੰ 'ਲਾਲ-ਲੋਈ' ਆਖਦੇ ਹਨ, ਤਾਮਿਲਨਾਡੂ ਵਿੱਚ 'ਪੋਂਗਲ' ਤੇ ਆਂਧਰਾ ਪ੍ਰਦੇਸ਼ ਵਿੱਚ 'ਭੋਗੀ' ਨਾਂ ਨਾਲ ਲੋਹੜੀ ਨਾਲ ਮਿਲਦਾ-ਜੁਲਦਾ ਤਿਉਹਾਰ ਮਨਾਇਆ ਜਾਂਦਾ ਹੈ।

### ਮਹਿੰਗਾਈ ਨੇ ਬਦਲਿਆ ਮਾਹੌਲ

ਅੱਜ-ਕੱਲ੍ਹ ਵੱਧਦੀ ਮਹਿੰਗਾਈ ਤੇ ਪੈਸੇ ਦੀ ਦੌੜ-ਭੱਜ ਵਾਲੀ ਜ਼ਿੰਦਗੀ ਨੇ ਮਾਹੌਲ ਬਦਲ ਕੇ ਰੱਖ ਦਿੱਤਾ ਹੈ। ਹੁਣ ਨਾ ਤਾਂ ਜੁਆਕ ਲੋਹੜੀ ਮੰਗਦੇ ਨਜ਼ਰ ਆਉਂਦੇ ਹਨ ਤੇ ਨਾ ਹੀ ਪਹਿਲਾਂ ਵਾਂਗ ਰਿਸ਼ਤਿਆਂ 'ਚ ਏਕਤਾ ਤੇ ਪ੍ਰਪੱਕਤਾ ਰਹੀ ਹੈ। ਹੁਣ ਲੋਕਾਂ ਵੱਲੋਂ ਮੁੰਡੇ ਦੀ ਲੋਹੜੀ ਲਈ ਵੀ ਵਿਆਹ ਵਾਂਗ ਪੈਲੇਸ ਬੁੱਕ ਕੀਤੇ ਜਾਂਦੇ ਹਨ। ਸਾਰਾ ਪ੍ਰੋਗਰਾਮ ਉੱਥੇ ਹੀ ਹੁੰਦਾ ਹੈ। ਲੋਕ ਬੇਗ਼ਾਨਿਆਂ ਦੀ ਤਰ੍ਹਾਂ ਆਉਂਦੇ ਹਨ ਤੇ ਸ਼ਗਨ ਦੇ ਕੇ ਚਲੇ ਜਾਂਦੇ ਹਨ। ਮੁੰਡੇ ਵਾਲਿਆਂ ਵੱਲੋਂ ਵੀ ਮਿਠਾਈ ਦਾ ਡੱਬਾ ਅਤੇ ਕਾਰਡ ਭੇਜ ਦਿੱਤਾ ਜਾਂਦਾ ਹੈ ਤੇ ਸ਼ਾਮ ਨੂੰ ਹਰ ਕੋਈ ਆਪਣੇ-ਆਪਣੇ ਘਰ 'ਚ ਵੱਖ-ਵੱਖ ਲੋਹੜੀ ਮਨਾਉਂਦੇ ਹਨ।

### ਧੀਆਂ ਦੀ ਲੋਹੜੀ

ਅਜੋਕੀ ਲੋਹੜੀ ਬਹੁਤ ਬਦਲ ਗਈ ਹੈ। ਭਾਵੇਂ ਹੁਣ ਪੜ੍ਹੇ-ਲਿਖੇ ਸਮਾਜ ਦੀ ਸੋਚ ਬਦਲ ਗਈ ਹੈ ਤੇ ਹੁਣ ਲੋਕਾਂ ਵੱਲੋਂ ਨਵ-ਜੰਮੀਆਂ ਧੀਆਂ ਦੀ ਵੀ ਲੋਹੜੀ ਮਨਾਈ ਜਾਣ ਲੱਗੀ ਹੈ ਪਰ ਹੁਣ ਤਿਉਹਾਰਾਂ 'ਤੇ ਬਾਜ਼ਾਰੂ ਰੁਚੀ ਵੀ ਭਾਰੂ ਹੋਣ ਲੱਗੀ ਹੈ। ਤੇਜ਼ੀ ਨਾਲ ਉੱਸਰ ਰਹੇ ਗਲੋਬਲ ਪਿੰਡ ਕਾਰਨ ਰਿਸ਼ਤਿਆਂ ਦਾ ਨਿੱਘ, ਮੋਹ, ਸੱਭਿਆਚਾਰਕ ਸਾਂਝ ਤੇ ਮਿਲਵਰਤਨ ਵੀ ਘੱਟਦਾ ਜਾ ਰਿਹਾ ਹੈ। ਪੜ੍ਹਾਈ ਤੇ ਪੇਪਰਾਂ ਦੇ ਬੋਝ ਕਾਰਨ ਸਾਡੇ ਬੱਚੇ ਵੀ ਬੜੇ ਮਸਰੂਫ਼ ਹੁੰਦੇ ਜਾ ਰਹੇ ਹਨ। ਹੁਣ ਉਨ੍ਹਾਂ ਕੋਲ ਵੀ ਸਾਂਝੀਆਂ ਖ਼ੁਸ਼ੀਆਂ ਮਨਾਉਣ ਲਈ ਫ਼ੁਰਸਤ ਨਹੀਂ ਰਹੀ।





# ਕੌਮੀ ਖੇਤੀ ਮੰਡੀ ਨੀਤੀ ਰਾਜਾਂ ਤੇ ਕਿਸਾਨਾਂ ਦੇ ਹਿਤ ਵਿੱਚ ਨਹੀਂ



ਡਾ. ਦਰਸ਼ਨ ਪਾਲ
ਕੌਮੀ ਪ੍ਰਧਾਨ,
ਕ੍ਰਾਂਤੀਕਾਰੀ ਕਿਸਾਨ ਯੂਨੀਅਨ

25 ਨਵੰਬਰ, 2024 ਨੂੰ ਭਾਰਤ ਸਰਕਾਰ ਦੀ ਇੱਕ 12 ਮੈਂਬਰੀ ਕਮੇਟੀ ਨੇ 'ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ' ਦਾ ਖਰੜਾ ਪੇਸ਼ ਕੀਤਾ ਹੈ ਅਤੇ ਹਮੇਸ਼ਾ ਦੀ ਤਰ੍ਹਾਂ ਤਾਨਾਸ਼ਾਹੀ ਰਵੱਈਏ ਨਾਲ ਰਾਜਾਂ ਨੂੰ ਸਿਰਫ 15 ਦਿਨ ਦਾ ਸਮਾਂ ਦੇ ਕੇ ਨੀਤੀ ਬਾਰੇ ਸੁਝਾਅ ਮੰਗੇ ਗਏ ਸਨ। ਖਰੜੇ 'ਚ ਦੇਸ਼ ਦੇ ਮੌਜੂਦਾ ਮੰਡੀਕਰਨ ਢਾਂਚੇ ਨੂੰ ਨਾਕਾਫ਼ੀ ਦੱਸਦੇ ਹੋਏ ਇਸ 'ਚ ਕਈ ਤਰ੍ਹਾਂ ਦੀਆਂ ਸੋਧਾਂ ਕਰਨ ਦੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ ਅਤੇ ਇਹ ਦਾਅਵੇ ਕੀਤੇ ਗਏ ਹਨ ਕਿ ਇਨ੍ਹਾਂ ਸੋਧਾਂ ਨਾਲ ਮੰਡੀਕਰਨ 'ਚ ਸੁਧਾਰ ਹੋਵੇਗਾ ਅਤੇ ਕਿਸਾਨਾਂ ਦੀ ਆਮਦਨੀ 'ਚ ਵਾਧਾ ਹੋਵੇਗਾ ਪਰ ਅਸਲ 'ਚ ਇਹ ਖੇਤੀ ਨੀਤੀ ਸਾਲ 2020-21 'ਚ ਦਿੱਲੀ ਦੀਆਂ ਬਰੂਹਾਂ 'ਤੇ 13 ਮਹੀਨੇ ਲੜੇ ਗਏ ਲੰਬੇ ਸੰਘਰਸ਼ ਤੋਂ ਬਾਅਦ ਰੱਦ ਕਰਵਾਏ ਗਏ ਤਿੰਨ 'ਕਾਲੇ ਖੇਤੀ ਕਾਨੂੰਨਾਂ', ਜਿਸ 'ਚ ਸਰਕਾਰੀ ਮੰਡੀਆਂ ਨੂੰ ਤੋੜਨਾ ਅਤੇ ਠੇਕਾ ਖੇਤੀ ਲਾਗੂ ਕਰਨਾ ਸੀ, ਨੂੰ ਮੋਦੀ ਸਰਕਾਰ ਵੱਲੋਂ ਦੁਬਾਰਾ ਨਵੇਂ ਰੂਪ 'ਚ ਲੈ ਕੇ ਆਉਣ ਦੀ ਕੋਸ਼ਿਸ਼ ਹੈ। ਇਹ ਖਰੜਾ ਉਸ ਵੇਲੇ ਪੇਸ਼ ਕੀਤਾ ਗਿਆ ਹੈ, ਜਦੋਂ ਪੰਜਾਬ ਅਤੇ ਹੋਰ ਰਾਜਾਂ ਦੇ ਕਿਸਾਨ ਲਗਾਤਾਰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਅਤੇ ਕਰਜ਼ਾ ਮੁਕਤੀ ਦੀ ਮੰਗ ਕਰ ਰਹੇ ਹਨ ਅਤੇ ਇਸ ਲਈ ਤਿੱਖੇ ਸੰਘਰਸ਼ ਲੜ ਰਹੇ ਹਨ। ਪੰਜਾਬ ਦੀਆਂ ਕਈ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਪਿਛਲੇ 10 ਮਹੀਨਿਆਂ ਤੋਂ ਸ਼ੰਭੂ ਬਾਰਡਰ 'ਤੇ ਸੰਘਰਸ਼ ਕਰ ਰਹੀਆਂ ਹਨ ਅਤੇ ਪੰਜਾਬ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਖਨੌਰੀ ਬਾਰਡਰ 'ਤੇ 26 ਨਵੰਬਰ ਤੋਂ ਮਰਨ ਵਰਤ 'ਤੇ ਬੈਠੇ ਹਨ। ਇਨ੍ਹਾਂ ਸਥਿਤੀਆਂ 'ਚ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਖੇਤੀ ਮੰਡੀਕਰਨ ਦੀ ਨੀਤੀ ਲੈ ਕੇ ਆਉਣਾ ਸਰਕਾਰ ਦੇ ਕਿਸਾਨ ਅਤੇ ਲੋਕ ਵਿਰੋਧੀ ਰਵੱਈਏ ਨੂੰ ਜੱਗ ਜ਼ਾਹਿਰ ਕਰਦਾ ਹੈ।

ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ ਦੇ ਇਸ ਖਰੜੇ ਦਾ ਮੁੱਖ ਮੰਤਵ ਸਰਕਾਰੀ ਮੰਡੀਆਂ ਨੂੰ ਤੋੜਨਾ ਅਤੇ ਨਿੱਜੀ ਥੋਕ ਮੰਡੀਆਂ ਬਣਾਉਣਾ ਹੈ। ਇਸ ਕਦਮ ਨਾਲ ਅਡਾਨੀ, ਅੰਬਾਨੀ ਅਤੇ ਹੋਰ ਕਾਰਪੋਰੇਟ ਘਰਾਣਿਆਂ ਦਾ ਖੇਤੀ ਖੇਤਰ ਨੂੰ ਕਾਬੂ ਕਰਨ ਦਾ ਰਾਹ ਪੱਧਰਾ ਹੋ ਜਾਵੇਗਾ। ਇੱਕ-ਦੋ ਸਾਲ ਕਾਰਪੋਰੇਟ ਘਰਾਣਿਆਂ ਵੱਲੋਂ ਜ਼ਿਆਦਾ ਭਾਅ ਦੀ ਪੇਸ਼ਕਸ਼ ਨਾਲ ਨਿੱਜੀ ਮੰਡੀਆਂ ਵੱਲੋਂ ਕਿਸਾਨਾਂ ਦਾ ਰੁਝਾਨ ਪੈਦਾ ਕਰ ਕੇ ਸਰਕਾਰ ਏ.ਪੀ.ਐਮ.ਸੀ. ਮੰਡੀ 'ਤੇ ਕਿਸਾਨਾਂ ਦੀ ਨਿਰਭਰਤਾ ਘਟਾ ਕੇ ਐਮ.ਐਸ.ਪੀ. ਪ੍ਰਣਾਲੀ ਦਾ ਭੋਗ ਪਾਉਣਾ ਚਾਹੁੰਦੀ ਹੈ। ਇਸ ਨੀਤੀ ਨਾਲ ਇੱਕ ਤਾਂ ਚਿਰਾਂ ਤੋਂ ਖੇਤੀ ਅਤੇ ਜ਼ਮੀਨ 'ਤੇ ਕਬਜ਼ਾ ਕਰਨ ਦੀ ਕਾਰਪੋਰੇਟ ਅਦਾਰਿਆਂ ਦੀ ਮਨਸ਼ਾ ਨੂੰ ਪੂਰੀ ਕਰਨ ਦਾ ਇਰਾਦਾ ਹੈ, ਦੂਜਾ ਇਹ ਕੇਂਦਰ ਸਰਕਾਰ ਦਾ ਖੇਤੀ ਮੰਡੀਕਰਨ ਤੋਂ ਖਹਿੜਾ ਛੁਡਵਾਉਣ ਦਾ ਮਨਸੂਬਾ ਹੈ।

ਕੌਮੀ ਨੀਤੀ ਖਰੜੇ 'ਚ ਗੋਦਾਮਾਂ, ਕੋਲਡ ਸਟੋਰਾਂ ਅਤੇ ਸਾਈਲੋਜ਼ ਆਦਿ ਨੂੰ ਮੰਡੀਆਂ ਵਜੋਂ ਘੋਸ਼ਿਤ ਕਰਨ ਲਈ ਸੋਧਾਂ ਦਾ ਸੁਝਾਅ ਦਿੱਤਾ ਗਿਆ ਹੈ। ਇਨ੍ਹਾਂ ਸੋਧਾਂ ਨਾਲ ਪੰਜਾਬ ਅਤੇ



ਹੋਰ ਖੇਤੀ ਪ੍ਰਧਾਨ ਸੂਬਿਆਂ 'ਚ ਕਈ ਨਵੇਂ ਖ਼ਤਰੇ ਪੈਦਾ ਹੋਣਗੇ, ਜਿਵੇਂ ਕਿ ਕਾਰਪੋਰੇਟ ਦੀ ਖੇਤੀਬਾੜੀ 'ਚ ਇਜ਼ਾਰੇਦਾਰੀ, ਫ਼ਸਲੀ ਲਾਗਤਾਂ ਦਾ ਵਧਣਾ, ਮੰਡੀ ਨੂੰ ਨਿਯਮਿਤ ਕਰਨ ਦੀਆਂ ਮੁਸ਼ਕਿਲਾਂ, ਛੋਟੇ ਕਿਸਾਨਾਂ ਨੂੰ ਆਰਥਿਕ ਘਾਟਾ, ਕਮਜ਼ੋਰ ਏ.ਪੀ.ਐਮ.ਸੀ. ਅਤੇ ਵਿਚੋਲਿਆਂ ਵੱਲੋਂ ਵਧੇਰੇ ਸ਼ੋਸ਼ਣ ਆਦਿ। ਗੋਦਾਮਾਂ, ਸਾਈਲੋਜ਼, ਕੋਲਡ ਸਟੋਰੇਜ ਆਦਿ ਮੰਡੀਆਂ ਘੋਸ਼ਿਤ ਕਰਨਾ ਅਤੇ ਸਿੱਧਾ ਖੇਤਾਂ 'ਚੋਂ ਨਿੱਜੀ ਵਪਾਰੀਆਂ ਦਾ ਪੈਦਾਵਾਰ ਖਰੀਦਣਾ, ਉਨ੍ਹਾਂ ਨੂੰ ਨਿਯਮਿਤ ਮੰਡੀਆਂ ਤੋਂ ਲਾਂਭੇ ਕਰ ਦੇਵੇਗਾ। ਇਸ ਨਾਲ ਨਾ ਸਿਰਫ ਏ.ਪੀ.ਐਮ.ਸੀ. ਨੂੰ ਮੰਡੀ ਫ਼ੀਸ ਰਾਹੀਂ ਆਮਦਨੀ ਦਾ ਨੁਕਸਾਨ ਹੋਵੇਗਾ, ਬਲਕਿ ਇਸ ਨਾਲ ਕਿਸਾਨਾਂ ਨੂੰ ਸ਼ੋਸ਼ਣ, ਕੀਮਤਾਂ ਦੇ ਉਤਰਾਅ-ਚੜ੍ਹਾਅ ਅਤੇ ਹੋਰ ਜ਼ੋਖ਼ਮਾਂ ਦਾ ਵੀ ਸਾਹਮਣਾ ਕਰਨਾ ਪਵੇਗਾ। ਨੀਤੀ ਸਿੱਧੇ ਰੂਪ 'ਚ ਅਡਾਨੀਆਂ ਦੇ ਪੰਜਾਬ ਵਿਚਲੇ ਸਾਈਲੋਜ਼ ਨੂੰ ਰਾਜ ਦੇ ਅਧਿਕਾਰ ਖੇਤਰ ਤੋਂ ਬਾਹਰ ਕਰ ਦੇਵੇਗੀ, ਜਿਸ ਨਾਲ ਕਿਸਾਨਾਂ ਦੀ ਲੁੱਟ ਦਾ ਸਿੱਧਾ ਰਾਹ ਖੁੱਲ੍ਹ ਜਾਵੇਗਾ।

ਮੋਦੀ ਸਰਕਾਰ ਤੋਂ ਮਨਸੂਖ ਕਰਵਾਇਆ ਗਿਆ ਦੂਸਰਾ ਕਾਨੂੰਨ ਠੇਕੇ ਦੀ ਖੇਤੀ ਦਾ ਸੀ। ਮੌਜੂਦਾ ਖੇਤੀ ਮੰਡੀ ਖਰੜੇ 'ਚ ਇਸ ਠੇਕਾ ਨੀਤੀ ਲਿਆਉਣ ਉੱਪਰ ਜ਼ੋਰ ਦਿੱਤਾ ਗਿਆ ਹੈ। ਠੇਕਾ ਖੇਤੀ ਨਾਲ ਦੇਸ਼ ਦਾ ਪਿਛਲਾ ਤਜਰਬਾ ਬੇਹੱਦ ਮਾੜਾ ਰਿਹਾ ਹੈ। ਪੈਪਸੀ ਅਤੇ ਮਹਿੰਦਰਾ ਰਾਹੀਂ ਕਰਵਾਈ ਠੇਕਾ ਖੇਤੀ ਨੀਤੀ ਨੇ ਕਿਸਾਨਾਂ ਦੀ ਲੁੱਟ ਕੀਤੀ ਹੈ। ਚੱਲ ਰਹੀ ਪੋਲਟਰੀ ਕੰਟਰੈਕਟ ਫਾਰਮਿੰਗ ਨੇ ਕਿਸਾਨਾਂ ਦਾ ਰੱਜ ਕੇ ਸ਼ੋਸ਼ਣ ਕੀਤਾ ਹੈ। ਮੁਨਾਫ਼ਾ ਕਮਾਉਣ ਦੀ ਹੋੜ 'ਚ ਲੱਗੀਆਂ ਵੱਡੀਆਂ ਕਾਰਪੋਰੇਸ਼ਨਾਂ ਅਕਸਰ ਨਿਯਮਾਂ 'ਚ ਚੋਰ-ਮੋਰੀਆਂ ਦਾ ਫਾਇਦਾ ਉਠਾਉਂਦੀਆਂ ਹਨ, ਨਿਰਭਰਤਾ ਪੈਦਾ ਕਰਦੀਆਂ ਹਨ ਅਤੇ ਇਕਪਾਸੜ ਸੌਦੇਬਾਜ਼ੀ ਦੀ ਸ਼ਕਤੀ ਕਿਸਾਨਾਂ ਨੂੰ ਕਮਜ਼ੋਰ ਬਣਾ ਦਿੰਦੀ ਹੈ। ਦੇਸ਼ 'ਚ ਕੰਟਰੈਕਟ ਫਾਰਮਿੰਗ ਦੀ ਨੀਤੀ ਨੂੰ ਕੋਰੀ ਨਾਂਹ ਹੋਣੀ ਚਾਹੀਦੀ ਹੈ। ਖੇਤੀਬਾੜੀ ਮੰਡੀਕਰਨ ਨੀਤੀ ਖਰੜੇ 'ਚ ਐਮ.ਐਸ.ਪੀ. ਦਾ ਜ਼ਿਕਰ ਤੱਕ ਵੀ ਨਹੀਂ ਹੈ ਜੋ ਨਾ ਸਿਰਫ਼ ਖੇਤੀਬਾੜੀ ਮੰਡੀਕਰਨ ਦਾ ਇੱਕ ਬੁਨਿਆਦੀ ਤੱਤ ਹੈ, ਬਲਕਿ ਦੇਸ਼ ਭਰ 'ਚ ਕਿਸਾਨ ਅੰਦੋਲਨਾਂ ਦੀ ਸਭ ਤੋਂ ਵੱਡੀ ਮੰਗ ਵੀ ਇਹ ਹੀ ਰਹੀ ਹੈ। ਕਾਲੇ ਕਾਨੂੰਨ ਰੱਦ ਕਰਨ ਵੇਲੇ ਐਮ.ਐਸ.ਪੀ. 'ਤੇ ਕੇਂਦਰ ਸਰਕਾਰ ਦੁਆਰਾ ਬਣਾਈ ਗਈ 26 ਮੈਂਬਰੀ ਕਮੇਟੀ ਨੇ ਢਾਈ ਸਾਲਾਂ 'ਚ ਕੁਝ ਵੀ ਨਹੀਂ ਕੀਤਾ, ਜਦੋਂ ਕਿ ਕਾਰਪੋਰੇਟ ਅਦਾਰਿਆਂ ਲਈ ਬਣਾਈ ਗਈ ਇਹ ਨੀਤੀ ਚੰਦ ਮਹੀਨਿਆਂ 'ਚ ਬਣ ਕੇ ਤਿਆਰ ਹੋ ਗਈ ਹੈ ਅਤੇ ਇਸ ਨੂੰ ਲਾਗੂ ਕਰਨ ਲਈ ਸਰਕਾਰ ਤਤਪਰ ਹੈ। ਸਰਕਾਰ ਨੂੰ ਕਿਸਾਨਾਂ ਦਾ ਸ਼ੋਸ਼ਣ ਕਰਨ ਵਾਲੀਆਂ ਨਿੱਜੀ ਮੰਡੀਆਂ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਸੀ 2+50% ਨੂੰ ਯਕੀਨੀ ਬਣਾ ਕੇ ਐਮ.ਐਸ.ਪੀ. ਨੂੰ ਵਧੇਰੇ ਅਸਰਦਾਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਪੰਜਾਬ ਰਾਜ ਖੇਤੀ ਨੀਤੀ (2023) ਵਿੱਚ ਵੀ ਸਵਾਮੀਨਾਥਨ ਕਮਿਸ਼ਨ ਮੁਤਾਬਿਕ ਐਮ.ਐਸ.ਪੀ. ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ 'ਤੇ ਜ਼ੋਰ ਦਿੱਤਾ ਹੈ। ਇੱਥੋਂ ਤੱਕ ਕਿ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸੰਸਦੀ ਸਟੈਂਡਿੰਗ ਕਮੇਟੀ ਨੇ ਤਾਂ ਐਮ.ਐਸ.ਪੀ. ਨੂੰ ਕਾਨੂੰਨੀ ਗਾਰੰਟੀ ਦਾ ਰੂਪ ਦੇਣ ਦੀ ਸਿਫ਼ਾਰਸ਼ ਕੀਤੀ ਹੈ।

ਕਾਰਪੋਰੇਟ ਘਰਾਣਿਆਂ ਅਤੇ ਨਿੱਜੀ ਵਪਾਰੀਆਂ ਲਈ ਮਾਰਕੀਟ ਫ਼ੀਸ ਘਟਾਉਣ ਜਾਂ ਛੋਟ ਦੇਣ ਦਾ ਪ੍ਰਸਤਾਵ ਸਰਕਾਰੀ ਮੰਡੀ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਕਰੇਗਾ, ਜਿਸ ਨਾਲ ਮੰਡੀ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਪ੍ਰਭਾਵਿਤ ਹੋਣਗੀਆਂ ਜਿਨ੍ਹਾਂ 'ਤੇ ਪੰਜਾਬ ਦਾ ਪੇਂਡੂ ਅਰਥਚਾਰਾ ਨਿਰਭਰ ਕਰਦਾ ਹੈ। ਇਹ ਨੀਤੀ ਨਾਸ਼ਵਾਨ ਵਸਤਾਂ ਲਈ ਮਾਰਕੀਟ ਫ਼ੀਸ ਨੂੰ 1% ਅਤੇ ਗੈਰ-ਨਾਸ਼ਵਾਨ ਵਸਤਾਂ ਲਈ 2% ਤੱਕ ਸੀਮਤ ਕਰਨ ਦੀ ਵਕਾਲਤ ਕਰਦੀ ਹੈ। ਨਿੱਜੀ ਵਪਾਰੀਆਂ ਲਈ ਮਾਰਕੀਟ ਫ਼ੀਸ ਅਤੇ ਕਮਿਸ਼ਨ 'ਚ ਕਦੇ ਵੀ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ ਅਤੇ ਨਾ ਹੀ ਇਸ ਨੂੰ ਘੱਟ ਦਰਾਂ 'ਤੇ ਸੀਮਤ ਕੀਤਾ ਜਾਣਾ ਚਾਹੀਦਾ ਹੈ। ਇਹ ਫ਼ੀਸਾਂ ਰਾਜਾਂ ਲਈ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹਨ, ਜਿਸ ਨਾਲ ਸਰਕਾਰੀ ਮੰਡੀਆਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ, ਲਿੰਕ ਸੜਕਾਂ ਦੇ ਨਿਰਮਾਣ ਅਤੇ ਹੋਰ ਜ਼ਰੂਰੀ ਸੇਵਾਵਾਂ ਲਈ ਫੰਡ ਪੈਦਾ ਹੁੰਦੇ ਹਨ। ਇਨ੍ਹਾਂ ਛੋਟਾਂ ਨਾਲ ਪੰਜਾਬ ਨੂੰ ਭਾਰੀ ਵਿੱਤੀ ਨੁਕਸਾਨ (4000-5000 ਕਰੋੜ ਰੁਪਏ ਸਾਲਾਨਾ) ਹੋਵੇਗਾ, ਜਿਸ ਨਾਲ ਸੂਬੇ ਦੇ ਖੇਤੀਬਾੜੀ ਮੰਡੀਕਰਨ ਦੇ ਵਿਕਾਸ 'ਚ ਬੁਰੀ ਤਰ੍ਹਾਂ ਰੁਕਾਵਟ ਆਵੇਗੀ। ਨਤੀਜੇ ਵਜੋਂ ਮਾਰਕੀਟ ਫ਼ੀਸਾਂ ਤੋਂ ਨਾਕਾਫੀ ਮਾਲੀਆ ਏ.ਪੀ.ਐਮ.ਸੀ. ਜਾਂ ਹੋਰ ਏਜੰਸੀਆਂ ਨੂੰ ਕੋਈ ਹੋਰ ਬਦਲਵਾਂ ਵਾਧੂ ਟੈਕਸ ਜਾਂ ਸਰਚਾਰਜ ਲਾਗੂ ਕਰਨ ਲਈ ਮਜਬੂਰ ਕਰ ਸਕਦਾ ਹੈ ਜੋ ਅਸਿੱਧੇ ਤੌਰ 'ਤੇ ਕਿਸਾਨਾਂ ਜਾਂ ਖਪਤਕਾਰਾਂ ਨੂੰ ਪ੍ਰਭਾਵਿਤ ਕਰਨਗੇ। ਖੇਤੀ ਮੰਡੀ ਨੀਤੀ ਖਰੜੇ 'ਚ ਈ-ਟ੍ਰੇਡਿੰਗ ਅਤੇ ਡਿਜੀਟਲ ਮੰਡੀਕਰਨ ਦੀਆਂ ਸਿਫ਼ਾਰਸ਼ਾਂ ਵੀ ਕਾਰਪੋਰੇਟ ਘਰਾਣਿਆਂ ਦੇ ਹੱਕ 'ਚ ਭੁਗਤਣਗੀਆਂ, ਕਿਉਂਕਿ ਕਿਸਾਨ ਈ-ਟ੍ਰੇਡਿੰਗ ਵੱਲ ਨਹੀਂ ਜਾ ਸਕਦੇ। ਡਿਜੀਟਲ ਮੰਡੀਕਰਨ ਵੱਲ ਨੀਤੀ ਦਾ ਧਿਆਨ ਮੁੱਖ ਤੌਰ 'ਤੇ ਸਰਕਾਰੀ ਮੰਡੀਆਂ ਨਜ਼ਰਅੰਦਾਜ਼ ਕਰਦਿਆਂ ਨਿੱਜੀਕਰਨ ਅਤੇ ਜਨਤਕ-ਨਿੱਜੀ ਭਾਈਵਾਲੀ (ਪੀ.ਪੀ.ਪੀ.) ਮਾਡਲਾਂ ਰਾਹੀਂ ਨਿੱਜੀ ਵਪਾਰੀਆਂ ਨੂੰ ਲਾਭ ਪਹੁੰਚਾਵੇਗਾ। ਇਸ ਪਹੁੰਚ ਦਾ ਰਾਜ ਦੀ ਆਮਦਨ ਅਤੇ ਕਿਸਾਨਾਂ ਦੇ ਮੁਨਾਫ਼ੇ 'ਤੇ ਮਾੜਾ ਪ੍ਰਭਾਵ ਪਵੇਗਾ।

(ਬਾਕੀ ਸਫ਼ਾ 31 'ਤੇ)





# ਮੱਕੀ ਦੀ ਰੋਟੀ ਹੋਵੇ, ਸਰੋਂ ਦਾ ਸਾਗ ਹੋਵੇ...

ਸਰੋਂ ਦਾ ਸਾਗ ਵੈਸੇ ਤਾਂ ਹਰੇਕ ਰੁੱਤ ਵਿੱਚ ਹੀ ਖਾਧਾ ਜਾਂਦਾ ਹੈ ਪਰ ਜੇ ਰੁੱਤ ਸਿਆਲ ਦੀ ਹੋਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਸਿਆਲ ਦੀ ਰੁੱਤ ਦਾ ਮਿੱਠਾ ਮੇਵਾ ਹੈ ਸਾਗ। ਠੰਡੀ ਰੁੱਤ ਦੀਆਂ ਹੋਰ ਵੀ ਬਹੁਤ ਸਾਰੀਆਂ ਸਬਜ਼ੀਆਂ ਹਨ, ਪਰ ਸਰੋਂ ਦੇ ਸਾਗ, ਜਿਸ ਨੂੰ ਇਸ ਰੁੱਤ ਵਿੱਚ ਖਾਣ ਦਾ ਵੱਖਰਾ ਹੀ ਨਜ਼ਾਰਾ ਹੈ। ਪੰਜਾਬ ਦੇ ਲੋਕਾਂ ਦੀ ਸਭ ਤੋਂ ਪਹਿਲੀ ਪਸੰਦ ਹੈ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ, ਜਿਹੜੀ ਸਾਡੇ ਪੰਜਾਬ ਅਤੇ ਪੰਜਾਬੀ ਸੱਭਿਆਚਾਰਕ ਵਿਰਸੇ ਨਾਲ ਮੁੱਢ ਤੋਂ ਹੀ ਜੁੜੀ ਹੋਈ ਹੈ।

ਪੰਜਾਬ ਦੇ ਹਰ ਘਰੇ ਸਾਗ ਬਣਦਾ ਹੈ ਭਾਵੇਂ ਉਹ ਅਮੀਰ ਹੋਵੇ ਚਾਹੇ ਗ਼ਰੀਬ ਹੋਵੇ। ਪਿੰਡਾਂ ਵਿੱਚ ਜ਼ਿਆਦਾਤਰ ਸਾਗ ਬਜ਼ੁਰਗ ਬੇਬੇ ਹੀ ਬਣਾਉਦੀਆਂ ਹਨ ਤੇ ਸਾਰਾ ਸਾਰਾ ਦਿਨ ਚੁੱਲ੍ਹੇ 'ਤੇ ਸਾਗ ਗੁੜ ਗੁੜ ਕਰ ਕੇ ਰਿੱਝਦਾ ਰਹਿੰਦਾ ਹੈ। ਨਵੀਆਂ ਵਿਆਹੀਆਂ ਵੀ ਬੇਬੇ ਨੂੰ ਹੀ ਸਾਗ ਬਣਾਉਣ ਲਈ ਜ਼ਿਆਦਾ ਕਹਿੰਦੀਆਂ ਹਨ। ਵੈਸੇ ਵੀ ਸਾਗ ਬਣਾਉਣਾ ਹਰ ਕਿਸੇ ਦੇ ਵੱਸ ਦਾ ਨਹੀ। ਇਸ ਵਿੱਚ ਵੀ ਤਜਰਬੇ ਤੇ ਮਿਹਨਤ ਦੀ ਕਾਫ਼ੀ ਲੋੜ ਹੁੰਦੀ ਹੈ। ਅੱਜ ਤੋਂ ਕੁਝ ਦਹਾਕੇ ਪਹਿਲਾਂ ਲੋਕ ਸਰੋਂ ਨੂੰ ਆਮ ਹੀ ਖੇਤਾਂ ਵਿੱਚ ਬੀਜਦੇ ਤੇ ਲੋਕ ਹੱਥੀਂ ਮਿਹਨਤ ਕਰਦੇ, ਹਰ ਇੱਕ ਜੱਟ ਜ਼ਿੰਮੀਦਾਰ ਦੇ ਖੇਤ 'ਚ ਸਾਗ ਜ਼ਰੂਰ ਹੁੰਦਾ ਅਤੇ ਸਾਗ ਧਰਨ ਵਾਲੇ ਫਰੀ ਤੋੜ ਕੇ ਲਿਆਉਂਦੇ ਸਨ।

ਸਗੋਂ ਇਹ ਵੀ ਰਿਵਾਜ ਸੀ ਕਿ ਜਿਨ੍ਹਾਂ ਦੇ ਸਕੇ-ਸਬੰਧੀ ਸ਼ਹਿਰ ਵਿੱਚ ਰਹਿੰਦੇ ਸਨ, ਉਹ ਵੀ ਆਪਣੇ ਸਕਿਆਂ ਨੂੰ ਫਰੀ ਦਾ ਸਾਗ ਤੋੜ ਕੇ ਘੱਲਦੇ ਸਨ ਕਿਉਂਕਿ ਸ਼ਹਿਰਾਂ, ਕਸਬਿਆਂ ਵਿੱਚ ਸਾਗ ਇੱਕ ਦੋ ਦਿਨ ਪੁਰਾਣਾ ਮਿਲਦਾ ਹੈ ਤੇ ਉਹ ਵੀ ਮਹਿੰਗੇ ਮੁੱਲ। ਪਰ ਜਿਨ੍ਹਾਂ ਦੇ ਪਿੰਡਾਂ ਵਿੱਚ ਰਿਸ਼ਤੇਦਾਰ ਸੱਜਣ ਮਿੱਤਰ ਹੁੰਦੇ ਸਨ, ਉਹ ਤਾਜ਼ਾ ਤੇ ਫਰੀ ਸਾਗ ਹੀ ਮੰਗਵਾਉਂਦੇ ਸਨ। ਪੰਜਾਬ ਦੇ ਪਿੰਡਾਂ ਦਿਆਂ ਖੇਤਾਂ ਵਿੱਚ ਖੜ੍ਹੀ ਕਿੱਲਿਆਂ ਦੇ ਕਿੱਲੇ ਸਰੋਂ ਭਰ ਜੋਬਨ ਮੁਟਿਆਰ ਵਾਂਗ ਲੱਗਦੀ। ਪੀਲੇ-ਪੀਲੇ ਰੰਗ ਦੇ ਫੁੱਲ ਕੱਢੀ ਸਰੋਂ ਇਉਂ ਲੱਗਦੀ ਸੀ ਜਿਵੇਂ ਕਿਸੇ ਨੇ ਖੱਟੇ ਰੰਗ ਦਾ ਮਣਾਂ-ਮੂੰਹੀ ਰੰਗ ਖੇਤਾਂ ਵਿੱਚ ਖਿਲਾਰ ਦਿੱਤਾ ਹੋਵੇ, ਸਰੋਂ ਬੀਜਣ ਤੋਂ ਲੈ ਕੇ ਹੀ ਗੱਲਾਂ ਹੋਣ ਲੱਗ ਜਾਂਦੀਆਂ ਸਨ ਕਿ ਬਸ ਸਾਗ ਬਣਨ ਵਾਲਾ ਹੈ ਜਿੰਨਾ ਮਰਜ਼ੀ ਤੋੜ ਕੇ ਲੈ ਜਾਇਉ, ਪਿੰਡਾਂ ਵਿੱਚ ਜਿਸ ਦਿਨ ਘਰ ਵਿੱਚ ਸਾਗ ਬਣਾਉਣਾ ਹੁੰਦਾ ਸੀ ਤਾਂ ਜ਼ਿਆਦਾਤਰ ਬੇਬੇ ਹੀ ਸਾਗ ਤੋੜਨ ਖੇਤ ਜਾਂਦੀ ਤਾਂ ਉਹ ਸਾਗ ਤੋੜਨ ਵਾਸਤੇ ਆਪਣੀ ਧੀ ਨੂੰਹ ਜਾਂ ਪੋਤਰੀ ਨੂੰ ਵੀ ਲੈ ਜਾਂਦੀ। ਕਈ ਵਾਰ ਤਾਂ ਚਾਰ-ਚਾਰ, ਪੰਜ-ਪੰਜ ਜਣੀਆਂ ਇਕੱਠੀਆਂ ਹੀ ਖੇਤਾਂ ਵੱਲ ਸਾਗ ਤੋੜਣ ਵਾਸਤੇ ਜਾਂਦੀਆਂ, ਜੇ ਤਾਂ ਆਪਣਾ ਸਾਗ ਹੋਵੇ ਠੀਕ ਨਹੀਂ ਫਿਰ ਦੂਜਿਆਂ ਦੇ ਖੇਤਾਂ ਵਿੱਚੋਂ ਤੋੜਿਆ ਜਾਂਦਾ।

## ਕੂਲੀਆਂ ਸਰੋਂ ਦੀਆਂ ਗੰਦਲਾਂ

ਸੁਆਣੀਆਂ ਨੇ ਆਪਣੇ ਹੱਥਾਂ ਨਾਲ ਕੂਲੀਆਂ-ਕੂਲੀਆਂ ਸਰੋਂ ਦੀਆਂ ਗੰਦਲਾਂ ਨੂੰ ਤੋੜਨਾ, ਇਸ ਦਾ ਜ਼ਿਕਰ ਮੁਹਾਵਰਿਆਂ ਅਖਾਣਾਂ ਵਿੱਚ ਵੀ ਆਉਂਦਾ ਹੈ। 'ਕਿਹੜੀ ਏਂ ਤੂੰ ਸਾਗ ਤੋੜਦੀ ਹੱਥ ਸੋਚ ਕੇ ਗੰਦਲ ਨੂੰ ਪਾਵੀਂ ।" ਖੇਤਾਂ ਵਿੱਚ ਸਾਗ ਜ਼ਿਆਦਾਤਰ ਸਵੇਰੇ-ਸਵੇਰੇ ਹੀ ਤੋੜਿਆ ਜਾਂਦਾ ਸੀ। ਬੀਬੀਆਂ ਨੇ ਪਹਿਲਾਂ ਆਪਣੇ ਹੱਥੀਂ ਸਾਗ ਤੋੜਣਾ ਅਤੇ ਚੁੰਨੀ ਜਾਂ ਕਿਸੇ ਹੋਰ ਕੱਪੜੇ ਵਿੱਚ ਲਪੇਟ ਕੇ ਘਰ ਲੈ ਕੇ ਆਉਣਾ, ਉਹ ਹੱਥਾਂ ਵਿਚ ਆਏ ਸਾਗ ਨੂੰ ਇੱਕ ਚੀਰਨੀ ਕਹਿੰਦੇ ਸੀ ਤੇ ਇੱਕ ਘਰ ਵਾਸਤੇ ਦੋ ਜਾਂ ਤਿੰਨ ਚੀਰਨੀਆਂ ਸਾਗ ਨਹੀਂ ਸੀ ਮੁੱਕਦਾ।

ਅੱਜ-ਕੱਲ੍ਹ ਵੇਚਣ ਵਾਲੇ ਉਸ ਨੂੰ ਗੁੱਟੀ ਕਹਿ ਦੇਂਦੇ ਹਨ, ਘਰ ਲਿਆ ਕੇ ਬੇਬੇ ਨੇ ਪਹਿਲਾਂ ਚੰਗੀ ਤਰ੍ਹਾਂ ਛਾਂਟਨਾ, ਪੱਕੀਆਂ ਗੰਦਲਾ ਨੂੰ ਅਲੱਗ ਕਰ ਦੇਣਾ, ਕੂਲੀਆਂ ਕੂਲੀਆਂ ਅੱਡ ਕਰ ਦੇਣੀਆਂ ਫਿਰ ਉਸ ਨੂੰ ਘਰ ਵਿੱਚ ਹੀ ਮੌਜੂਦ ਲੋਹੇ ਦੇ ਬਣੇ ਦਾਤ ਨਾਲ ਸਾਗ ਨੂੰ ਹੌਲੀ ਹੌਲੀ ਚੀਰਨਾ। ਉਸ ਸਮੇਂ ਹਾਲੇ ਸਾਗ ਚੀਰਨ ਵਾਲੇ ਟੋਕੇ ਨਹੀਂ ਸੀ ਆਏ। ਬੜੇ ਤਿੱਖੇ ਦਾਤ ਨਾਲ ਸਾਗ ਚੀਰਨਾ ਵੀ ਇੱਕ ਕਲਾ ਸੀ, ਤਜਰਬਾ ਸੀ। ਹਰ ਕੋਈ ਦਾਤ ਨਾਲ ਸਾਗ ਨਹੀਂ ਸੀ ਚੀਰ ਸਕਦੀ, ਬੇਬੇ ਨੇ ਇੱਕ ਪੈਰ ਦੇ ਥੱਲੇ ਦਾਤ ਨੂੰ ਨੱਪ ਲੈਣਾ ਤੇ ਉਸ ਦੇ ਅਗਲੇ ਭਾਗ ਜੋ ਤਿੱਖਾ ਹੁੰਦਾ ਸੀ, ਨਾਲ ਦੋਵਾਂ ਹੱਥਾਂ ਨਾਲ ਸਾਗ ਨੂੰ ਚੀਰਨਾ।ਇੱਕ ਹੱਥ ਨਾਲ ਕੁਝ ਕੁ ਗੰਦਲਾਂ ਤੇ ਦੂਜੇ ਹੱਥ ਨਾਲ ਅੱਗੋਂ ਡਿੱਗਦੇ ਸਾਗ ਨੂੰ ਫੜਨਾ ਤੇ ਦਾਤ ਦੇ ਨਾਲ ਬਹੁਤ ਹੀ ਬਰੀਕ ਚੀਰਨਾ। ਅੱਜ ਦੀਆਂ ਨਵੀਆਂ ਕੁੜੀਆਂ ਚਿੜੀਆਂ , ਨੂੰਹਾਂ-ਧੀਆਂ ਨੂੰ ਇਹ ਵੀ ਨਹੀ ਪਤਾ ਕਿ ਦਾਤ ਹੁੰਦਾ ਕੀ ਸੀ, ਦਾਤ ਕਿਸ ਨੂੰ ਕਹਿੰਦੇ ਸਨ। ਹੁਣ ਤਾਂ ਟੋਕੇ ਨਾਲ ਮਿੰਟੋ-ਮਿੰਟੀ ਚੀਰ ਕੇ ਗੈਸ 'ਤੇ ਸਾਗ ਧਰ ਦਿੱਤਾ ਜਾਂਦਾ ਹੈ ਪਰ ਅੱਜ-ਕੱਲ੍ਹ ਉਹ ਹੱਥਾਂ ਦੀ ਮਿਹਨਤ, ਬਰਕਤ, ਮਿਠਾਸ ਨਹੀਂ ਹੁੰਦੀ, ਜਿੰਨੀ ਛੇਤੀ ਬਣਾਇਆ ਜਾਂਦਾ, ਓਨਾ ਕੁ ਹੀ ਸਵਾਦ ਬਣਦਾ ਹੈ।



ਤੌੜੀ ਤੇ ਮੱਠੀ-ਮੱਠੀ ਅੱਗ 'ਤੇ ਧਰਨਾ ਲਉ ਜੀ ਸਾਗ ਨੂੰ ਹੱਥੀਂ ਚੀਰ ਕੇ ਧੋ ਕੇ ਫਿਰ ਮਿੱਟੀ ਦੀ ਤੌੜੀ ਵਿੱਚ ਪਾ ਕੇ ਚੁੱਲ੍ਹੇ ਉਤੇ ਧਰ ਕੇ ਥੱਲੇ ਅੱਗ ਬਾਲ ਦਿੱਤੀ ਜਾਂਦੀ। ਬੇਬੇ ਚੁੱਲ੍ਹੇ ਕੋਲ ਹੀ ਅੱਗ ਡਾਹੀ ਜਾਂਦੀ ਅਤੇ ਸਾਗ ਨੂੰ ਘੋਟੀ ਜਾਂਦੀ ਸੀ, ਮੱਧਣੀ ਲੱਕੜ ਦੀ ਮਿਸਤਰੀ ਤੋਂ ਬਣਵਾ ਕੇ ਪਹਿਲਾਂ ਹੀ ਘਰ ਵਿੱਚ ਰੱਖੀ ਹੁੰਦੀ ਸੀ। ਇਹ ਥੱਲਿਉਂ ਗੋਲ ਤੇ ਉਪਰੋਂ ਲੰਮੀ ਡੰਡੀ ਹੁੰਦੀ ਸੀ ਤੇ ਉਸ ਨਾਲ ਸਾਗ ਨੂੰ ਘੋਟਿਆ ਜਾਂਦਾ, ਮਤਲਬ ਇੱਕ ਜਾਨ ਕੀਤਾ ਜਾਂਦਾ। ਹਾਂ ਸੱਚ ਸਾਗ ਵਿੱਚ ਬਾਥੂ ਵੀ ਪਾਇਆ ਜਾਂਦਾ ਸੀ ਜਿਹੜਾ ਖੇਤਾਂ ਵਿੱਚ ਵੱਟਾਂ 'ਤੇ ਅਕਸਰ ਆਪੇ ਹੀ ਉੱਗਦਾ, ਬੀਜਿਆ ਨਹੀਂ ਸੀ ਜਾਂਦਾ। ਕੁਦਰਤ ਵੱਲੋਂ ਸਰੋਂ ਦੇ ਦਿਨਾਂ ਵਿੱਚ ਹੀ ਹੁੰਦਾ ਸੀ ਤੇ ਥੋੜ੍ਹਾ ਜਿਹਾ ਤੋੜ ਕੇ ਸਾਗ ਵਿੱਚ ਪਾਇਆ ਜਾਂਦਾ ਸੀ।

ਬੇਬੇ ਕਹਿੰਦੀ ਹੁੰਦੀ ਸੀ ਬਾਥੂ ਨਾਲ ਸਾਗ ਥੋੜ੍ਹੀ ਕੁੜਤਣ ਵਿਚ ਬਣਦਾ ਹੈ ਪਰ ਇਸ 'ਤੇ ਪਾਉਣ ਨਾਲ ਸਾਗ ਦਾ ਸਵਾਦ ਦੁੱਗਣਾ ਹੋ ਜਾਂਦਾ ਹੈ। ਅੱਜ-ਕੱਲ੍ਹ ਇਹ ਵੀ ਘੱਟ ਮਿਲਦਾ। ਅੱਜ-ਕੱਲ੍ਹ ਤਾਂ ਪਾਲਕ ਜ਼ਰੂਰ ਪਾਉਂਦੇ ਹਨ ਪਰ ਉਸ ਸਮੇਂ ਪਾਲਕ ਦਾ ਰਿਵਾਜ ਨਹੀਂ ਸੀ ਬਾਥੂ ਜ਼ਰੂਰ ਪਾਈਦਾ ਸੀ। ਸਾਗ ਬਣਾਉਂਦੀ ਬੇਬੇ ਥੋੜ੍ਹਾ ਜਿਹਾ ਵਿੱਚ ਕੱਚਾ ਆਟਾ ਵੀ ਪਾ ਦਿੰਦੀ ਸੀ। ਉਸ ਮੁਤਾਬਿਕ ਉਹ ਵੀ ਚੰਗਾ ਹੁੰਦਾ ਸੀ ਤੇ ਸਾਗ ਗੁੜ-ਗੁੜ ਕਰ ਕੇ ਪੱਕਦਾ ਰਹਿੰਦਾ। ਕੋਲ ਬੈਠੀ ਬੇਬੇ ਪੂਰਾ ਪੂਰਾ ਖ਼ਿਆਲ ਰੱਖਦੀ। ਇਸ ਤਰ੍ਹਾਂ ਜਿਸ ਦਿਨ ਸਾਗ ਧਰਨਾ ਹੁੰਦਾ ਤਾਂ ਤੋੜਨ ਤੋਂ ਲੈ ਕੇ ਪੂਰਾ ਬਣਾਉਣ ਤੱਕ ਬੇਬੇ ਦੀ ਦਿਹਾੜੀ ਲੱਗ ਜਾਂਦੀ, ਪਰ ਸਾਗ ਇਸ ਤਰ੍ਹਾਂ ਬਣਦਾ ਸੀ ਕਿ ਉਸ ਤਰ੍ਹਾਂ ਹੋਟਲਾਂ ਵਿੱਚ ਖਾਣੇ ਵੀ ਨਹੀਂ ਬਣਦੇ, ਬੇਬੇ ਦੀ ਹੱਥੀਂ ਮਿਹਨਤ, ਪਿਆਰ, ਸਤਿਕਾਰ, ਵਾਹਿਗੁਰੂ ਸਤਿਨਾਮ ਦਾ ਜਾਪ, ਕੋਈ ਮੱਥੇ 'ਤੇ ਤਿਊੜੀ ਨਹੀਂ, ਪੂਰੀ ਰੀਝ, ਚਾਅ, ਮਲਾਰ, ਅਸੀਸ, ਪੂਰੀ ਸੁੱਚਮ ਤੇ ਰਿਸ਼ਤਿਆਂ ਦਾ ਨਿੱਘ, ਇਨ੍ਹਾਂ ਚੀਜ਼ਾਂ ਜਦੋਂ ਰਲ ਕੇ ਸਾਗ ਬਣਦਾ ਸੀ ਤਾਂ ਫਿਰ ਸਵਾਦ ਤਾਂ ਆਪੇ ਹੀ ਬਣਨਾ ਹੋਇਆ ਪਰ ਅੱਜ-ਕੱਲ੍ਹ ਮੋਹ ਮਹੱਬਤ, ਰਿਸ਼ਤੇ ਨਾਤੇ ਸਭ ਖ਼ਤਮ ਹੋ ਗਏ ਹਨ ਅਤੇ ਆਪਸੀ ਪਿਆਰ ਵੀ ਖ਼ਤਮ ਹੋ ਗਿਆ ਹੈ।

ਸਿਆਣੇ ਕਹਿੰਦੇ ਹਨ ਕੇ ਖਾਣ ਪੀਣ ਵਾਲੀਆ ਵਸਤੂਆਂ ਨੂੰ ਖ਼ੁਸ਼ੀ ਨਾਲ ਪਿਆਰ ਨਾਲ ਬਣਾਇਆ ਜਾਵੇ ਤਾਂ ਚੀਜ਼ਾਂ ਦੀ ਮਿਠਾਸ ਚੌਗੁਣੀ ਹੋ ਜਾਂਦੀ ਹੈ। ਬੀਬੀਆਂ ਚੁੱਲ੍ਹੇ ਧਰੇ ਸਾਗ ਨੂੰ ਨਾਲੋ-ਨਾਲ ਮੱਧਣੀ ਨਾਲ ਹਿਲਾਉਂਦੀਆਂ ਰਹਿੰਦੀਆਂ ਨਾਲੇ ਚੁੱਲ੍ਹੇ ਵਿੱਚ ਅੱਗ ਨੂੰ ਬਲਦਾ ਰੱਖਣ ਲਈ ਫੂਕਾਂ ਮਾਰਦੀਆਂ। ਉਸ ਸਮੇਂ ਚੁੱਲ੍ਹੇ ਵਿੱਚ ਜ਼ਿਆਦਾਤਰ ਲੱਕੜ ਦਾ ਬਾਲਣ ਜਾਂ ਗੋਹੇ ਦੀਆਂ ਪਾਥੀਆਂ ਹੀ ਬਾਲੀਆਂ ਜਾਂਦੀਆਂ ਤੇ ਅਕਸਰ ਹੀ ਧੂੰਆਂ ਨਿਕਲਦਾ ਰਹਿੰਦਾ ਸੀ। ਉਹ ਧੂੰਆਂ ਹਰੇਕ ਦੀਆਂ ਅੱਖਾਂ ਵਿੱਚ ਵੀ ਪੈਂਦਾ ਅਤੇ ਸਾਹ ਵਿੱਚ ਵੀ ਰਲਦਾ ਰਹਿੰਦਾ। ਤੌੜੀ ਤੇ ਮੂਧੀ ਮਾਰੀ ਚੱਪਣੀ ਅੱਧੀ ਕੁ ਪਾਸੇ ਹੁੰਦੀ ਅਤੇ ਸਾਗ ਵਿਚਲਾ ਪਾਣੀ ਭਾਫ਼ ਬਣ ਬਣ ਉੱਡਦਾ ਰਹਿੰਦਾ। ਇਸ ਤਰ੍ਹਾਂ ਸਰੋਂ ਦਾ ਸਾਗ ਮੁਕੰਮਲ ਤੌਰ 'ਤੇ ਤਿਆਰ ਹੋ ਜਾਂਦਾ। ਸੋ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਸਾਡੇ ਪੰਜਾਬੀ ਸੱਭਿਆਚਾਰ ਵਿਰਸੇ ਨਾਲ ਜੁੜੀ ਸੀ ਜੁੜੀ ਹੈ ਅਤੇ ਹਮੇਸ਼ਾ ਜੁੜੀ ਰਹੇਗੀ। ਇਸ ਦੀ ਥਾਂ ਕੋਈ ਨਹੀਂ ਲੈ ਸਕਦਾ। ਰੱਬ ਕਰੇ ਇਸ ਦਾ ਪੰਜਾਬੀ ਵਿਰਸੇ ਵਿੱਚ ਮਾਣ ਸਤਿਕਾਰ ਇਸੇ ਤਰ੍ਹਾਂ ਹੀ ਸਦਾ ਲਈ ਬਣਿਆ ਰਹੇ।



ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਡਾ.ਚਰਨਜੀਤ ਸਿੰਘ ਗੁਮਟਾਲਾ
9417533060

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਹਾਰ ਸੂਬੇ ਦੇ ਪ੍ਰਸਿੱਧ ਸ਼ਹਿਰ ਪਟਨਾ, ਜਿਸ ਦਾ ਉਸ ਸਮੇਂ ਨਾਂਅ ਪਾਟਲੀਪੁਤਰ ਸੀ, ਵਿੱਚ 22 ਦਸੰਬਰ ਸੰਨ 1666 ਈ. ਪੋਹ ਸੁਦੀ ਸਤਵੀਂ ਵਾਲੇ ਦਿਨ ਅਵਤਾਰ ਧਾਰਿਆ। ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਤੇਗ ਬਹਾਦਰ ਜੀ ਸਨ ਅਤੇ ਦਾਦਾ ਛੇਵੇਂ ਗੁਰੂ ਸ੍ਰੀ ਹਰਿ ਗੋਬਿੰਦ ਜੀ ਸਨ। ਮਾਤਾ ਦਾ ਨਾਂ ਮਾਤਾ ਗੁਜਰੀ ਸੀ। ਬਾਲ ਗੁਰੂ ਗੋਬਿੰਦ ਰਾਇ ਪੰਜ ਛੇ ਸਾਲ ਪਟਨਾ ਰਹੇ। ਇੱਥੇ ਇਨ੍ਹਾਂ ਦੇ ਕਈ ਕੌਤਕ ਪ੍ਰਸਿੱਧ ਹਨ। ਇੱਥੇ ਹੀ ਬੰਗਾਲੀ, ਹਿੰਦੀ, ਪੰਜਾਬੀ, ਫ਼ਾਰਸੀ, ਸੰਸਕ੍ਰਿਤ, ਬ੍ਰਜ ਆਦਿ ਬੋਲੀਆਂ ਸਿੱਖੀਆਂ।

ਗੁਰੂ ਤੇਗ਼ ਬਹਾਦਰ ਜੀ 1671 ਈ. ਦੇ ਸ਼ੁਰੂ ਵਿੱਚ ਪਰਿਵਾਰ ਨੂੰ ਪਟਨਾ ਛੱਡ ਕੇ ਵੈਸਾਖੀ ਦੇ ਕਰੀਬ ਆਨੰਦਪੁਰ (ਮਾਖੋਵਾਲ) ਪੁੱਜ ਗਏ। ਛੇਤੀ ਹੀ ਉਨ੍ਹਾਂ ਪਰਵਾਰ ਨੂੰ ਵਾਪਸ ਮੰਗਵਾਇਆ। ਇੱਥੇ ਹੀ ਔਰੰਗਜ਼ੇਬ ਤੋਂ ਦੁਖੀ ਕਸ਼ਮੀਰੀ ਪੰਡਿਤਾਂ ਦੀ ਵਿਥਿਆ ਸੁਣ ਕੇ ਗੁਰੂ ਜੀ 7 ਸਾਲ ਦੇ ਬਾਲਕ ਗੁਰੂ ਗੋਬਿੰਦ ਰਾਇ ਜੀ ਨੂੰ ਗੁਰ-ਗੱਦੀ ਸੌਂਪ ਕੇ ਕੁਝ ਮੁੱਖੀ ਸਿੱਖਾਂ ਸਮੇਤ ਦਿੱਲੀ ਨੂੰ ਰਵਾਨਾ ਹੋਇ। ਡਾ. ਦੀਵਾਨ ਸਿੰਘ ਨੇ ਆਪਣੀ ਪੁਸਤਕ 'ਦਸਮ ਗੁਰੂ ਜੀਵਨ ਤੇ ਸਖ਼ਸ਼ੀਅਤ' ਵਿੱਚ ਵਿਸਥਾਰ ਨਾਲ ਲਿਖਦੇ ਹੋਏ ਇਹ ਸਮਾਂ 1673 ਈ. ਦਾ ਲਿਖਿਆ ਹੈ। ਦੋ ਕੁ ਸਾਲ ਗੁਰੂ ਜੀ ਨੇ ਪ੍ਰਚਾਰ ਵਿੱਚ ਬਿਤਾਏ ਸਨ ਤਾਂ ਜਦ ਗੁਰੂ ਜੀ ਆਗਰੇ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਨੂੰ ਅਤੇ ਭਾਈ ਮਤੀਦਾਸ ਜੀ, ਭਾਈ ਦਿਆਲ ਦਾਸ ਜੀ, ਭਾਈ ਸਤੀ ਦਾਸ ਜੀ ਆਦਿ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

1675 ਤੋਂ 1688 ਈ. ਦਾ ਸਮਾਂ ਸਿੱਖ ਸ਼ਕਤੀ ਦੇ ਸੰਗਠਨ ਦਾ ਸਮਾਂ ਸੀ। ਸੈਨਿਕ ਅਤੇ ਬੀਰ ਰਸੀ ਜੋਸ਼ ਵਧਾਉਣ ਲਈ ਰਣਜੀਤ ਨਗਾਰਾ ਤਿਆਰ ਕਰਵਾਇਆ ਗਿਆ। ਜਿਸ ਦੀ ਆਵਾਜ਼ ਸਾਰੇ ਪਹਾੜੀ ਰਾਜਾਂ ਵਿੱਚ ਗੂੰਜ ਉਠੀ। ਇੱਕ ਸਿੱਖ ਦੁਨੀ ਚੰਦ ਕਾਬਲ ਤੋਂ ਇੱਕ ਬਹੁਤ ਸੁੰਦਰ ਅਤੇ ਕੀਮਤੀ ਸ਼ਮਿਆਨਾ ਬਣਵਾ ਕੇ ਲਿਆਇਆ ਤੇ ਗੁਰੂ ਜੀ ਨੂੰ ਭੇਟ ਕੀਤਾ, ਜਿਸ ਦੀ ਕੀਮਤ ਢਾਈ ਲੱਖ ਰੁਪਏ ਸੀ। ਆਸਾਮ ਦਾ ਰਾਜਾ ਰਤਨ ਰਾਏ ਬਹੁਤ ਕੀਮਤੀ ਤੋਹਫ਼ੇ ਲੈ ਕੇ ਆਇਆ। ਜਿਨ੍ਹਾਂ ਵਿੱਚ ਇੱਕ ਸੁੰਦਰ ਹਾਥੀ, ਇੱਕ ਤਖ਼ਤ, ਪੰਜ ਵਧੀਆ ਤੇ ਸਜੇ ਸਜਾਏ ਘੋੜੇ, ਇੱਕ ਅਦੁੱਤੀ ਹਥਿਆਰ, ਜਿਸ ਵਿੱਚੋਂ ਪੰਜ ਹਥਿਆਰ ਨਿਕਲਦੇ ਸਨ ਅਤੇ ਹੋਰ ਕਾਫ਼ੀ ਕੀਮਤੀ ਸਾਜੋ-ਸਾਮਾਨ ਸੀ।

ਗੁਰੂ ਸਾਹਿਬ ਦੀ ਸ਼ਕਤੀ ਵੱਧਦੀ ਵੇਖ ਕੇ ਬਿਲਾਸਪੁਰ ਦਾ ਰਾਜਾ ਭੀਮ ਚੰਦ ਈਰਖਾ ਦੀ ਅੱਗ ਵਿੱਚ ਸੜਨ ਲੱਗ ਪਿਆ। ਜਿਸ ਦਾ ਸਿੱਟਾ ਪਹਿਲੀ ਲੜਾਈ ਭੰਗਾਲੀ ਦੇ ਯੁੱਧ ਦਾ ਕਾਰਨ ਬਣੀ ਜੋ 1688 ਈ.ਵਿੱਚ ਲੜੀ ਗਈ। 1677 ਈ. ਵਿੱਚ ਆਪ ਦੀ ਸ਼ਾਦੀ ਲਾਹੌਰ ਦੇ ਸਿੱਖ ਭਾਈ ਭਿਖੀਆ ਦੀ ਲੜਕੀ ਜੀਤੋ ਨਾਲ ਆਨੰਦਪੁਰ ਸਾਹਿਬ ਹੋਈ।

1685 ਈ. ਵਿੱਚ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਆਪਣੀ ਸੈਨਾ ਤੇ ਪਰਵਾਰ ਸਮੇਤ ਆਪ ਨਾਹਨ ਚਲੇ ਗਏ। ਰਾਜੇ ਦੀ ਬੇਨਤੀ ਕਰਨ 'ਤੇ ਜਮਨਾ ਕੰਢੇ ਰਮਣੀਕ ਥਾਂ 'ਤੇ 12 ਦਿਨਾਂ ਵਿੱਚ ਹੀ ਕਿਲ੍ਹਾ ਤਿਆਰ ਕਰਵਾਇਆ ਜਿਸ ਦਾ ਨਾਂ ਪਾਉਂਟਾ (ਪੈਰ ਰੱਖਣ ਦੀ ਥਾਂ) ਰੱਖਿਆ। ਏਥੇ ਆਪ ਤਿੰਨ ਸਾਲ ਰਹੇ ਤੇ ਬਹੁਤ ਸਾਰਾ ਸਾਹਿਤ ਰਚਿਆ। 1688 ਈ. ਇੱਥੇ ਰਹਿੰਦਿਆਂ ਸਭ ਤੋਂ ਵੱਡੀ ਘਟਨਾ ਭੰਗਾਣੀ ਦਾ ਯੁੱਧ ਹੋਇਆ, ਜਿਸ ਵਿੱਚ ਗੁਰੂ ਜੀ ਦੀ ਸੈਨਾ ਨੂੰ ਬੜੀ ਭਾਰੀ ਜਿੱਤ ਹੋਈ।

ਪਾਉਂਟਾ ਸਾਹਿਬ ਵਿੱਚ ਹੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਸੰਨ 1687 ਵਿੱਚ ਜਨਮ ਹੋਇਆ। ਭੰਗਾਣੀ ਦੇ ਯੁੱਧ ਤੋਂ ਬਾਅਦ 1688 ਈ. ਵਿੱਚ ਗੁਰੂ ਸਾਹਿਬ ਆਨੰਦਪੁਰ ਵਾਪਿਸ ਆ ਗਏ। ਗੁਰੂ ਜੀ ਦੇ ਬਾਕੀ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇੱਥੇ ਹੀ ਹੋਇਆ। 1690 ਈ. ਨਦੌਣ ਦੀ ਲੜਾਈ ਹੋਈ।

ਗੁਰੂ ਜੀ ਨੇ ਸਿੱਖਾਂ ਨੂੰ ਨਿਆਰਾ ਰੂਪ ਦੇਣ ਲਈ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਖ਼ਾਲਸਾ ਪੰਥ ਦੀ ਸਾਜਣਾ ਨਾਲ ਪਹਾੜੀ ਰਾਜਿਆਂ ਵਿੱਚ ਗੁਰੂ ਜੀ ਪ੍ਰਤੀ ਈਰਖਾ ਹੋਰ ਵੱਧ ਗਈ। ਸੂਬਾ ਸਰਹੰਦ ਨੇ ਦਸ ਹਜ਼ਾਰ ਫ਼ੌਜ ਸਮੇਤ ਜਰਨੈਲ ਅਦੀਨਾ ਬੇਗ ਅਤੇ ਪੈਂਦਾ ਖ਼ਾਨ ਨੂੰ ਆਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ। ਇਸ ਵਿੱਚ ਜਿੱਤ ਗੁਰੂ ਜੀ ਦੀ ਹੀ ਹੋਈ। ਇਨ੍ਹਾਂ ਦਿਨਾਂ ਵਿੱਚ ਰੁਹਤਾਸ ਦੇ ਇੱਕ ਸਿੱਖ ਨੇ ਆਪਣੀ ਲੜਕੀ ਸਾਹਿਬ ਦੀ ਸ਼ਾਦੀ ਗੁਰੂ ਜੀ ਨਾਲ ਇੱਕ ਪ੍ਰਣ ਅਨੁਸਾਰ ਕੀਤੀ। ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਉਸ ਦਾ ਨਾਂ ਸਾਹਿਬ ਕੌਰ ਰੱਖਿਆ। ਇਸੇ ਸਮੇਂ ਭਾਈ ਰਾਮ ਕੁੰਵਰ (ਬਾਬਾ ਬੁੱਢਾ ਜੀ ਦੇ ਵੰਸ਼ਜ) ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਂ ਭਾਈ ਗੁਰਬਖਸ਼ ਸਿੰਘ ਰੱਖਿਆ। ਇਸੇ ਲੜਾਈ ਦੌਰਾਨ ਭਾਈ ਘਨ੍ਹਈਆ ਵਾਲਾ ਪ੍ਰਸੰਗ ਵਾਪਰਿਆ। ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਨਿਸ਼ਾਨਾ ਆਨੰਦਪੁਰ ਸੀ। ਲਗਾਤਾਰ 8 ਮਹੀਨੇ ਤੋਂ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਗਿਆ। ਬਿਕ੍ਰਮੀ ਸੰਮਤ 1762 ਦੀ 6-7 ਪੋਹ ਦੀ ਦਰਮਿਆਨੀ ਰਾਤ ਨੂੰ ਆਨੰਦਗੜ੍ਹ ਦਾ ਕਿਲ੍ਹਾ ਖਾਲੀ ਕਰਨ ਤੋਂ ਬਾਅਦ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਚੁੱਕੀਆਂ ਕਸਮਾਂ ਨੂੰ ਤੋੜ ਕੇ ਕੀਰਤਪੁਰ ਸਾਹਿਬ ਪਾਰ ਕਰਦਿਆਂ ਹੀ ਸਿੱਖ ਫ਼ੌਜਾਂ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਜੰਗ ਹੋਈ, ਕਾਫ਼ੀ ਸਿੰਘ ਸ਼ਹੀਦ ਹੋ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜ ਗਿਆ।



# ਜੰਗ ਖਿਦਰਾਣੇ ਦੀ ਢਾਬ ਦੀ, ਗੁਰੂ ਦੇ ਸਿੰਘਾਂ ਨੇ ਸਿਰਜਿਆ ਇਤਿਹਾਸ



ਪਰਮਜੀਤ ਸਿੰਘ ਢੀਂਗਰਾ

ਮੁਕਤਸਰ ਦੀ ਜੰਗ ਜੰਗ ਵੈਸਾਖ ਦੇ ਮਹੀਨੇ 1705 ਈਸਵੀ ਵਿੱਚ ਹੋਈ। ਗੁਰੂ ਗੋਬਿੰਦ ਸਾਹਿਬ ਜੀ ਨੇ ਨੌਵੇਂ ਗੁਰੂ ਸਾਹਿਬਾਨ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੂੰ ਸ਼ਸਤਰ ਵਿੱਦਿਆ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਨਾ ਦੇ ਨਾਲ-ਨਾਲ ਸਿੱਖਾਂ ਨੂੰ ਅਜਿਹੀ ਸੈਨਿਕ ਸਿਖਲਾਈ ਦਿੱਤੀ ਜਿਸ ਨਾਲ ਉਹ ਧਾਰਮਿਕ ਯੁੱਧਾਂ ਵਿੱਚ ਪ੍ਰਵਾਨ ਚੜ੍ਹੇ।


 ਗੁਰੂ ਜੀ ਨੇ ਸਿੱਖ ਪੰਥ ਨੂੰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ ਸੀ। ਇਨ੍ਹਾਂ ਵਿੱਚੋਂ ਦੀਦਾਰੀ ਅਥਵਾ ਹਜ਼ੂਰੀ ਸਿੱਖਾਂ ਨੂੰ ਨਵੇਂ-ਨਵੇਂ ਹਥਿਆਰਾਂ ਨਾਲ ਨਿਪੁੰਨ ਕਰਕੇ ਪੂਰੀ ਤਰ੍ਹਾਂ ਸੈਨਿਕ ਸ਼ਕਤੀ ਦੇ ਰੂਪ ਵਿੱਚ ਸਥਾਪਤ ਕੀਤਾ। ਇਹ ਫ਼ੌਜੀ ਸਮੇਂ ਦੀ ਲੋੜ ਮੁਤਾਬਕ ਗਤਕੇ ਖੇਡਣੇ, ਤਲਵਾਰ ਚਲਾਉਣੀ, ਨੇਜ਼ਾਬਾਜ਼ੀ ਕਰਨੀ, ਤੀਰਾਂ ਤੇ ਬੰਦੂਕਾਂ ਦੇ ਨਿਸ਼ਾਨੇ ਲਾਉਣ ਤੇ ਘੋੜ ਸਵਾਰੀ ਵਿੱਚ ਨਿਪੁੰਨਤਾ ਪ੍ਰਾਪਤ ਕਰਦੇ। ਉਸ ਸਮੇਂ ਮੁਗਲਈ ਜਾਂ ਹੋਰ ਰਿਆਸਤਾਂ ਵਿੱਚ ਵੀ ਇਸੇ ਤਰ੍ਹਾਂ ਦੀ ਫ਼ੌਜੀ ਸਿਖਲਾਈ ਤੇ ਅਸਤਰਾਂ ਸ਼ਸਤਰਾਂ ਦੀ ਪਰੰਪਰਾ ਪ੍ਰਚਲਤ ਸੀ। ਉਦੋਂ ਸਿੱਖ ਫ਼ੌਜਾਂ ਦੀ ਵਰਦੀ ਨੀਲਾ ਬਾਣਾ ਸੀ ਤੇ ਮੁਗਲਈ ਫ਼ੌਜਾਂ ਦੀ ਵਰਦੀ ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਰਗੀ ਸਿਆਹ-ਭੂਰੀ ਸੀ। ਇਸ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿੱਚ ਕਰਦਿਆਂ ਲਿਖਿਆ ਹੈ:- ਬਰੰਗ ਮਗਸ ਸਿਆਹ ਪੋਸ਼ ਆਮਦੰਦ। ਬ-ਯਕ ਬਾਰਗੀ ਦਰ ਖਰੋਸ਼ ਆਮਦੰਦ। ਭਾਵ ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਰਗੇ ਸਿਆਹ ਪੋਸ਼ ਫ਼ੌਜੀ ਆਏ ਜੋ ਗੁੱਸੇ ਨਾਲ ਇੱਕੋ ਵੇਰ ਸਾਡੇ 'ਤੇ ਟੁੱਟ ਪਏ। ਵੱਖਰੇ-ਵੱਖਰੇ ਇਤਿਹਾਸਕਾਰਾਂ ਤੇ ਵਿਆਖਿਆਕਾਰਾਂ ਨੇ ਮੁਕਤਸਰ ਦੇ ਜੰਗ ਦੇ ਪਿਛੋਕੜ ਦਾ ਵਰਣਨ ਕਰਦਿਆਂ ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਰਾਮੇਆਣੇ ਪਿੰਡ ਪਹੁੰਚੇ। ਉਸ ਪਿੰਡ ਦੇ ਟਾਂਗੂ ਨੇ ਦੱਸਿਆ ਕਿ ਭਾਈ ਸਿੱਖੋ ਧੂੜ ਉਡਦੀ ਨਜ਼ਰ ਆਉਂਦੀ ਹੈ, ਸੁਖ ਹੋਵੇ ਸਹੀ। ਏਨੀ ਦੇਰ ਨੂੰ ਬਿਰਖ 'ਤੇ ਚੜ੍ਹੇ ਸਿੱਖ ਨੇ ਅਗਾਹ ਕੀਤੀ ਕਿ ਸੱਚੇ ਪਾਤਸ਼ਾਹ ਤੁਰਕ ਨੇੜੇ ਆਣ ਪਹੁੰਚੇ ਹਨ ਤੇ ਇੱਥੋਂ ਅਜੇ ਖਿਦਰਾਣਾ ਦੋ ਕੋਹ 'ਤੇ ਹੈ। ਗੁਰੂ ਜੀ ਕਹਿਣ ਲੱਗੇ ਸਿੰਘੋ ਡਰੋ ਨਾ, ਉਨ੍ਹਾਂ ਨੂੰ ਰੋਕਣ ਵਾਲੇ ਆਪੇ ਰੋਕ ਲੈਣਗੇ। ਸਿੱਖਾਂ ਨੂੰ ਪਤਾ ਨਹੀਂ ਸੀ ਕਿ ਤੁਰਕਾਂ ਦੇ ਅੱਗੇ-ਅੱਗੇ ਮਝੈਲ ਸਿੰਘਾਂ ਦਾ ਜਥਾ ਆ ਰਿਹਾ ਹੈ। ਏਨੇ ਨੂੰ ਬੈਰਾੜ ਗੁਰੂ ਜੀ ਨੂੰ ਖਿਦਰਾਣੇ ਦੇ ਕੰਢੇ ਲੈ ਗਏ। ਭਰਿਆ ਜਲ ਤੇ ਜੰਗਲ ਦੇਖ ਕੇ ਗੁਰੂ ਜੀ ਬੜੇ ਖ਼ੁਸ਼ ਹੋਏ। ਸਿੰਘ ਕਹਿਣ ਲੱਗੇ ਗੁਰੂ ਜੀ ਇੱਥੇ ਸਭ ਸੁਖ ਹੈ। ਅਸੀਂ ਜਲ ਨੂੰ ਰੋਕ ਕੇ ਰੱਖਾਂਗੇ ਤੇ ਤੁਰਕ ਤਿਹਾਏ ਆਪੇ ਮੁੜ ਜਾਣਗੇ, ਜੇ ਉਨ੍ਹਾਂ ਦਾ ਜ਼ੋਰ ਪੈ ਗਿਆ ਤਾਂ ਹੋਰ ਅੱਗੇ ਚਲੇ ਜਾਵਾਂਗੇ। ਕੇਰ (ਟੋਬੇ ਵਿੱਚੋਂ ਪੁੱਟ ਕੇ ਸੁੱਟੀ ਮਿੱਟੀ ਦੇ ਲਾਏ ਢੇਰ) ਦੀ ਆੜ ਵਿੱਚ ਚੰਗੀ ਲੜਾਈ ਹੋ ਸਕਦੀ ਹੈ। ਇਹ ਗੱਲ ਸੁਣ ਕੇ ਗੁਰੂ ਜੀ ਨੇ ਆਲੇ-ਦੁਆਲੇ ਦੀ ਭੂਗੋਲਿਕ ਸਥਿਤੀ ਦਾ ਜਾਇਜ਼ਾ ਲਿਆ ਤੇ ਤੁਰਦੇ-ਤੁਰਦੇ ਤਲਾਅ ਦੇ ਪੱਛਮ ਵੱਲ ਟਿੱਬੀ 'ਤੇ ਜਾ ਖਲੋਤੇ ਤੇ ਜੰਗ ਦੀ ਵਿਉਂਤਬੰਦੀ ਕਰਨ ਲੱਗੇ। ਸ਼ਾਹੀ ਲਸ਼ਕਰ ਹੋਰ ਨੇੜੇ ਪਹੁੰਚਦਾ ਜਾ ਰਿਹਾ ਸੀ। ਜਿਹੜੇ ਮਝੈਲ ਸਿੰਘ ਗੁਰੂ ਜੀ ਦੇ ਮਗਰ-ਮਗਰ ਤੇ ਮੁਗਲਾਂ ਦੇ ਅੱਗੇ-ਅੱਗੇ ਆ ਰਹੇ ਸਨ, ਉਨ੍ਹਾਂ ਨੇ ਵੈਰੀਆਂ ਦੇ ਦੰਦ ਖੱਟੇ ਕਰਨ ਲਈ, ਰਣ ਤੱਤੇ ਵਿੱਚ ਜੂਝਣ ਲਈ ਖਿਦਰਾਣੇ ਦੀ ਢਾਬ ਦੇ ਪੂਰਬ ਵੱਲ ਨੀਵੀਂ ਥਾਂ 'ਤੇ ਮੋਰਚੇ ਗੱਡ ਲਏ। ਆਪਣੇ ਆਪ ਨੂੰ ਥੋੜ੍ਹਿਆਂ ਤੋਂ ਬਹੁਤੇ ਦਿਖਾਉਣ ਲਈ ਤੇ ਇਸ ਖਿਆਲ ਨਾਲ ਕਿ ਤੁਰਕ ਅੱਗੇ ਗੁਰੂ ਜੀ ਦੇ ਵੱਲ ਨਾ ਚਲੇ ਜਾਣ, ਉਨ੍ਹਾਂ ਨੇ ਬਿਰਖਾਂ 'ਤੇ ਚਾਦਰੇ ਤੇ ਹੋਰ ਕੱਪੜੇ ਖਿਲਾਰ ਦਿੱਤੇ। ਰੁੱਖਾਂ 'ਤੇ ਵਿਛੇ ਕੱਪੜੇ ਦੂਰੋਂ ਤੰਬੂਆਂ ਦਾ ਪ੍ਰਭਾਵ ਦੇ ਰਹੇ ਸਨ। ਇਹ ਭੁਲੇਖੇ ਦੀ ਕੂਟਨੀਤੀ ਬੜੀ ਕਾਰਗਰ ਸਿੱਧ ਹੋਈ। ਤੁਰਕਾਂ ਦੀ ਸਾਰੀ ਫ਼ੌਜ ਉਸ ਪਾਸੇ ਵੱਲ ਹੋ ਗਈ। ਜਦੋਂ ਇਕਦਮ ਲਸ਼ਕਰ ਸਿੰਘਾਂ ਦੀ ਮਾਰ ਹੇਠ ਆ ਗਿਆ ਤਾਂ ਉਨ੍ਹਾਂ ਗੁਰੀਲਾ ਯੁੱਧ ਨੀਤੀ ਦਾ ਦਾਅ ਵਰਤ ਕੇ ਹਮਲਾ ਕਰ ਦਿੱਤਾ ਤੇ ਵੀਹ-ਪੰਝੀ ਤੁਰਕ ਢੇਰ ਕਰ ਦਿੱਤੇ। ਜਦੋਂ ਲਗਾਤਾਰ ਬੰਦੂਕਾਂ ਚੱਲਣ ਲੱਗੀਆਂ ਤਾਂ ਵਜੀਦ ਖਾਂ ਨੇ ਸਮਝਿਆ ਕਿ ਇੱਥੇ ਹੀ ਸਿੱਖਾਂ ਨਾਲ ਗੁਰੂ ਗੋਬਿੰਦ ਸਿੰਘ ਵੀ ਹਨ। ਉਸ ਨੇ ਫ਼ੌਜਾਂ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ ਤਾਂ ਜੋ ਵਧੇਰੇ ਜਾਨੀ ਨੁਕਸਾਨ ਤੋਂ ਬਚਿਆ ਜਾ ਸਕੇ। ਓਧਰ ਮੁਗਲ ਫ਼ੌਜ ਪਿੱਛੇ ਹਟਦੀ ਦੇਖ ਕੇ ਸਿੰਘਾਂ ਨੇ ਫੇਰ ਇੱਕ ਹੋਰ ਗੁਰੀਲਾ ਹਮਲਾ ਕਰ ਦਿੱਤਾ ਅਤੇ ਤੀਹ ਕੁ ਹੋਰ ਤੁਰਕ ਢੇਰੀ ਕਰ ਦਿੱਤੇ। ਸੰਘਣੇ ਬਿਰਖਾਂ ਵਿੱਚ ਨੀਵੇਂ ਥਾਂ ਬੈਠੇ ਸਿੱਖ ਤੁਰਕਾਂ ਨੂੰ ਨਜ਼ਰ ਨਾ ਆਏ ਪਰ ਉਹ ਤੀਰਾਂ ਤੇ ਗੋਲੀਆਂ ਦੀ ਵਰਖਾ ਕਰਨ ਲੱਗੇ। ਦੋਹਾਂ ਪਾਸਿਆਂ ਤੋਂ ਬੰਦੂਕਾਂ ਵਿੱਚੋਂ ਕੜਕੜ ਗੋਲੀਆਂ ਚੱਲਣ ਲੱਗੀਆਂ। ਦਸਮ ਪਿਤਾ ਨੇ ਟਿੱਬੀ 'ਤੇ ਬੈਠਿਆਂ ਜਦੋਂ ਬੰਦੂਕਾਂ ਦੀ ਆਵਾਜ਼ ਸੁਣੀ ਤਾਂ ਇੱਕ ਸ਼ਾਹ ਸਵਾਰ ਨੂੰ ਉਸ ਪਾਸੇ ਪਤਾ ਕਰਨ ਲਈ ਭੇਜਿਆ। ਉਸ ਨੇ ਵਾਪਸ ਆ ਕੇ ਦੱਸਿਆ ਕਿ ਮਝੈਲਾਂ ਦਾ ਜਥਾ ਤੁਰਕਾਂ ਨੂੰ ਲੋਹੇ ਦੇ ਚਣੇ ਚਬਾ ਰਿਹਾ ਹੈ। ਫਿਰ ਗੁਰੂ ਜੀ ਨੇ ਟਿੱਬੀ ਤੋਂ ਹੀ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ ਤੇ ਇੱਕ-ਇੱਕ ਤੀਰ ਪੰਜ-ਪੰਜ ਤੁਰਕਾਂ ਦੇ ਆਹੂ ਲਾਹੁਣ ਲੱਗਾ। ਗੁਰੂ ਜੀ ਨੇ ਵਜੀਦ ਖਾਂ ਦੇ ਕਈ ਸੈਨਿਕ ਢੇਰ ਕਰ ਦਿੱਤੇ। ਸ਼ਾਹੀ ਫ਼ੌਜਾਂ ਨੂੰ ਝਾੜਾਂ ਪਿੱਛੇ ਲੁਕੇ ਹੋਏ ਸਿੱਖ ਜਿੰਨੀ ਦੇਰ ਤਕ ਨਾ ਦਿਸੇ, ਉਨ੍ਹਾਂ ਦਾ ਅੱਗੇ ਵਧਣ ਦਾ ਹੀਆ ਨਾ ਪਿਆ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇੱਥੇ ਤਾਂ ਥੋੜ੍ਹੇ ਜਿਹੇ ਸਿੱਖ ਹਨ ਤੇ ਗੁਰੂ ਜੀ ਵੀ ਉਨ੍ਹਾਂ ਦੇ ਨਾਲ ਨਹੀਂ ਹਨ ਤਾਂ ਉਨ੍ਹਾਂ ਨੇ ਤਕੜਾ ਜੁਆਬੀ ਹਮਲਾ ਬੋਲ ਦਿੱਤਾ ਜਿਸ ਨਾਲ ਬੜੀ ਮਾਰ-ਕਾਟ ਹੋਣ ਲੱਗੀ ਤੇ ਹਥਿਆਰਾਂ ਦੀ ਗੂੰਜ ਨਾਲ ਆਕਾਸ਼ ਕੰਬ ਉਠਿਆ। ਸਿੰਘ ਸ਼ਮਸ਼ੀਰਾਂ ਖਿੱਚ-ਖਿੱਚ ਕੇ ਸ਼ੀਹਾਂ ਵਾਂਗ ਤੁਰਕਾਂ 'ਤੇ ਟੁੱਟ ਪਏ। ਖਟਾਖਟ ਤਲਵਾਰਾਂ ਖੜਕਨ ਲੱਗੀਆਂ। ਧਰਤੀ ਰੱਤ-ਵਿਰੱਤੀ ਹੋ ਗਈ। ਅਨੇਕਾਂ ਸਿਪਾਹੀਆਂ ਅਤੇ ਘੋੜਿਆਂ ਦੇ ਮੁੰਡ ਏਧਰ-ਓਧਰ ਨਜ਼ਰ ਆਉਣ ਲੱਗੇ। ਫੱਟੜਾਂ ਦੀਆਂ ਕਰਾਹਾਂ ਮਿੱਟੀ 'ਚ ਗੂੰਜਣ ਲੱਗੀਆਂ। ਇੱਕ-ਇੱਕ ਸਿੰਘ ਨੇ ਗਿਆਰਾਂ-ਗਿਆਰਾਂ ਤੁਰਕਾਂ ਨੂੰ ਭਾਜੀ ਮੋੜੀ। ਭਾਵੇਂ ਸਿੰਘ ਸੂਰਮੇ ਵੀ ਤੀਰਾਂ ਤੇ ਗੋਲੀਆਂ ਨਾਲ ਵਿੰਨ੍ਹੇ ਪਏ ਸਨ ਪਰ ਉਨ੍ਹਾਂ ਮੈਦਾਨੇ ਜੰਗ 'ਚ ਪਿੱਛੇ ਭੌਂ ਕੇ ਨਹੀਂ ਵੇਖਿਆ, ਸਗੋਂ ਅੱਗੇ ਵਧ ਕੇ ਵੈਰੀ ਨਾਲ ਲੋਹਾ ਲੈਣ ਲੱਗੇ। ਇਸ ਨਾਲ ਦੁਸ਼ਮਣ ਦੇ ਖੇਮੇ ਵਿੱਚ ਅਜਿਹੀ ਹਾਹਾਕਾਰ ਮੱਚੀ ਕਿ ਤੋਬਾ ਤੋਬਾ ਹੋਣ ਲੱਗੀ। ਤੁਰਕਾਂ ਦੇ ਅਜਿਹੇ ਦੰਦ ਖੱਟੇ ਹੋਏ ਕਿ ਉਹ ਡਰਦੇ ਮਾਰੇ ਅੱਗੇ ਵਧਣ ਦਾ ਹੌਸਲਾ ਨਾ ਕਰ ਸਕੇ। ਗੁਰੂ ਜੀ ਦੇ ਤੀਰਾਂ ਨੇ ਤੁਰਕਾਂ ਨੂੰ ਭੁਲੇਖਾ ਪਾ ਦਿੱਤਾ ਕਿ ਪਤਾ ਨਹੀਂ ਏਥੇ ਕਿੰਨੀ ਕੁ ਫ਼ੌਜ ਹੈ, ਜੋ ਕਈ ਪਾਸਿਆਂ ਤੋਂ ਹਮਲੇ ਹੋ ਰਹੇ ਹਨ।

ਇੱਕ ਤਾਂ ਇਸ ਫ਼ਿਕਰ ਨੇ ਦੂਜਾ ਵੈਸਾਖ ਰੁੱਤ ਦੀ ਗਰਮੀ ਨੇ ਤੁਰਕਾਂ ਨੂੰ ਬੇਹਾਲ ਕਰਨਾ ਸ਼ੁਰੂ ਕਰ ਦਿੱਤਾ, ਤੀਜੇ ਪਾਣੀ ਦੇ ਤਿਹਾਏ ਸਿਪਾਹੀਆਂ ਦੀਆਂ ਜੀਭਾਂ ਬਾਹਰ ਆਉਣ ਲੱਗੀਆਂ। ਭਾਵੇਂ ਚੌਧਰੀ ਕਪੂਰੇ ਦੇ ਦੱਸੇ ਹੋਏ ਤੁਰਕਾਂ ਨੇ ਖਿਦਰਾਣੇ ਦੀ ਢਾਬ ਵਿੱਚੋਂ ਪਾਣੀ ਲੈਣ ਲਈ ਬੜੇ ਯਤਨ ਕੀਤੇ ਪਰ ਸਿੰਘਾਂ ਦੀ ਮਜ਼ਬੂਤ ਕੰਧ ਨੇ ਉਨ੍ਹਾਂ ਨੂੰ ਪਾਣੀ ਦੇ ਨੇੜੇ ਫੜਕਣ ਨਹੀਂ ਦਿੱਤਾ। ਜਦੋਂ ਉਹ ਤਿਹਾਏ ਹਾਲੋਂ ਬੇਹਾਲ ਹੋ ਗਏ ਤਾਂ ਵਜੀਦ ਖਾਂ ਨੇ ਕਪੂਰੇ ਅੱਗੇ ਪਾਣੀ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗਾ- ਇਸ ਜੰਗਲ ਵਿੱਚ ਤਾਂ ਤੀਹ-ਤੀਹ ਕੋਹ 'ਤੇ ਕਿਤੇ ਵੀ ਪਾਣੀ ਨਹੀਂ।

(ਬਾਕੀ ਸ.ਫ਼ਾ 31 'ਤੇ)

# ਮੁਕਤਸਰ ਦਾ ਮਾਘੀ ਮੇਲਾ



ਸਿੱਖ ਧਰਮ ਵਿੱਚ ਗੁਰੂ-ਸਿੱਖ ਦੇ ਅਟੁੱਟ ਅਤੇ ਸਮਰਪਿਤ ਰਿਸ਼ਤੇ ਨੂੰ ਬਿਆਨਦੀ ਗਾਥਾ ਦਾ ਪ੍ਰਤੀਕ ਹੈ ਸ੍ਰੀ ਮੁਕਤਸਰ ਸਾਹਿਬ, ਜਿਸ ਦਾ ਪੁਰਾਤਨ ਨਾਮ ਖਿਦਰਾਣੇ ਦੀ ਢਾਬ ਸੀ। ਇਤਿਹਾਸ ਅਨੁਸਾਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੁਗ਼ਲ ਫ਼ੌਜਾਂ ਦੀ ਲੰਮੇ ਸਮੇਂ ਦੀ ਘੇਰਾਬੰਦੀ ਕਾਰਨ ਬੇਹੱਦ ਤਕਲੀਫ਼ਾਂ ਤੋਂ ਘਬਰਾ ਕੇ 'ਬੇਦਾਵਾ' ਲਿਖਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਕੇ ਗਏ ਚਾਲੀ ਸਿੰਘਾਂ ਨੇ ਸੋਝੀ ਆਉਣ ਉਪਰੰਤ 'ਗੁਰੂ ਤੋਂ ਬੇਮੁਖ ਹੋਣ ਦਾ ਦਾਗ' ਸ੍ਰੀ ਮੁਕਤਸਰ ਸਾਹਿਬ ਵਿਖੇ ਗੁਰੂ ਸਾਹਿਬ ਦਾ ਸਾਥ ਦਿੰਦਿਆਂ ਸ਼ਹੀਦੀਆਂ ਪ੍ਰਾਪਤ ਕਰਕੇ ਧੋਤਾ। ਇਸ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਗ਼ਲਾਂ ਨਾਲ ਆਖ਼ਰੀ ਤੇ ਨਿਰਣਾਇਕ ਜੰਗ ਹੋਈ। ਦਸਮ ਗੁਰੂ ਨੇ ਖਿਦਰਾਣੇ ਦੀ ਜੰਗ ਵਿੱਚ ਸ਼ਹੀਦ ਹੋਏ 40 ਸਿੰਘਾਂ ਨੂੰ ਮੁਕਤਿਆਂ ਦਾ ਅਤੇ ਖਿਦਰਾਣੇ ਦੀ ਢਾਬ ਨੂੰ ਮੁਕਤੀਸਰ ਦਾ ਵਰ ਦਿੱਤਾ। ਇਸ ਕਰਕੇ ਹਰ ਵਰ੍ਹੇ 14 ਜਨਵਰੀ ਨੂੰ ਮੁਕਤਸਰ ਵਿਖੇ ਮਾਘੀ ਦਾ ਮੇਲਾ ਲੱਗਦਾ ਹੈ ਅਤੇ ਲੋਕ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ।

ਇਸ ਮੁਕੱਦਸ ਟਿਕਾਣੇ 'ਤੇ ਜੰਗ, ਸ਼ਹੀਦੀ ਅਤੇ ਮੁਕਤੀਸਰ ਦੇ ਵਰ ਨਾਲ ਸਬੰਧਿਤ ਕਈ ਗੁਰਦੁਆਰੇ ਹਨ ਜਿੱਥੇ ਮਾਘੀ ਦੇ ਮੇਲੇ ਮੌਕੇ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਨਤਮਸਤਕ ਹੁੰਦੀਆਂ ਹਨ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਵੀ ਨਮਸਕਾਰ ਕਰਦਿਆਂ ਖ਼ੁਦ ਵੀ ਜਨਮਾਂ ਦੇ ਜੰਜਾਲ ਤੋਂ ਮੁਕਤੀ ਦੀ ਕਾਮਨਾ ਕਰਦੀਆਂ ਹਨ।



**ਗੁਰਦੁਆਰਾ ਤੰਬੂ ਸਾਹਿਬ**

ਜੰਗ ਦੌਰਾਨ ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਫ਼ੌਜਾਂ ਨੇ ਕਰੀਰਾਂ, ਮਲ੍ਹੇ ਤੇ ਝਾੜੀਆਂ ਆਦਿ ਜੰਗਲੀ ਦਰੱਖ਼ਤਾਂ ਉਪਰ ਆਪਣੀਆਂ ਚਾਦਰਾਂ ਅਤੇ ਹੋਰ ਬਸਤਰ ਪਾ ਕੇ ਫ਼ੌਜੀ ਤੰਬੂ ਲੱਗੇ ਹੋਣ ਦਾ ਭੁਲੇਖਾ ਪਾਇਆ ਸੀ ਤਾਂ ਕਿ ਦੁਸ਼ਮਣ ਦੀ ਫ਼ੌਜ ਇਨ੍ਹਾਂ ਤੰਬੂਆਂ ਤੋਂ ਖ਼ਾਲਸਾ ਫ਼ੌਜ ਦੀ ਗਿਣਤੀ ਵੱਡੀ ਹੋਣ ਦੇ ਭੁਲੇਖੇ ਵਿੱਚ ਰਹੇ ਕਿਉਂਕਿ ਅਸਲ ਵਿੱਚ ਉਸ ਸਮੇਂ ਗੁਰੂ ਸਾਹਿਬ ਨਾਲ ਫ਼ੌਜ ਬਹੁਤ ਥੋੜ੍ਹੀ ਗਿਣਤੀ ਵਿੱਚ ਸੀ। ਇਹ ਗੁਰੂ ਸਾਹਿਬ ਦੇ ਜੰਗੀ ਹੁਨਰ ਦਾ ਕਮਾਲ ਸੀ ਕਿ ਥੋੜ੍ਹੀ ਫ਼ੌਜ ਦੇ ਹੁੰਦੇ ਹੋਏ ਵੀ ਦੁਸ਼ਮਣ ਦੇ ਹੌਸਲੇ ਪਸਤ ਕਰਨ ਲਈ ਇਹ ਤਰੀਕਾ ਅਪਣਾਇਆ।

**ਗੁਰਦੁਆਰਾ ਸ਼ਹੀਦ ਗੰਜ ਸਾਹਿਬ**

ਜੰਗ ਦੌਰਾਨ ਸ਼ਹੀਦ ਹੋਏ ਸਿੰਘਾਂ ਦਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਹੱਥੀਂ ਜਿਸ ਜਗ੍ਹਾ 'ਤੇ ਸਸਕਾਰ ਕੀਤਾ ਗਿਆ ਉੱਥੇ ਇਹ ਗੁਰਦੁਆਰਾ ਸੁਸ਼ੋਭਤ ਹੈ। ਇਸ ਅਸਥਾਨ 'ਤੇ 12 ਫ਼ਰਵਰੀ (21 ਵਿਸਾਖ) ਤੋਂ 3 ਮਈ ਤੱਕ ਚਾਲੀ ਮੁਕਤਿਆਂ ਦੀ ਯਾਦ ਵਿੱਚ ਅਖੰਡ ਪਾਠਾਂ ਦੀ ਲੜੀ ਸ਼ੁਰੂ ਕਰਕੇ ਭੋਗ ਪਾਏ ਜਾਂਦੇ ਹਨ।

**ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ**

ਇਸ ਅਸਥਾਨ 'ਤੇ ਗੁਰੂ ਜੀ ਨੇ ਬੇਦਾਵਾ ਪਾੜਿਆ ਅਤੇ ਆਪਣੇ ਤੋਂ ਬੇਮੁਖ ਹੋਏ ਸਿੰਘਾਂ ਨੂੰ ਆਪਣੇ ਲੜ ਲਾਇਆ। ਇਸ ਪੁਰਾਤਨ ਗੁਰਦੁਆਰੇ ਦਾ ਕਾਫ਼ੀ ਹਿੱਸਾ 1984 ਦੇ ਮੰਦਭਾਗੇ ਸਮੇਂ ਨੁਕਸਾਨਿਆ ਗਿਆ ਸੀ ਜਿਸ ਕਰਕੇ ਇਸ ਦੀ ਦੁਬਾਰਾ ਉਸਾਰੀ ਕੀਤੀ ਗਈ। ਗੁਰਦੁਆਰੇ ਦੇ ਬਿਲਕੁਲ ਸਾਹਮਣੇ ਵਿਸ਼ਾਲ ਸਰੋਵਰ ਹੈ। ਸਰੋਵਰ ਦੇ ਚਾਰੇ ਪਾਸੇ ਪਰਿਕਰਮਾ ਵਿੱਚ ਸ਼ਾਨਦਾਰ ਵਰਾਂਡਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਸਰਾਂ ਅਤੇ ਭਾਈ ਮਹਾਂ ਸਿੰਘ ਦੀਵਾਨ ਹਾਲ ਦੀ ਸ਼ਾਨਦਾਰ ਇਮਾਰਤ ਬਣੀ ਹੋਈ ਹੈ।



**ਗੁਰਦੁਆਰਾ ਮਾਈ ਭਾਗੋ**

ਸਿੱਖ ਇਤਿਹਾਸ ਵਿੱਚ ਮਾਈ ਭਾਗੋ ਨੂੰ ਬਹੁਤ ਹੀ ਸਨਮਾਨ ਯੋਗ ਸਥਾਨ ਹਾਸਲ ਹੈ। ਉਨ੍ਹਾਂ ਦਾ ਜ਼ਿਕਰ ਸਿੱਖ ਪੰਥ ਦੀਆਂ ਸਿਰਮੌਰ ਇਸਤਰੀ ਸ਼ਖ਼ਸੀਅਤਾਂ ਵਿਚ ਸ਼ੁਮਾਰ ਹੁੰਦਾ ਹੈ। ਮਾਈ ਭਾਗੋ ਦੀ ਪ੍ਰੇਰਨਾ ਅਤੇ ਅਗਵਾਈ ਸਦਕਾ ਹੀ ਸਾਥ ਛੱਡ ਗਏ ਸਿੰਘਾਂ ਨੇ ਇਸ ਅਸਥਾਨ 'ਤੇ ਯੁੱਧ ਕੀਤਾ ਅਤੇ ਸ਼ਹੀਦੀ ਪ੍ਰਾਪਤ ਕੀਤੀ ਸੀ। ਮਾਈ ਭਾਗੋ ਦੀ ਯਾਦ ਵਿੱਚ ਗੁਰਦੁਆਰਾ ਤੰਬੂ ਸਾਹਿਬ ਦੇ ਬਿਲਕੁਲ ਨਾਲ ਇਹ ਗੁਰਦੁਆਰਾ ਤਾਮੀਰ ਕੀਤਾ ਗਿਆ।

**ਗੁਰਦੁਆਰਾ ਟਿੱਬੀ ਸਾਹਿਬ**


ਜੰਗੀ ਨੁਕਤਾ-ਏ-ਨਜ਼ਰ ਦੇ ਮੱਦੇਨਜ਼ਰ ਗੁਰੂ ਸਾਹਿਬ ਨੇ ਇੱਕ ਉੱਚੀ ਟਿੱਬੀ 'ਤੇ ਮੋਰਚਾ ਲਾਇਆ ਹੋਇਆ ਸੀ ਜਿੱਥੋਂ ਉਹ ਫ਼ੌਜ ਦੀ ਕਮਾਨ ਵੀ ਸੰਭਾਲਦੇ ਸਨ ਅਤੇ ਆਪਣੇ ਤੀਰਾਂ ਦੀ ਵਰਖਾ ਨਾਲ ਦੁਸ਼ਮਣਾਂ ਦੀਆਂ ਭਾਜੜਾਂ ਵੀ ਪਾ ਰਹੇ ਸਨ। ਇਹ ਗੁਰਦੁਆਰਾ ਸ਼ਹਿਰ ਦੀ ਪੱਛਮੀ ਬਾਹੀ 'ਤੇ ਸਥਿਤ ਹੈ।

**ਗੁਰਦੁਆਰਾ ਦਾਤਣਸਰ**

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਾਏ ਗਏ ਸਿੱਖੀ ਅਸੂਲਾਂ ਵਿੱਚ ਸਰੀਰ ਦੀ ਨਿਯਮਬੱਧ ਸਫ਼ਾਈ ਰੱਖਣਾ ਵੀ ਸ਼ਾਮਲ ਹੈ। ਗੁਰੂ ਜੀ ਨੇ ਲੜਾਈ ਦੇ ਕਠਿਨ ਸਮੇਂ ਵਿੱਚ ਵੀ ਆਪਣਾ ਨਿਤਨੇਮ ਨਹੀਂ ਛੱਡਿਆ। ਖਿਦਰਾਣੇ ਦੀ ਜੰਗ ਦੌਰਾਨ ਆਪਣੇ ਨਿਤਨੇਮ ਅਨੁਸਾਰ ਗੁਰੂ ਜੀ ਸਵੇਰੇ ਸੁਵਖਤੇ ਉੱਠ ਕੇ ਦਾਤਣ ਕੁਰਲਾ ਕਰਦੇ ਸਨ। ਇਸ ਅਸਥਾਨ 'ਤੇ ਗੁਰਦੁਆਰਾ ਦਾਤਣਸਰ ਸਥਾਪਤ ਹੈ।

**ਗੁਰਦੁਆਰਾ ਰਕਾਬਸਰ ਸਾਹਿਬ**

ਜੰਗ ਦੌਰਾਨ ਗੁਰੂ ਜੀ ਦੇ ਘੋੜੇ ਦੀ ਇੱਕ ਰਕਾਬ ਟੁੱਟ ਗਈ ਜਿਸ ਨੂੰ ਇਸ ਅਸਥਾਨ 'ਤੇ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਗੁਰਦੁਆਰੇ ਵਿਖੇ ਸਰੋਵਰ ਵੀ ਸਥਿਤ ਹੈ।



ਬਘੇਲ ਸਿੰਘ ਧਾਲੀਵਾਲ
99142-58142

## ਇਤਿਹਾਸਕ ਸ਼ਹਿਰ ਮੁਕਤਸਰ, ਖਿਦਰਾਣੇ ਦੀ ਢਾਬ ਤੇ ਮੇਲਾ ਮਾਘੀ

ਬੀਤੇ ਸਮੇਂ ਦੌਰਾਨ ਮੁਕਤਸਰ ਤੋਂ ਸ੍ਰੀ ਮੁਕਤਸਰ ਸਾਹਿਬ ਬਣੇ ਇਸ ਇਤਿਹਾਸਕ ਸ਼ਹਿਰ ਦਾ ਪਹਿਲਾ ਨਾਂ ਖਿਦਰਾਣਾ ਸੀ ਅਤੇ ਇਸ ਜਗ੍ਹਾ 'ਤੇ ਖਿਦਰਾਣੇ ਦੀ ਢਾਬ ਸੀ। ਇਹ ਇਲਾਕਾ ਜੰਗਲੀ ਹੋਣ ਕਰਕੇ ਇਥੇ ਅਕਸਰ ਪਾਣੀ ਦੀ ਘਾਟ ਰਹਿੰਦੀ ਸੀ। ਪਾਣੀ ਦੀ ਧਰਤੀ ਹੇਠਲੀ ਸਤਹ ਬਹੁਤ ਜ਼ਿਆਦਾ ਨੀਵੀਂ ਹੋਣ ਕਰਕੇ ਜੇਕਰ ਕੋਈ ਯਤਨ ਕਰਕੇ ਖੂਹ ਆਦਿ ਲਾਉਣ ਦਾ ਉਪਰਾਲਾ ਵੀ ਕਰਦਾ ਤਾਂ ਥੱਲਿਓਂ ਪਾਣੀ ਹੀ ਇੰਨਾ ਖਾਰਾ ਨਿਕਲਦਾ ਕਿ ਉਹ ਪੀਣ ਯੋਗ ਨਾ ਹੁੰਦਾ। ਇਸ ਲਈ ਇਥੇ ਇੱਕ ਢਾਬ ਖੋਦਾਈ ਗਈ, ਜਿਸ ਵਿੱਚ ਬਰਸਾਤ ਦਾ ਪਾਣੀ ਜਮ੍ਹਾ ਕੀਤਾ ਜਾਂਦਾ ਸੀ ਅਤੇ ਇਸ ਢਾਬ ਦਾ ਮਾਲਕ ਖਿਦਰਾਣਾ ਸੀ, ਜੋ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਜਲਾਲਾਬਾਦ ਦਾ ਵਸਨੀਕ ਸੀ। ਇਸ ਜਗ੍ਹਾ 'ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਹਕੂਮਤ ਵਿਰੁੱਧ ਆਪਣੀ ਅੰਤਿਮ ਜੰਗ ਲੜੀ, ਜਿਸ ਨੂੰ 'ਖਿਦਰਾਣੇ ਦੀ ਜੰਗ' ਕਿਹਾ ਜਾਂਦਾ ਹੈ।

ਜਦੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1705 ਈ. ਵਿੱਚ ਧਰਮ ਯੁੱਧ ਕਰਦੇ ਹੋਏ ਸ੍ਰੀ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਆਪ ਨੇ ਦੁਸ਼ਮਣਾਂ ਦੀਆਂ ਫੌਜਾਂ ਨਾਲ ਜੰਗ ਕਰਦਿਆਂ ਵੱਖ-ਵੱਖ ਥਾਵਾਂ ਵਿੱਚ ਦੀ ਹੁੰਦੇ ਹੋਏ ਮਾਲਵੇ ਦੀ ਧਰਤੀ ਵੱਲ ਰੁਖ਼ ਕੀਤਾ। ਕੋਟਕਪੂਰੇ ਪਹੁੰਚ ਕੇ ਗੁਰੂ ਜੀ ਨੇ ਚੌਧਰੀ ਕਪੂਰੇ ਪਾਸੋਂ ਕਿਲ੍ਹੇ ਦੀ ਮੰਗ ਕੀਤੀ ਪਰ ਮੁਗਲ ਹਕੂਮਤ ਦੇ ਡਰੋਂ ਚੌਧਰੀ ਕਪੂਰੇ ਨੇ ਕਿਲ੍ਹਾ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਜੀ ਨੇ ਸਿੱਖ ਸਿਪਾਹੀਆਂ ਸਮੇਤ ਖਿਦਰਾਣੇ ਵੱਲ ਚਾਲੇ ਪਾਏ ਅਤੇ ਖਿਦਰਾਣੇ ਦੀ ਢਾਬ ਉੱਤੇ ਜਾ ਪਹੁੰਚੇ।

ਗੁਰੂ ਜੀ ਖਿਦਰਾਣੇ ਅਜੇ ਪਹੁੰਚੇ ਹੀ ਸਨ ਕਿ ਦੁਸ਼ਮਣ ਦੀਆਂ ਫੌਜਾਂ ਸਰਹਿੰਦ ਦੇ ਸੂਬੇਦਾਰ ਦੀ ਕਮਾਨ ਹੇਠ ਇਥੇ ਪਹੁੰਚ ਗਈਆਂ। ਗੁਰੂ ਜੀ ਅਤੇ ਉਨ੍ਹਾਂ ਦੇ 40 ਮਹਾਨ ਸਿੱਖ ਯੋਧਿਆਂ, ਜੋ ਕਿ ਕਦੇ ਬੇਦਾਵਾ ਦੇ ਗਏ ਸਨ, ਨੇ ਵੀ ਗੁਰੂ ਜੀ ਨਾਲ ਮਿਲ ਕੇ ਖਿਦਰਾਣੇ ਦੀ ਢਾਬ 'ਤੇ ਮੋਰਚੇ ਕਾਇਮ ਕਰ ਲਏ। ਖਿਦਰਾਣੇ ਦੀ ਢਾਬ ਇਸ ਸਮੇਂ ਸੁੱਕੀ ਪਈ ਸੀ। ਇਸ ਦੇ ਇਰਦ-ਗਿਰਦ ਝਾੜ ਉੱਗੇ ਹੋਏ ਸਨ। ਸਿੰਘਾਂ ਨੇ ਝਾੜਾਂ ਦਾ ਆਸਰਾ ਲਿਆ ਅਤੇ ਮੁਗਲ ਸਿਪਾਹੀਆਂ ਦੀ ਆਉਂਦੀ ਫ਼ੌਜ ਉਤੇ ਇਕਦਮ ਬਾਜ਼ਾਂ ਵਾਂਗ ਝਪਟ ਪਏ। ਇਹ ਲੜਾਈ 21 ਵਿਸਾਖ ਸੰਮਤ 1762 ਬਿਕ੍ਰਮੀ ਨੂੰ ਹੋਈ। ਲੜਾਈ ਦੌਰਾਨ ਸਿੱਖ ਫ਼ੌਜਾਂ ਦੀ ਬਹਾਦਰੀ ਵੇਖ ਮੁਗਲ ਫ਼ੌਜਾਂ ਜੰਗ ਦੇ ਮੈਦਾਨ ਵਿਚੋਂ ਭੱਜ ਗਈਆਂ।

ਇਸ ਜੰਗ ਵਿੱਚ ਮੁਗਲ ਫੌਜ ਦੇ ਬਹੁਤ ਸਾਰੇ ਸਿਪਾਹੀ ਮਾਰੇ ਗਏ ਅਤੇ ਗੁਰੂ ਜੀ ਦੇ ਵੀ ਕਈ ਸਿੰਘ ਸ਼ਹੀਦ ਹੋ ਗਏ। ਇਸੇ ਜਗ੍ਹਾ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਹਾਂ ਸਿੰਘ, ਜੋ ਆਪਣੇ ਸਾਥੀਆਂ ਸਮੇਤ ਆਨੰਦਪੁਰ ਵਿਖੇ ਬੇਦਾਵਾ ਦੇ ਆਏ ਸਨ, ਉਸ ਬੇਦਾਵੇ ਨੂੰ ਪਾੜ ਕੇ ਬੇਦਾਵੀਏ ਸਿੰਘਾਂ ਨੂੰ ਮੁਕਤ ਕੀਤਾ ਅਤੇ ਭਾਈ ਮਹਾਂ ਸਿੰਘ ਨੂੰ ਆਪਣੀ ਗੋਦ 'ਚ ਲੈ ਕੇ ਬੇਦਾਵਾ ਪਾੜ ਦਿੱਤਾ। ਭਾਈ ਮਹਾਂ ਸਿੰਘ ਜੀ ਨੇ ਇਸੇ ਜਗ੍ਹਾ 'ਤੇ ਸ਼ਹੀਦੀ ਪ੍ਰਾਪਤ ਕੀਤੀ। ਇਸ ਜੰਗ ਵਿੱਚ ਮਾਈ ਭਾਗੋ ਨੇ ਵੀ ਜੌਹਰ ਵਿਖਾਏ ਅਤੇ ਜ਼ਖ਼ਮੀ ਹੋਏ, ਜਿਨ੍ਹਾਂ ਦੀ ਮੱਲ੍ਹਮ ਪੱਟੀ ਗੁਰੂ ਜੀ ਨੇ ਆਪਣੇ ਹੱਥੀਂ ਕੀਤੀ ਅਤੇ ਤੰਦਰੁਸਤ ਹੋਣ ਉਪਰੰਤ ਖ਼ਾਲਸਾ ਦਲ ਵਿੱਚ ਸ਼ਾਮਿਲ ਕਰ ਲਿਆ।



ਦਸਮ ਗੁਰੂ ਨੇ ਖਿਦਰਾਣੇ ਦੀ ਜੰਗ ਵਿੱਚ ਸ਼ਹੀਦ ਹੋਏ 40 ਸਿੰਘਾਂ ਨੂੰ ਮੁਕਤਿਆਂ ਦਾ ਅਤੇ ਖਿਦਰਾਣੇ ਦੀ ਢਾਬ ਨੂੰ ਮੁਕਤੀਸਰ ਦਾ ਵਰ ਦਿੱਤਾ। ਇਸ ਕਰਕੇ ਹਰ ਵਰ੍ਹੇ 14 ਜਨਵਰੀ ਨੂੰ ਮੁਕਤਸਰ ਵਿਖੇ ਮਾਘੀ ਦਾ ਮੇਲਾ ਲੱਗਦਾ ਹੈ ਅਤੇ ਲੋਕ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ।

ਇਸ ਮੁਕੱਦਸ ਟਿਕਾਣੇ 'ਤੇ ਜੰਗ, ਸ਼ਹੀਦੀ ਅਤੇ ਮੁਕਤੀਸਰ ਦੇ ਵਰ ਨਾਲ ਸਬੰਧਿਤ ਕਈ ਗੁਰਦੁਆਰੇ ਹਨ ਜਿੱਥੇ ਮਾਘੀ ਦੇ ਮੇਲੇ ਮੌਕੇ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਨਤਮਸਤਕ ਹੁੰਦੀਆਂ ਹਨ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਵੀ ਨਮਸਕਾਰ ਕਰਦਿਆਂ ਖ਼ੁਦ ਵੀ ਜਨਮਾਂ ਦੇ ਜੰਜਾਲ ਤੋਂ ਮੁਕਤੀ ਦੀ ਕਾਮਨਾ ਕਰਦੀਆਂ ਹਨ।

**ਗੁਰਦੁਆਰਾ ਤੰਬੂ ਸਾਹਿਬ:** ਜੰਗ ਦੌਰਾਨ ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਫ਼ੌਜਾਂ ਨੇ ਕਰੀਰਾਂ, ਮਲ੍ਹੇ ਤੇ ਝਾੜੀਆਂ ਆਦਿ ਜੰਗਲੀ ਦਰੱਖਤਾਂ ਉਪਰ ਆਪਣੀਆਂ ਚਾਦਰਾਂ ਅਤੇ ਹੋਰ ਬਸਤਰ ਪਾ ਕੇ ਫ਼ੌਜੀ ਤੰਬੂ ਲੱਗੇ ਹੋਣ ਦਾ ਭੁਲੇਖਾ ਪਾਇਆ ਸੀ ਤਾਂ ਕਿ ਦੁਸ਼ਮਣ ਦੀ ਫ਼ੌਜ ਇਨ੍ਹਾਂ ਤੰਬੂਆਂ ਤੋਂ ਖ਼ਾਲਸਾ ਫ਼ੌਜ ਦੀ ਗਿਣਤੀ ਵੱਡੀ ਹੋਣ ਦੇ ਭੁਲੇਖੇ ਵਿਚ ਰਹੇ ਕਿਉਂਕਿ ਅਸਲ ਵਿੱਚ ਉਸ ਸਮੇਂ ਗੁਰੂ ਸਾਹਿਬ ਨਾਲ ਫ਼ੌਜ ਬਹੁਤ ਥੋੜ੍ਹੀ ਗਿਣਤੀ ਵਿੱਚ ਸੀ। ਇਹ ਗੁਰੂ ਸਾਹਿਬ ਦੇ ਜੰਗੀ ਹੁਨਰ ਦਾ ਕਮਾਲ ਸੀ ਕਿ ਥੋੜ੍ਹੀ ਫ਼ੌਜ ਦੇ ਹੁੰਦੇ ਹੋਏ ਵੀ ਦੁਸ਼ਮਣ ਦੇ ਹੌਸਲੇ ਪਸਤ ਕਰਨ ਲਈ ਇਹ ਤਰੀਕਾ ਅਪਣਾਇਆ।

**ਗੁਰਦੁਆਰਾ ਸ਼ਹੀਦ ਗੰਜ ਸਾਹਿਬ:** ਜੰਗ ਦੌਰਾਨ ਸ਼ਹੀਦ ਹੋਏ ਸਿੰਘਾਂ ਦਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਹੱਥੀਂ ਜਿਸ ਜਗ੍ਹਾ 'ਤੇ ਸਸਕਾਰ ਕੀਤਾ ਗਿਆ ਉੱਥੇ ਇਹ ਗੁਰਦੁਆਰਾ ਸੁਸ਼ੋਭਤ ਹੈ। ਇਸ ਅਸਥਾਨ 'ਤੇ 12 ਫ਼ਰਵਰੀ (21 ਵਿਸਾਖ) ਤੋਂ 3 ਮਈ ਤੱਕ ਚਾਲੀ ਮੁਕਤਿਆਂ ਦੀ ਯਾਦ ਵਿੱਚ ਅਖੰਡ ਪਾਠਾਂ ਦੀ ਲੜੀ ਸ਼ੁਰੂ ਕਰਕੇ ਭੋਗ ਪਾਏ ਜਾਂਦੇ ਹਨ। ਵਰਣਨਯੋਗ ਹੈ ਕਿ ਖਿਦਰਾਣੇ ਦੀ ਢਾਬ 'ਤੇ ਇਸ ਜਗ੍ਹਾ ਗਰਮੀ ਦੇ ਮੌਸਮ ਵਿੱਚ ਜੰਗ ਲੜੀ ਗਈ ਸੀ, ਪਰ ਇਸ ਨਾਲ ਸਬੰਧਿਤ ਉਤਸਵ ਮਾਘੀ ਮਹੀਨੇ ਮਨਾਇਆ ਜਾਂਦਾ ਹੈ। ਕਿਉਂਕਿ ਪੁਰਾਣੇ ਸਮਿਆਂ ਵਿੱਚ ਪਾਣੀ ਦੀ ਘਾਟ ਅਤੇ ਰੇਤਲਾ ਇਲਾਕਾ ਹੋਣ ਕਰਕੇ ਯਾਤਰੀਆਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਸੀ।

**ਗੁਰਦੁਆਰਾ ਸ੍ਰੀ ਟੁੱਟੀ ਗੰਢੀ ਸਾਹਿਬ:** ਇਸ ਅਸਥਾਨ 'ਤੇ ਗੁਰੂ ਜੀ ਨੇ ਬੇਦਾਵਾ ਪਾੜਿਆ ਅਤੇ ਆਪਣੇ ਤੋਂ ਬੇਮੁਖ ਹੋਏ ਸਿੰਘਾਂ ਨੂੰ ਆਪਣੇ ਲੜ ਲਾਇਆ। ਇਸ ਪੁਰਾਤਨ ਗੁਰਦੁਆਰੇ ਦਾ ਕਾਫ਼ੀ ਹਿੱਸਾ 1984 ਦੇ ਮੰਦਭਾਗੇ ਸਮੇਂ ਨੁਕਸਾਨਿਆ ਗਿਆ ਸੀ ਜਿਸ ਕਰਕੇ ਇਸ ਦੀ ਦੁਬਾਰਾ ਉਸਾਰੀ ਕੀਤੀ ਗਈ। ਗੁਰਦੁਆਰੇ ਦੇ ਬਿਲਕੁਲ ਸਾਹਮਣੇ ਵਿਸ਼ਾਲ ਸਰੋਵਰ ਹੈ। ਸਰੋਵਰ ਦੇ ਚਾਰੇ ਪਾਸੇ ਪਰਿਕਰਮਾ ਵਿੱਚ ਸ਼ਾਨਦਾਰ ਵਰਾਂਡਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਸਰਾਂ ਅਤੇ ਭਾਈ ਮਹਾਂ ਸਿੰਘ ਦੀਵਾਨ ਹਾਲ ਦੀ ਸ਼ਾਨਦਾਰ ਇਮਾਰਤ ਬਣੀ ਹੋਈ ਹੈ।

**ਗੁਰਦੁਆਰਾ ਮਾਈ ਭਾਗੋ:** ਸਿੱਖ ਇਤਿਹਾਸ ਵਿੱਚ ਮਾਈ ਭਾਗੋ ਨੂੰ ਬਹੁਤ ਹੀ ਸਨਮਾਨ ਯੋਗ ਸਥਾਨ ਹਾਸਲ ਹੈ। ਉਨ੍ਹਾਂ ਦਾ ਜ਼ਿਕਰ ਸਿੱਖ ਪੰਥ ਦੀਆਂ ਸਿਰਮੌਰ ਇਸਤਰੀ ਸ਼ਖ਼ਸੀਅਤਾਂ ਵਿੱਚ ਸ਼ੁਮਾਰ ਹੁੰਦਾ ਹੈ। ਮਾਈ ਭਾਗੋ ਦੀ ਪ੍ਰੇਰਨਾ ਅਤੇ ਅਗਵਾਈ ਸਦਕਾ ਹੀ ਸਾਥ ਛੱਡ ਗਏ ਸਿੰਘਾਂ ਨੇ ਇਸ ਅਸਥਾਨ 'ਤੇ ਯੁੱਧ ਕੀਤਾ ਅਤੇ ਸ਼ਹੀਦੀ ਪ੍ਰਾਪਤ ਕੀਤੀ ਸੀ। ਮਾਈ ਭਾਗੋ ਦੀ ਯਾਦ ਵਿੱਚ ਗੁਰਦੁਆਰਾ ਤੰਬੂ ਸਾਹਿਬ ਦੇ ਬਿਲਕੁਲ ਨਾਲ ਇਹ ਗੁਰਦੁਆਰਾ ਤਾਮੀਰ ਕੀਤਾ ਗਿਆ।

**ਗੁਰਦੁਆਰਾ ਟਿੱਬੀ ਸਾਹਿਬ:** ਜੰਗੀ ਨੁਕਤਾ-ਏ-ਨਜ਼ਰ ਦੇ ਮੱਦੇਨਜ਼ਰ ਗੁਰੂ ਸਾਹਿਬ ਨੇ ਇਕ ਉੱਚੀ ਟਿੱਬੀ 'ਤੇ ਮੋਰਚਾ ਲਾਇਆ ਹੋਇਆ ਸੀ ਜਿੱਥੋਂ ਉਹ ਫ਼ੌਜ ਦੀ ਕਮਾਨ ਵੀ ਸੰਭਾਲਦੇ ਸਨ ਅਤੇ ਆਪਣੇ ਤੀਰਾਂ ਦੀ ਵਰਖਾ ਨਾਲ ਦੁਸ਼ਮਣਾਂ ਦੀਆਂ ਭਾਜੜਾਂ ਵੀ ਪਾ ਰਹੇ ਸਨ। ਇਹ ਗੁਰਦੁਆਰਾ ਸ਼ਹਿਰ ਦੀ ਪੱਛਮੀ ਬਾਹੀ 'ਤੇ ਸਥਿਤ ਹੈ।

**ਗੁਰਦੁਆਰਾ ਦਾਤਣਸਰ:** ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਣਾਏ ਗਏ ਸਿੱਖੀ

(ਬਾਕੀ ਸਫ਼ਾ 31 'ਤੇ)

# ਮਾਘੀ ਨਹਾਵਣ ਮੈਂ ਚੱਲੀ ਜੋ ਤੀਰਥ ਕਰ ਸਮਿਆਨ

ਹਰਮਨਪ੍ਰੀਤ ਸਿੰਘ

ਸਾਡੇ ਪੰਜਾਬੀਆਂ ਦੇ ਦਿਨ, ਮਹੀਨੇ, ਤਿੱਥ, ਤਿਉਹਾਰ, ਅਖਾਣ, ਕਹਾਵਤਾਂ, ਟੱਪੇ, ਬੋਲੀਆਂ ਤੇ ਲੋਕ ਗੀਤ ਸਭ ਆਪਸ 'ਚ ਜੁੜੇ ਹੋਏ ਨੇ, ਸਾਡੇ ਕਈਂ ਸੂਫ਼ੀ-ਸੰਤ-ਫ਼ਕੀਰਾਂ ਨੇ ਤਿੱਥ ਅਤੇ ਤਿਉਹਾਰਾਂ ਤੋਂ ਇਲਾਵਾ ਸਾਲ 'ਚ ਆਉਂਦੇ ਦੇਸੀ ਮਹੀਨਿਆਂ 'ਤੇ ਵੀ ਬਹੁਤ ਕੁਝ ਫ਼ਰਮਾਇਆ ਹੈ। ਉਨ੍ਹਾਂ ਦੀਆ ਲਿਖੀਆਂ ਤੇ ਕਹੀਆਂ ਗੱਲਾਂ 'ਚ ਇੱਕ ਅਲੱਗ ਹੀ ਕਿਸਮ ਦਾ ਨਿੱਘ ਅੱਜ ਵੀ ਮਿਲਦਾ ਹੈ, ਰੁੱਤਾਂ, ਬਹਾਰਾਂ, ਮੌਸਮ ਤੇ ਤਿਉਹਾਰਾਂ ਦੇ ਆਪਸੀ ਸੰਬੰਧ ਉਨ੍ਹਾਂ ਬੜੀ ਸੂਝ-ਬੂਝ ਨਾਲ ਆਪਣੇ ਢੰਗ ਨਾਲ ਸਮਝਾਇਆ ਹੈ। ਜਿਵੇਂ ਮਾਘ ਦੇ ਮਹੀਨੇ 'ਚ ਪੈ ਰਹੇ ਪਾਲੇ ਦਾ ਜਿਕਰ ਕਰਦੇ ਹੋਏ ਸਾਡੇ ਬਜ਼ੁਰਗ ਬਹੁਤ ਵਧੀਆ ਅਖਾਣ ਰੂਪ 'ਚ ਜਿਕਰ ਕਰਦੇ ਹਨ ਕਿ :

ਪਾਲਾ ਪੋਹ ਦਾ ਨਾ ਮਾਘ ਦਾ, ਪਾਲਾ ਵਾਓ ਦਾ !

ਮਾਘ ਮਹੀਨੇ 'ਚ ਪਾਲਾ ਘਟਣ ਦੇ ਆਸਾਰ ਬਣਦੇ ਹਨ, ਕਿਉਂ ਕਿ ਮਾਘ ਮਹੀਨੇ ਸੂਰਜ ਦੀ ਹਾਜ਼ਰੀ ਥੋੜੀ ਵਧਣ ਕਾਰਣ ਕੋਸੀ-ਕੋਸੀ ਧੁੱਪ ਦਾ ਅਨੰਦ ਮਾਣਦਿਆਂ ਚੌਗਿਰਦਾ ਖਿਲ ਉੱਠਦਾ ਹੈ, ਪ੍ਰੰਤੂ ਜੇ ਕਿਤੇ ਮਾਘ ਮਹੀਨੇ ਮੀਂਹ ਪੈ ਜਾਵੇ ਤੇ ਨਾਲ ਹੀ ਹਵਾ ਚੱਲ ਪਵੇ ਤਾਂ ਇਹ ਮਾਘ ਮਹੀਨਾ ਵੀ ਭਰ ਸਿਆਲ ਦਾ ਮਹੀਨਾ ਹੋ ਨਿੱਬੜਦਾ ਹੈ । ਮਾਘ ਦੇ ਮਹੀਨੇ ਇਹ ਜਾਂਦੀ-ਜਾਂਦੀ ਸਿਆਲ ਰੁੱਤ ਮਨੁੱਖੀ ਮਨ 'ਚ ਮਿਲਾਪ ਦੀ ਤਾਂਘ ਪੈਦਾ ਕਰਦੀ ਜਾਪਦੀ ਹੈ, ਇਹ ਮਿਲਾਪ ਦੀ ਤਾਂਘ ਦੁਨੀਆਵੀਂ ਵੀ ਹੋ ਸਕਦੀ ਹੈ ਤੇ ਰੂਹਾਨੀ ਵੀ, ਇਹ ਮਨੁੱਖੀ ਮਨ ਦੀ ਅਵਸਥਾ ਤੇ ਨਿਰਭਰ ਕਰਦਾ ਹੈ। ਬਾਰਾਂਮਾਹ 'ਚ ਹਿਦਾਇਤਉਲਾ ਜੀ ਫ਼ਰਮਾਉਂਦੇ ਹਨ ਕਿ:

ਮਾਘ ਮਹੀਨਾ ਮਾਹੀ ਬਾਝੋਂ ਜੋ ਕੁਛ ਮੈਂ ਸੰਗ ਬੀਤੀ ਜੇ ।
ਸ਼ਾਲਾ ਦੁਸ਼ਮਨ ਨਾਲ ਨ ਹੋਵੇ ਜੇਹੀ ਵਿਛੋੜੇ ਕੀਤੀ ਜੇ ।
ਕੋਹਲੂ ਵਾਂਗਰ ਜਾਨ ਤਤੀ ਦੀ ਪੀੜ ਇਸ਼ਕ ਨੇ ਲੀਤੀ ਜੇ ।
ਜਾਣੇ ਓਹ ਏਹ ਗੱਲ ਹਿਦਾਯਤ ਜ਼ਹਿਰ ਇਸ਼ਕ ਜਿਨਿ ਪੀਤੀ ਜੇ ॥੧੧॥

ਇਹ ਮਾਘ ਮਾਹ ਦੇਸੀ ਮਹੀਨੇ ਦਾ ਗਿਆਰਵਾਂ ਮਹੀਨਾ ਬਣਦਾ ਹੈ ਅਤੇ ਅੰਗਰੇਜ਼ੀ ਮਹੀਨੇ ਅਨੁਸਾਰ ਮਾਘ ਮਾਹ ਅੱਧ ਜਨਵਰੀ ਤੋਂ ਸ਼ੁਰੂ ਹੋ ਅੱਧ ਫ਼ਰਵਰੀ ਤੱਕ ਦਾ ਹੁੰਦਾ ਹੈ। ਮਾਘ ਮਾਹ ਤੋਂ ਪਹਿਲਾਂ ਆਏ ਪੋਹ ਮਾਹ ਦੀ ਆਖਰੀ ਰਾਤ ਨੂੰ ਬਣਾਈ ਖਿਚੜੀ ,ਖੀਰ ਆਦਿ ਮਾਘ ਮਾਹ ਚੜ੍ਹਦਿਆਂ ਲੋਕ ਸੁਭਾ ਸੁੱਚੇ ਮੂੰਹ ਖਾਂਦੇ ਤੇ ਇਸ ਨੂੰ ਇਓ ਬਿਆਨਦੇ: ਪੋਹ ਰਿੱਧੀ ਮਾਘ ਖਾਧੀ!

ਮਾਘ ਮਾਹ ਦੀ ਪਹਿਲੀ ਤਾਰੀਖ ਮਾਘ ਦੀ ਸੰਗਰਾਂਦ ਅਖਵਾਉਂਦੀ ਹੈ ਤੇ ਇਸੇ ਦਿਨ ਸਿੱਖਾਂ ਦਾ ਤਿਉਹਾਰ ਮਾਘੀ ਹੁੰਦਾ ਹੈ ਜੋ ਕਿ ਪੰਜਾਬ ਦੀ ਧਰਤੀ ਮੁਕਤਸਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਤਿਹਾਸਕ ਪੱਖ ਤੋਂ ਇੱਥੇ ਮਾਘ ਦੇ ਪਹਿਲੇ ਦਿਨ 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਜੋੜ ਮੇਲ ਲੱਗਦਾ ਹੈ ਜਿੱਥੇ ਲੱਖਾਂ ਸ਼ਰਧਾਲੂ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹਨ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ 'ਤੇ ਸ਼ਹੀਦੀ ਜਾਮ ਪੀਣ ਵਾਲੇ ਇਹ ਸ਼ਹੀਦ (ਮੁਕਤੇ) ਉਹੀ ਸਿੰਘ ਸਨ ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਮੁਕਾਬਲਾ ਕਰ ਰਹੇ ਹੁੰਦੇ ਹਨ ਤਾਂ ਮੁਗਲਾਂ ਅਤੇ



ਪਹਾੜੀ ਰਾਜਿਆਂ ਦੀਆਂ ਫ਼ੌਜਾਂ ਕਿਲ੍ਹੇ ਦੀ ਘੇਰਾਬੰਦੀ ਕਰ ਲੈਂਦੀਆਂ ਹਨ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵੱਲੋਂ ਕੀਤੀ ਕਿਲ੍ਹੇ ਦੀ ਇਹ ਘੇਰਾਬੰਦੀ ਕਈ ਮਹੀਨੇ ਜਾਰੀ ਰਹਿੰਦੀ ਹੈ ਤਾਂ ਉਸ ਸਮੇਂ ਮਾਝੇ ਦੇ ਸਿੰਘਾਂ ਨੇ ਗੁਰੂ ਜੀ ਨੂੰ ਛੱਡ ਘਰ ਵਾਪਸੀ ਦਾ ਮਨ ਬਣਾ, ਗੁਰੂ ਸਾਹਿਬ ਨੂੰ ਬੇਦਾਵਾ ਲਿਖਕੇ ਘਰਾਂ ਨੂੰ ਵਾਪਸ ਚਲੇ ਜਾਂਦੇ ਹਨ ਪ੍ਰੰਤੂ ਘਰ ਗਿਆਂ ਨੂੰ ਜਦੋਂ ਮਾਈ ਭਾਗੋ ਅਤੇ ਹੋਰਨਾਂ ਨੇ ਲਾਹਨਤਾਂ ਪਾਉਂਦੇ ਹੋਏ ਚੂੜੀਆਂ ਪਾ ਲੈਣ ਦਾ ਮਿਹਣਾ ਦਿੱਤਾ ਤਾਂ ਇਹ ਸਿੰਘ ਗੁਰੂ ਸਾਹਿਬ ਤੋਂ ਮੁਆਫ਼ੀ ਮੰਗ ਕੇ ਭੁੱਲ ਬਖਸ਼ਾਉਣ ਲਈ ਤਿਆਰ ਹੋ ਗਏ। ਦੂਜੇ ਪਾਸੇ ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ, ਆਲਮਗੀਰ, ਰਾਏਕੋਟ, ਦੀਨਾ ਹੁੰਦੇ ਹੋਏ ਜਦੋਂ ਕੋਟਕਪੂਰੇ ਪੁੱਜੇ ਇੱਥੇ ਵੀ ਮੁਗਲ ਫ਼ੌਜ ਗੁਰੂ ਜੀ ਦਾ ਪਿੱਛਾ ਕਰ ਪਹੁੰਚ ਗਈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਨੇ ਦੀ ਢਾਬ ਤੋਂ ਥੋੜ੍ਹਾ ਜਿਹਾ ਅੱਗੇ ਜਾ ਬੈਠੇ ਤਾਂ ਜੋ ਉੱਚੀ ਟੀਸੀ 'ਤੇ ਬੈਠ ਕੇ ਯੋਜਨਾਬੱਧ ਢੰਗ ਨਾਲ ਮੁਗਲ ਫ਼ੌਜਾਂ ਦਾ ਮੁਕਾਬਲਾ ਕੀਤਾ ਜਾ ਸਕੇ। ਮੁਕਤਸਰ ਦਾ ਪੁਰਾਣਾ ਨਾਮ ਖਿਦਰਾਣਾ ਹੁੰਦਾ ਸੀ। ਇੱਥੇ ਹੀ ਜਿਨ੍ਹਾਂ ਸਿੰਘਾ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਬੇਦਾਵਾ ਲਿਖਕੇ ਘਰਾਂ ਨੂੰ ਵਾਪਿਸ ਗਏ ਸਨ, ਮਾਝੇ ਦੇ ਉਹ ਚਾਲੀ ਸਿੰਘਾਂ ਦਾ ਜੱਥਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ 'ਤੇ ਆ ਪਹੁੰਚਿਆ ਤੇ ਮੁਗਲ ਫ਼ੌਜਾਂ ਵਿਰੁੱਧ ਮੋਰਚਾ ਸੰਭਾਲ ਲਿਆ। ਮਾਈ ਭਾਗੋ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫ਼ੌਜ 'ਤੇ ਹੱਲਾ ਬੋਲ ਦਿੱਤਾ। ਖਿਦਰਾਣੇ ਦੀ ਢਾਬ ਤੋਂ ਗੁਰੂ ਸਾਹਿਬ ਨੇ ਇਹਨਾਂ ਸਿੰਘਾਂ ਨੂੰ ਵੀਰਤਾ ਨਾਲ ਲੜਦਿਆ ਵੇਖਿਆ ਤੇ ਮੁਗਲ ਸੈਨਿਕ ਇਨ੍ਹਾਂ ਸਿੰਘਾ ਅੱਗੇ ਟਿਕ ਨਾ ਸਕੇ ਤੇ ਮੁਗਲ ਸੈਨਿਕ ਮੈਦਾਨ ਛੱਡ ਕੇ ਭੱਜ ਗਏ। ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਨੂੰ ਮਿਲੇ ਤਾਂ ਭਾਈ ਮਹਾਂ ਸਿੰਘ ਨੇ ਅਨੰਦਪੁਰ ਦੀ ਧਰਤੀ 'ਤੇ ਲਿਖਕੇ ਦਿੱਤਾ ਬੇਦਾਵਾ ਪਾੜ ਦੇਣ ਦੀ ਬੇਨਤੀ ਗੁਰੂ ਸਾਹਿਬ ਨੂੰ ਕੀਤੀ ਤਾਂ ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਦਾ ਸਿਰ ਆਪਣੀ ਗੋਦ ਵਿੱਚ ਰੱਖ ਬੇਦਾਵਾ ਪਾੜ ਦਿੱਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਚਾਲੀ ਸਿੰਘਾਂ ਨੂੰ ਬੇਦਾਵੇ ਤੋਂ ਮੁਕਤ ਕਰਕੇ ਟੁੱਟੀ ਸਿੱਖੀ ਨੂੰ ਮੁੜ ਗੰਢਣ ਦਾ ਵਚਨ ਦਿੱਤਾ। ਗੁਰੂ ਸਾਹਿਬ ਨੇ ਆਪਣੇ ਹੱਥੀਂ ਇਹਨਾਂ ਸਿੰਘਾਂ ਦਾ ਦਾਹ-ਸੰਸਕਾਰ ਕੀਤਾ ਅਤੇ ਇਸ ਥਾਂ ਦਾ ਨਾਮ ਮੁਕਤਸਰ ਰੱਖਿਆ। ਹੁਣ ਇਸ ਅਸਥਾਨ 'ਤੇ ਸਰੋਵਰ ਅਤੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸਥਿਤ ਹੈ। ਬੇਦਾਵੀਏ ਸਿੰਘਾਂ ਦੀ ਗੁਰੂ ਸਾਹਿਬ ਹੱਥੋਂ ਮੁਕਤੀ ਹੋਣ ਦੀ ਗੱਲ ਇਤਿਹਾਸ ਦੇ ਪੰਨਿਆਂ 'ਤੇ ਇਉਂ ਦਰਜ ਹੈ:

ਖਿਦਰਾਣਾ ਕਰ ਮੁਕਤਸਰ, ਮੁਕਤ ਮੁਕਤ ਸਭ ਕੀਨ।
ਹੋਇ ਸਾਬਤ ਜੂਝੈ ਜਬੈ, ਬਡੋ ਮਰਤਬੋ ਲੀਨ।

ਜਿੱਥੇ ਪੋਹ ਮਾਹ ਦੇ ਆਖਰੀ ਦਿਨ ਲੋਹੜੀ ਹੁੰਦੀ ਹੈ, ਉੱਥੇ ਮਾਘ ਮਾਹ ਦੇ ਪਹਿਲੇ ਦਿਨ ਮਾਘੀ ਮਨਾਈ ਜਾਂਦੀ ਹੈ। ਮਾਘ ਮਾਹ ਦੇ ਇਸ ਪਹਿਲੇ ਦਿਨ ਨੂੰ ਪੰਜਾਬ ਦੇ ਨਾਲ - ਨਾਲ ਭਾਰਤ ਦੇਸ਼ ਦੇ ਕਈ ਸੂਬਿਆਂ 'ਚ ਵੀ ਮਨਾਇਆ ਜਾਦਾਂ ਹੈ ਜਿਵੇਂ : ਤਾਮਿਲਨਾਡੂ 'ਚ ਇਸਨੂੰ ਪੋਂਗਲ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸੇ ਤਰਾਂ ਕਰਨਾਟਕ, ਕੇਰਲ ਤੇ ਆਂਧਰਾ ਪ੍ਰਦੇਸ਼ 'ਚ ਇਸ ਨੂੰ ਸੰਕਰਾਂਤੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਅਤੇ ਗੋਆ, ਓਡੀਸ਼ਾ, ਹਰਿਆਣਾ, ਬਿਹਾਰ, ਝਾਰਖੰਡ, ਆਂਧਰਾ ਪ੍ਰਦੇਸ਼, ਤੇਲੰਗਾਨਾ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਅਤੇ ਜੰਮੂ ਆਦਿ ਰਾਜਾਂ ਵਿੱਚ ਇਸ ਨੂੰ ਮਕਰ ਸੰਕਰਾਂਤੀ ਕਿਹਾ ਜਾਂਦਾ ਹੈ। ਇਲਾਹਾਬਾਦ ਵਿੱਚ ਗੰਗਾ, ਯਮੁਨਾ ਤੇ ਸਰਸਵਤੀ ਦੇ ਸੰਗਮ 'ਤੇ ਹਰੇਕ ਸਾਲ ਇੱਕ ਮਹੀਨੇ ਤੱਕ ਮਾਘ ਮੇਲਾ ਲੱਗਦਾ ਹੈ, ਜਿਸ ਨੂੰ ਮਾਘ ਮੇਲੇ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ । ਸਮੁੱਚੇ ਉੱਤਰ ਪ੍ਰਦੇਸ਼ ਵਿੱਚ ਇਸ ਤਿਉਹਾਰ ਨੂੰ ਖਿਚੜੀ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਇਸ ਦਿਨ ਖਿਚੜੀ ਖਾਣ ਅਤੇ ਖਿਚੜੀ ਦਾਨ ਕਰਨ ਦਾ ਵਧੇਰੇ ਮਹੱਤਵ ਹੁੰਦਾ ਹੈ । ਇਸ ਦਿਨ ਉੜਦ, ਚੌਲ, ਤਿਲ, ਚਿਵੜੇ, ਸਵਰਨ, ਊਨੀ ਵਸਤਾਂ, ਕੰਬਲ ਆਦਿ ਦਾਨ ਕਰਨ ਦੀ ਪਰੰਪਰਾ ਹੈ । ਮਹਾਰਾਸ਼ਟਰ ਵਿੱਚ ਇਸ ਦਿਨ ਸਾਰੀਆਂ ਨਵੀਆਂ ਵਿਆਹੀਆਂ ਔਰਤਾਂ ਆਪਣੀ ਪਹਿਲੀ ਸੰਕ੍ਰਾਂਤੀ 'ਤੇ ਕਪਾਹ, ਤੇਲ ਤੇ ਨਮਕ ਆਦਿ ਚੀਜ਼ਾਂ ਦੂਜੀਆਂ ਸੁਹਾਗਣ ਔਰਤਾਂ ਨੂੰ ਦਾਨ ਕਰਦੀਆਂ ਹਨ । ਮਾਘੀ ਵਾਲੇ ਦਿਨ ਸਿਰਫ਼ ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ 'ਚ ਹੀ ਲੋਕ ਪਵਿੱਤਰ ਸਰੋਵਰਾਂ, ਝਰਨਿਆਂ, ਨਦੀਆਂ, ਨਹਿਰਾਂ, ਦਰਿਆਵਾਂ, ਝੀਲਾਂ ਵਿੱਚ ਇਸ਼ਨਾਨ ਕਰ ਕੇ ਮਾਘੀ ਮਨਾਉਂਦੇ ਹਨ ਤੇ ਬਾਰਾਂਮਾਹ 'ਚ ਬਾਬਾ ਬੁੱਲ੍ਹੇ ਸ਼ਾਹ ਜੀ ਦੋਹਰਾ ਲਿਖਦੇ ਹਨ:

ਮਾਘੀ ਨਹਾਵਣ ਮੈਂ ਚੱਲੀ ਜੋ ਤੀਰਥ ਕਰ ਸਮਿਆਨ ।
ਗੱਜ ਗੱਜ ਬਰਸੇ ਮੇਘਲਾ ਮੈਂ ਰੋ ਰੋ ਕਰਾਂ ਇਸ਼ਨਾਨ ।

ਮਾਘ ਮਹੀਨੇ ਗਏ ਉਲਾਂਘ, ਨਵੀਂ ਮੁਹਬਤ ਬਹੁਤੀ ਤਾਂਘ,
ਇਸ਼ਕ ਮੁਅੱਜ਼ਨ ਦਿੱਤੀ ਬਾਂਗ, ਪੜ੍ਹਾਂ ਨਮਾਜ਼ ਪੀਆ ਦੀ
ਤਾਂਘ, ਦੁਆਈਂ ਕੀ ਕਰਾਂ ।

ਆਖਾਂ ਪਿਆਰੇ ਮੈਂ ਵੱਲ ਆ, ਤੇਰੇ ਮੁੱਖ ਵੇਖਣ ਦਾ ਚਾਅ,
ਭਾਵੇਂ ਹੋਰ ਤੱਤੀ ਨੂੰ ਤਾਅ, ਬੁੱਲ੍ਹਾ ਸ਼ੌਹ ਨੂੰ ਆਣ ਮਿਲਾ,
ਤੇਰੀ ਹੋ ਰਹਾਂ ।੫।








ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ



ਸਿੱਖ ਧਰਮ ਇੱਕ ਮੁਕੰਮਲ ਅਤੇ ਨਿਵੇਕਲਾ ਧਰਮ ਹੈ। ਜਿਸ ਦੀ ਬੁਨਿਆਦ ਸਤਿ 'ਤੇ ਰੱਖੀ ਗਈ ਹੈ। ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮੇਂ ਦੇ ਪ੍ਰਚਲਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇੱਕ ਅਜਿਹੇ ਧਰਮ ਦੀ ਲੋੜ ਹੈ ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸ ਨੂੰ ਅਮਲੀ ਰੂਪ ਦੇਣ ਲਈ ਇੱਕ ਅਜਿਹਾ ਧਰਮ ਮੰਦਰ ਤੇ ਧਾਰਮਿਕ ਕੇਂਦਰ ਸਥਾਪਿਤ ਹੋਣ ਚਾਹੀਦਾ ਹੈ, ਜਿਥੇ ਅੱਠੇ ਪਹਿਰ ਹੀ ਪਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ। ਜਿੱਥੇ ਰੱਬੀ ਬਾਣੀ ਦੇ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ, ਜੋ ਸੰਸਾਰ ਵਿੱਚ ਅਮਨ ਸ਼ਾਂਤੀ ਦਾ ਸੰਦੇਸ਼ ਦੇਵੇ।


ਸਿੱਖ ਗੁਰੂਆਂ ਵੱਲੋਂ ਧਰਮ ਪ੍ਰਚਾਰ ਅਤੇ ਨਿਰਮਾਣ ਦੇ ਕਾਰਜਾਂ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅਖੀਰੀ ਉਮਰ ਵਿੱਚ ਧਰਮ ਪ੍ਰਚਾਰ ਨੂੰ ਅਮਲੀ ਰੂਪ ਕਰਤਾਰਪੁਰ ਵਿੱਚ ਰਹਿ ਕੇ ਦਿੱਤਾ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਧਰਮ ਪ੍ਰਚਾਰ ਖ਼ਡੂਰ ਸਾਹਿਬ ਵਿਖੇ ਰਹਿ ਕੇ ਕੀਤਾ। ਗੁਰੂ ਅਮਰਦਾਸ ਸਾਹਿਬ ਜੀ ਨੇ ਬਾਉਲੀ ਸਾਹਿਬ ਦੀ ਰਚਨਾ ਕਰਕੇ ਗੋਇੰਦਵਾਲ ਧਰਮ ਪ੍ਰਚਾਰ ਦਾ ਕੇਂਦਰ ਬਣਾਇਆ। ਫ਼ਿਰ ਇੱਕ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਦਾ ਉਪਦੇਸ਼ ਗੁਰੂ ਅਮਰਦਾਸ ਜੀ ਵੱਲੋਂ ਗੁਰੂ ਰਾਮਦਾਸ ਜੀ ਨੂੰ ਹੋਇਆ। ਫ਼ਿਰ ਗੁਰੂ ਰਾਮਦਾਸ ਸਾਹਿਬ ਜੀ ਨੇ ਧਾਰਮਿਕ ਕੇਂਦਰ ਰਚਨ ਦਾ ਸੰਦੇਸ਼ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਦਿੱਤਾ, ਗੁਰੂ ਰਾਮਦਾਸ ਸਾਹਿਬ ਜੀ ਸਤੰਬਰ 1/1581 ਨੂੰ ਜੋਤੀ ਜੋਤਿ ਸਮਾ ਗਏ।

ਗੁਰੂ ਨਾਨਕ ਦੇਵ ਸਾਹਿਬ ਜੀ ਦਾ ਅਨੁਭਵ ਸੀ ਕਿ ਕਿਸੇ ਧਰਮ ਦੀ ਉੱਨਤੀ ਲਈ ਸੰਸਾਰ ਵਿੱਚ ਪ੍ਰਚਾਰ ਕਰਨ ਦੇ ਦੋ ਮੁੱਖ ਸਾਧਨ ਹਨ। ਪਹਿਲਾ ਉਸ ਧਰਮ ਦਾ ਇੱਕ ਅਨੂਠਾ ਅਤੇ ਵਿਲੱਖਣ ਧਾਰਮਿਕ ਕੇਂਦਰ ਹੋਣਾ ਚਾਹੀਦਾ ਹੈ। ਦੂਜਾ ਉਸ ਕੋਲ ਰੱਬੀ ਬਾਣੀ ਦਾ ਇੱਕ ਰੂਹਾਨੀ ਭੰਡਾਰ ਹੋਵੇ, ਜਿਸ ਦਾ ਮਨੋਹਰ ਕੀਰਤਨ ਤਪਦੇ ਸੰਸਾਰ ਵਿੱਚ ਸ਼ਾਂਤੀ ਪ੍ਰਦਾਨ ਕਰ ਸਕੇ। ਸੰਸਾਰ ਦਾ ਉਧਾਰ ਕਰ ਸਕੇ। ਇਹਨਾਂ ਮਨੋਰਥਾਂ ਦੀ ਪੂਰਤੀ ਲਈ ਗੁਰੂ ਨਾਨਕ ਦੇਵ ਜੀ ਸਾਹਿਬ ਦੇ ਗੁਰੂ ਕਾਲ ਤੋਂ ਹੀ ਯਤਨ ਆਰੰਭ ਹੋ ਗਏ ਸਨ। ਜਿੰਨ੍ਹਾਂ ਨੂੰ ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਹਰਿਮੰਦਰ ਸਾਹਿਬ ਅੰਮ੍ਰਿਤ ਸਰੋਵਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਨੂੰ ਨੇਪਰੇ ਚਾੜਿਆ।

ਅੰਮ੍ਰਿਤਸਰ ਸਿਫ਼ਤੀ ਦੇ ਘਰ ਸੱਚ ਮੁੱਚ ਹੀ ਇੱਕ ਅਜਿਹਾ ਧਾਰਮਿਕ ਕੇਂਦਰ ਹੈ, ਜਿਸ ਦੀ ਸ਼ੋਭਾ ਸੰਸਾਰ ਭਰ ਵਿੱਚ ਹੈ। ਇਹ ਆਪਣੀ ਕਲਾ ਕ੍ਰਿਤੀ ਬਣਤਰ ਅਤੇ ਹੁਨਰ ਪੱਖੋਂ ਅਦੁੱਤੀ ਹੈ।

ਡਿਠੇ ਸਭੇ ਥਾਵ ਨਹੀਂ ਤੁਧ ਜੇਹਿਆ॥
ਬਧੋਹੁ ਪੁਰਖਿ ਬਿਧਾਤੇ ਤਾ ਤੂੰ ਸੋਹਿਆ॥

ਇਹ ਮਹਾਂਵਾਕ ਇੱਕ ਅਟੱਲ ਸੱਚਾਈ ਪ੍ਰਗਟ ਕਰਦਾ ਹੈ। ਇਸ ਨੂੰ ਉਹੀ ਦਰਸ਼ਕ ਅਨੁਭਵ ਕਰ ਸਕਦੇ ਹਨ, ਜਿਹਨਾਂ ਨੂੰ ਇਸ ਮਹਾਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਤਿਹਾਸ ਦਾ ਕਥਨ ਹੈ ਕਿ ਅੰਮ੍ਰਿਤਸਰ ਦਾ ਪਹਿਲਾ ਨਾਮ ਚੱਕ ਗੁਰੂ ਰਾਮਦਾਸ ਅਤੇ ਸਰੋਵਰ ਦਾ ਨਾਮ ਅਮਰਸਰ ਸੀ। ਜਿਸ ਨੂੰ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਅੰਮ੍ਰਿਤਸਰ ਕਰ ਦਿੱਤਾ। ਇੱਕੋ ਪਹਿਲਾਂ ਇੱਕ ਜਲ ਦਾ ਭੰਡਾਰ (ਢਾਬ) ਮੌਜੂਦ ਸੀ। ਜਿਸਦੇ ਕਿਨਾਰੇ ਬੈਠ ਕੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨਾਲ ਰੱਬੀ ਬਾਣੀ ਦਾ ਕੀਰਤਨ ਕੀਤਾ। ਗੁਰੂ ਸਾਹਿਬ ਜੀ ਸੁਲਤਾਨਪੁਰ ਲੋਧੀ ਤੋਂ ਪਹਿਲੀ ਉਦਾਸੀ ਕਰਕੇ ਏਮਨਾਬਾਦ ਭਾਈ ਲਾਲੋ ਜੀ ਕੋਲੋਂ ਜਾਂਦੇ ਹੋਏ ਇੱਥੇ ਆਣ ਬਿਰਾਜੇ। ਇੱਕ ਅਤਿ ਰਮਣੀਕ ਸਥਾਨ ਵੇਖ ਕੇ ਕੀਰਤਨ ਕੀਤਾ। ਕੀਰਤਨ ਦਾ ਆਨੰਦ ਮਾਨਣ ਲਈ ਸੁਲਤਾਨਵਿੰਡ ਨਗਰ ਦਾ ਚੌਧਰੀ ਤਾਰਾ ਅਤੇ ਸੰਗਤ ਇਕੱਠੀ ਹੋ ਗਈ। ਗੁਰੂ ਸਾਹਿਬ ਜੀ ਨੇ ਚੌਧਰੀ ਤਾਰਾ ਨੂੰ ਕੜਾਹ ਪ੍ਰਸਾਦ (ਤ੍ਰਿਹਾਵਲ) ਤਿਆਰ ਕਰਨ ਦੀ ਵਿਧੀ ਸਮਝਾਈ ਤੇ ਉਹ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਲਿਆਇਆ। ਜੋ ਕੀਰਤਨ ਦੀ ਸਮਾਪਤੀ ਉਪਰੰਤ ਵਰਤਾਇਆ। ਜਿਸ ਵੇਲੇ ਭਾਈ ਮਰਦਾਨਾ ਜੀ ਨੇ ਕੜਾਹ ਪ੍ਰਸਾਦਿ ਛੱਕਿਆ ਤਾਂ ਉਨ੍ਹਾਂ ਪ੍ਰਸੰਨਤਾ ਨਾਲ ਕਿਹਾ ਕਿ ਮਹਾਰਾਜ ਇਹੋ ਜਿਹਾ ਪਵਿੱਤਰ ਆਹਾਰ ਤਾਂ ਹਰ ਰੋਜ ਮਿਲਣਾ ਚਾਹੀਦਾ ਹੈ। ਸਤਿਗੁਰੂ ਜੀ ਨੇ ਕਿਹਾ ਕਿ ਭਾਈ ਮਰਦਾਨਾ ਇੱਥੇ ਸਦਾ ਹੀ ਐਸਾ ਅੰਮ੍ਰਿਤ ਵੰਡੀਦਾ ਰਹੇਗਾ।





ਸਿੱਖ ਧਰਮ ਦੇ ਸਾਂਝੀਵਾਲਤਾ ਦੇ ਮਨੋਰਥ ਤੋਂ ਸਮੇਂ ਦੀਆਂ ਹਕੂਮਤਾਂ ਦੀ ਸਦਾ ਈਰਖ਼ਾ ਰਹੀ। ਮੁਗਲ ਰਾਜ ਵਿੱਚ ਜਦੋਂ ਸਿੱਖ ਕੌਮ ਦੀ ਹਸਤੀ ਮਿਟਾਉਣ ਦੇ ਯਤਨ ਕੀਤੇ ਗਏ। ਸਿੱਖੀ ਜੀਵਨ ਦੇ ਸੋਮੇ ਹਰਿਮੰਦਰ ਸਾਹਿਬ ਦੀਆਂ ਨੀਹਾਂ ਵਿੱਚ ਬਰੂਦ ਭਰ ਕੇ ਉਡਾ ਦਿੱਤਾ ਗਿਆ। ਪਵਿੱਤਰ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਗਿਆ। ਸਿੱਖ ਕੌਮ ਨੇ ਆਪਣੀ ਜਾਨ ਤੋਂ ਪਿਆਰੇ ਰੱਖ ਕੇ ਹਮੇਸ਼ਾ ਉਸਾਰ ਲਿਆ।

ਸਿੱਖ ਗੁਰੂਆਂ ਦੀ ਦੂਰ ਦ੍ਰਿਸ਼ਟੀ ਤੋਂ ਅੰਮ੍ਰਿਤਸਰ ਦੀ ਮਹਾਨਤਾ ਦਾ ਪਤਾ ਲੱਗਦਾ ਹੈ, ਕਿ ਪੰਜਾਬ ਦੀ ਭੂਗੋਲਿਕ ਸਥਿਤੀ ਨੂੰ ਮੁੱਖ ਰੱਖ ਕੇ ਇਸ ਮਹਾਨ ਕੇਂਦਰ ਨੂੰ ਕਾਇਮ ਕਰਨ ਸਮੇਂ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ। ਕਲਕੱਤੇ ਤੋਂ ਪਿਸ਼ਾਵਰ ਨੂੰ ਜਾਣ ਵੇਲੇ ਸੜਕੀ ਮਾਰਗ ਤੋਂ ਪਹਿਲੇ ਸਮਿਆਂ ਵਿੱਚ ਇਸ ਨੂੰ ਥੋੜਾ ਹਟਵਾਂ ਰੱਖਿਆ ਗਿਆ ਸੀ ਪਰ ਏਸ ਵੇਲੇ ਜਰਨੈਲੀ ਸੜਕ (ਜੀ.ਟੀ.) ਦੇ ਐਨ ਉੱਪਰ ਹੈ। ਉਸ ਵੇਲੇ ਵੱਡੀ ਕੱਚੀ ਸੜਕ ਤਰਨਤਾਰਨ ਅਤੇ ਗੋਇੰਦਵਾਲ ਤੋਂ ਹੋ ਕੇ ਲੰਘਦੀ ਸੀ। ਇਥੋਂ ਦੀ ਲੰਘ ਕੇ ਬਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ ਉੱਤੇ ਧਾਵੇ ਬੋਲਦੇ ਸਨ। ਗੁਰੂ ਸਾਹਿਬ ਭਾਰਤ ਦੀ ਰੱਖਿਆ ਕਰਨ ਲਈ ਵੱਡੇ ਮਾਰਗ ਉੱਤੇ ਜਾਂ ਇਸ ਦੇ ਆਸ ਪਾਸ ਅਜਿਹੇ ਧਾਰਮਿਕ ਅਸਥਾਨ ਕਾਇਮ ਕਰਨਾ ਚਾਹੁੰਦੇ ਸਨ, ਜਿਥੋਂ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕੀਤਾ ਜਾ ਸਕੇ। ਭਾਰਤ ਦੇ ਅਮਨ ਅਤੇ ਆਜ਼ਾਦੀ, ਧਾਰਮਿਕ ਸੁਤੰਤਰਤਾ ਕਾਇਮ ਰੱਖੀ ਜਾ ਸਕੇ। ਇਸ ਮਨੋਰਥ ਦੀ ਪੂਰਤੀ ਲਈ ਸਿੱਖ ਗੁਰੂਆਂ ਨੇ ਜਿਤਨੇ ਵੀ ਨਗਰ ਵਸਾਏ, ਉਹ ਵੱਡੇ ਮਾਰਗ ਦੇ ਬਿਲਕੁਲ ਨੇੜੇ ਹਨ, ਜਿਵੇਂ ਤਰਨਤਾਰਨ, ਖ਼ਡੂਰ ਸਾਹਿਬ, ਗੋਇੰਦਵਾਲ ਅਤੇ ਕਰਤਾਰਪੁਰ ਆਦਿ।



ਦੇਸ਼ ਦੀ ਰੱਖਿਆ ਵਿੱਚ ਪੰਜਾਬੀਆਂ ਦੇ ਯੋਗਦਾਨ ਦੀ ਵੱਡੀ ਮਿਸਾਲ ਹੈ ਕਿ ਸਕੰਦਰ ਆਜ਼ਮ ਦੀਆਂ ਫ਼ੌਜਾਂ ਨਾਲ ਪੰਜਾਬੀਆਂ ਦੇ ਹੋਏ ਮੁਕਾਬਲੇ ਅਤੇ ਉਸ ਦੀ ਆ ਫ਼ੌਜਾਂ ਨੂੰ ਦਰਿਆ ਬਿਆਸ ਪਾਰ ਨਾ ਕਰਨ ਦਾ ਹਵਾਲਾ ਮਿਲਦਾ ਹੈ। ਪੰਜਾਬ ਦੀ ਜਥੇਬੰਦ ਸਿੱਖ ਕੌਮ ਨੇ ਅਹਿਮਦ ਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਵਰਗੇ ਵਿਦੇਸ਼ੀ ਹਮਲਾਵਰਾ ਦੇ ਬੜੀ ਬਹਾਦਰੀ ਨਾਲ ਮੂੰਹ ਮੋੜ ਦਿੱਤੇ। ਸਿੱਖ ਯੋਧਿਆਂ ਜਰਨੈਲਾਂ ਵਿੱਚ ਹਰੀ ਸਿੰਘ ਨਲੂਆਂ, ਅਕਾਲੀ ਫ਼ੂਲਾ ਸਿੰਘ, ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਰਗੇ ਬਹਾਦਰ ਪੈਦਾ ਹੋਏ ਹਨ। ਜਿਨ੍ਹਾਂ ਦਾ ਨਾਮ ਲੈ ਕੇ ਪਠਾਣੀਆਂ ਆਪਣੇ ਰੋਂਦਿਆਂ ਬੱਚਿਆਂ ਨੂੰ ' ਚੁੱਪ ਸ਼ਾਹ ਹਰੀਆ ਰਾਂਗਲੇ' ਕਹਿ ਕੇ ਚੁੱਪ ਕਰਾਉਂਦੀਆਂ ਸਨ ਕਿ ਬੱਚਿਆਂ ਚੁੱਪ ਕਰ ਜਾ ਨਹੀਂ ਤਾਂ ਹਰੀਆ ਆ ਜਾਵੇਗਾ। ਇਹ ਸਾਰੀ ਸ਼ਕਤੀ ਗੁਰੂ ਸਾਹਿਬ ਜੀ ਵੱਲੋਂ ਕਾਇਮ ਕੀਤੇ ਗਏ ਅੰਮ੍ਰਿਤਸਰ ਵਰਗੇ ਮਹਾਨ ਰੂਹਾਨੀ ਕੇਂਦਰ ਦੀ ਮਿਲੀ ਪ੍ਰੇਰਨਾ ਸਦਕੇ ਹੋਇਆ ਹੈ। ਸਿੱਖ ਗੁਰੂਆਂ ਦਾ ਮਨੋਰਥ ਦੇਸ਼ ਦੇ ਅਮਨ ਤੇ ਸ਼ਾਂਤੀ ਨੂੰ ਬਹਾਲ ਰੱਖਣਾ ਸੀ। ਇਸੇ ਖ਼ਿਆਲ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਸ਼ਕਤੀ ਦੇ ਕੇ ਸਿੱਖ ਕੌਮ ਨੂੰ ਇੱਕ ਬਹਾਦਰ ਕੌਮ ਬਣਾਇਆ। ਇਸ ਘਟਨਾਕ੍ਰਮ ਦਾ ਮੁੱਢ ਉਦੋਂ ਬੰਨਿਆ ਗਿਆ ਜਦੋਂ ਪੰਜਾਬ ਦੇ ਮੱਧ ਵਿੱਚ ਅੰਮ੍ਰਿਤਸਰ ਦਾ ਮਹਾਨ ਕੇਂਦਰ ਕਾਇਮ ਹੋਇਆ, ਜਿਸ ਦੇ ਅੰਮ੍ਰਿਤ ਸਰੋਵਰ ਵਿੱਚ ਅਜਿਹੀ ਸ਼ਕਤੀ ਹੈ ਕਿ ਉਸਦਾ ਇਸ਼ਨਾਨ ਕਰਕੇ ਬਾਣੀ ਸਰਵਣ ਕਰਕੇ ਮਨ ਨੂੰ ਸ਼ਾਂਤੀ ਮਿਲਦੀ ਹੈ।

ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਮਟਾਲਾ ਤੇ ਸੁਲਤਾਨਵਿੰਡ ਦੇ ਵਿਚਕਾਰ ਜ਼ਮੀਨ ਖਰੀਦ ਕੇ ਚੱਕ ਗੁਰੂ ਰਾਮਦਾਸ ਨਗਰ ਆਬਾਦ ਕੀਤਾ। ਜਿਥੇ ਮਹਾਨ ਧਾਰਮਿਕ ਕੇਂਦਰ ਅੰਮ੍ਰਿਤਸਰ ਮੌਜੂਦ ਹੈ। ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਰਹਿਣ ਲਈ ਸਭ ਤੋਂ ਪਹਿਲੀ ਇਮਾਰਤ ਬਣਾਈ। ਉਥੇ ਗੁਰਦੁਆਰਾ 'ਗੁਰੂ ਕਾ ਮਹੱਲ' ਹੈ। ਇਸ ਅਸਥਾਨ 'ਤੇ ਗੁਰੂ ਅਰਜਨ ਦੇਵ ਸਾਹਿਬ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਰਹਿੰਦੇ ਰਹੇ ਸਨ। ਇੱਥੇ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਇਸ ਗੁਰਦੁਆਰੇ ਦੇ ਨਾਲ ਸਭ ਤੋਂ ਪਹਿਲਾਂ ਬਾਜ਼ਾਰ ਬਣਾਇਆ, ਉਸ ਦਾ ਨਾਮ 'ਗੁਰੂ ਬਜ਼ਾਰ' ਹੈ। ਇਹ ਨਗਰ ਅੰਮ੍ਰਿਤਸਰ ਦੇ ਮੱਧ ਵਿੱਚ ਹੈ। ਇਹ ਵਪਾਰ ਦਾ ਵੱਡਾ ਕੇਂਦਰ ਸੀ। ਸੰਨ 1577 ਵਿੱਚ ਗੁਰੂ ਰਾਮਦਾਸ ਸਾਹਿਬ ਜੀ ਨੇ ਸਰੋਵਰ ਦੀ ਪੁਟਾਈ ਆਰੰਭ ਕੀਤੀ। ਸੰਗਤਾਂ ਵਾਸਤੇ ਗੁਰੂ ਕਾ ਲੰਗਰ ਚਲਦਾ ਸੀ। ਸੰਗਤਾਂ ਬਾਣੀ ਪੜਦਿਆਂ ਸੇਵਾ ਕਰਦੀਆਂ ਸਨ।

ਗੁਰੂ ਰਾਮਦਾਸ ਸਾਹਿਬ ਜੀ ਨੇ ਆਪਣੇ ਸੇਵਕਾਂ ਨੂੰ ਅੰਮ੍ਰਿਤਸਰ ਦੀ ਰੌਣਕ ਵਧਾਉਣ ਲਈ ਸਾਰੇ ਸ਼ਹਿਰਾਂ ਵਿਚੋਂ ਵੱਖ ਵੱਖ ਧੰਦਿਆਂ ਦੇ ਕਾਰੀਗਰਾਂ ਨੂੰ ਲੱਭ ਕੇ ਇਥੇ ਲਿਆ ਕੇ ਵਸਾਓ। ਇਤਿਹਾਸ ਅਨੁਸਾਰ ਇੱਥੇ 52 ਕਿਸਮ ਦੇ ਧੰਦਿਆਂ ਦੇ ਮਾਹਰ ਕਾਰੀਗਰਾਂ ਨੂੰ ਵਸਾਇਆ। ਛੇਤੀ ਹੀ ਇਹ ਸ਼ਹਿਰ ਪੰਜਾਬ ਦੇ ਮੁੱਖ ਸ਼ਹਿਰਾਂ ਵਿੱਚ ਆ ਗਿਆ। ਇਸ ਸ਼ਹਿਰ ਦੀ ਸ਼ੋਭਾ ਭਾਰਤ ਦੇ ਕੋਨੇ ਕੋਨੇ ਅਤੇ ਵਿਦੇਸ਼ ਵਿੱਚ ਫ਼ੈਲ ਗਈ। ਗੁਰੂ ਰਾਮਦਾਸ ਸਾਹਿਬ ਜੀ ਨੇ ਇਸ ਮਹਾਨ ਕੇਂਦਰ ਨੂੰ ਹਰ ਪੱਖ ਤੋਂ ਉੱਨਤ ਕਰਨ ਲਈ ਦਿਨ ਰਾਤ ਇੱਕ ਕਰਕੇ ਕੰਮ ਕੀਤਾ। ਅੰਮ੍ਰਿਤਸਰ ਸਰੋਵਰ ਨੂੰ ਮੁਕੰਮਲ ਅਤੇ ਪੱਕਾ ਕਰਨ ਦੀ ਸੇਵਾ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਸੌਂਪ ਕੇ ਆਪ 1 ਸਤੰਬਰ 1581 ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾ ਗਏ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ 'ਤੇ ਇਹ ਅਨੁਭਵ ਕੀਤਾ ਕਿ ਅੰਮ੍ਰਿਤਸਰ ਦੇ ਸਰੋਵਰ ਦੇ ਵਿਚਕਾਰ ਇੱਕ ਐਸਾ ਸੁੰਦਰ ਹਰਿਮੰਦਰ ਉਸਾਰਿਆ ਜਾਵੇ ਜਿਸਦੀ ਸੁੰਦਰਤਾ ਅਨੁਪਮ ਹੋਵੇ ਅਤੇ ਇਮਾਰਤੀ ਕਲਾ ਦੇ ਪਖੋਂ ਬੇਮਿਸਾਲ ਹੋਵੇ। ਸੰਨ 1577 ਈ. ਵਿੱਚ ਬਣਾਏ ਗਏ ਸਰੋਵਰ 'ਤੇ ਨਗਰ ਉਸਾਰਿਆ। ਇਸਦੀ ਨੀਂਹ 28 ਦਸੰਬਰ 1588 ਈ. ਨੂੰ ਸੂਫ਼ੀ ਸੰਤ ਮੀਆਂ ਮੀਰ ਜੀ ਪਾਸੋਂ ਰਖਵਾਈ। ਜੋ ਸਾਂਝੀਵਾਲਤਾ ਦਾ ਸੰਦੇਸ਼ ਹੈ। ਇਸ ਵਕਤ ਇੱਕ ਵੱਡਾ ਇਕੱਠ ਹੋਇਆ। ਇਸ ਧਾਰਮਿਕ ਸਮਾਗਮ ਵੇਲੇ ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ। ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

ਹਰਿਮੰਦਰ ਸਾਹਿਬ ਜੀ ਦੇ ਚਾਰੋਂ ਦਿਸ਼ਾ ਵੱਲ ਚਾਰ ਦਰਵਾਜੇ ਹਨ। ਭਾਰਤ ਦੀ ਪੁਰਾਣੀ ਸੰਸਕ੍ਰਿਤੀ ਅਨੁਸਾਰ ਚਾਰ ਵਰਨ, ਚਾਰ ਆਸ਼ਰਮ ਮੰਨੇ ਜਾਂਦੇ ਹਨ। ਗੁਰੂ ਸਾਹਿਬ ਜੀ ਨ ਚੋਹਾਂ ਵਰਨਾਂ ਅਤੇ ਚੋਹਾਂ ਆਸ਼ਰਮਾਂ ਦੇ ਲੋਕਾਂ ਲਈ ਹਰ ਦਿਸ਼ਾ ਵੱਲੋਂ ਆਉਣ ਵਾਲੇ ਸ਼ਰਧਾਲੂਆਂ ਨਾਲ ਰੰਗ, ਨਸਲ, ਲਿੰਗ, ਜਾਤਪਾਤ ਮਜ਼ਬ ਦੇ ਆਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਸਿੱਖ ਕੌਮ ਰਾਸ਼ਟਰੀ ਮਹਾਨਤਾ ਰੱਖਣ ਵਾਲੀ ਕੌਮ ਬਣ ਗਈ। ਇਸੇ ਮਨੋਰਥ ਨੂੰ ਮੁੱਖ ਰੱਖ ਕੇ ਇਸ ਮਹਾਨ 'ਹਰਿਮੰਦਰ ਸਾਹਿਬ ਅੰਮ੍ਰਿਤਸਰ' ਦੀ ਸਥਾਪਨਾ ਹੋਈ ਹੈ।

ਸਮੇਂ ਦੀਆਂ ਸਰਕਾਰਾਂ ਨੇ ਸਿੱਖ ਕੌਮ ਦੀ ਬਹਾਦਰੀ ਅਤੇ ਗੁਰਧਾਮਾਂ ਦੀ ਪ੍ਰੇਣਾ ਸ਼ਕਤੀ 'ਤੇ ਈਰਖਾ ਕੀਤੀ ਹੈ। ਗੁਰਦੁਆਰਿਆਂ ਦੀ ਮਰਿਆਦਾ ਨੂੰ ਬਹਾਲ ਕਰਨ ਲਈ ਸਿੱਖ ਕੌਮ ਨੂੰ ਕਈ ਘਲੂਘਾਰਿਆਂ ਵਿੱਚ ਅਣਮਨੁੱਖੀ ਤਸ਼ਦਦ ਝੱਲਣੇ ਪਏ। ਸਿੰਘਾਂ ਨੇ ਹਮੇਸ਼ਾ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ। ਹਮੇਸ਼ਾ ਅਸਾਵੀਆਂ ਜੰਗਾਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 ਵਿੱਚ ਗੁਰਦੁਆਰਾ ਕਾਨੂੰਨ ਬਣਨ ਤੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿੱਚ ਭਾਰਤੀ ਫ਼ੌਜ ਨੇ ਸਾਕਾ ਨੀਲਾ ਤਾਰਾ ਹੇਠ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕੀਤਾ। ਇਸ ਦੀ ਦਿੱਖ ਤੇ ਅਕਾਲ ਤਖ਼ਤ ਸਾਹਿਬ ਦਾ ਨੁਕਸਾਨ ਕੀਤਾ। ਹਜ਼ਾਰਾ ਸ਼ਰਧਾਲੂ ਸ਼ਹੀਦ ਹੋਏ। ਸਿੱਖ ਸਾਹਿਤ ਇਤਿਹਾਸ ਦਾ ਵੱਡਮੁੱਲਾ ਖਜ਼ਾਨਾ ਖੁਰਦ ਬੁਰਦ ਹੋਇਆ। ਸਿੱਖ ਕੌਮ ਨੇ ਨੁਕਸਾਨੇ ਸਥਾਨ ਨੂੰ ਫ਼ਿਰ ਉਸਾਰ ਲਿਆ। ਵੈਰੀਆਂ ਦੀਆਂ ਲੱਖਾਂ ਕੋਝੀਆਂ ਹਰਕਤਾਂ ਅਤੇ ਫ਼ਰੇਬੀ ਚਾਲਾਂ ਨੇ ਸਿੰਘਾਂ ਨਾਲ ਟੱਕਰ ਲਈ ਹੈ, ਪਰ ਸਿੱਖੀ ਦੇ ਗੁਰਧਾਮ ਵਸਦੇ ਰਹੇ।

॥ ਝੂਲਤੇ ਨਿਸ਼ਾਨ ਰਹੇਂ ਗੁਰੂ ਮਹਾਰਾਜ ਕੇ ॥

ਨਿੱਤ ਮੁਹਿੰਮਾਂ ਨੂੰ ਝਲਦੇ ਸਿੱਖ ਆਪਣੇ ਧਰਮ ਦੀ ਨਿਸ਼ਠਾ ਨਾਲ ਸਦਾ ਚੜ੍ਹਦੀਕਲਾ ਵਿੱਚ ਰਹੇ। ਦੇਸ਼ਾਂ ਵਿਦੇਸ਼ਾਂ ਵਿੱਚ ਗੁਰਦੁਆਰਾ ਸਥਾਪਤ ਕਰਕੇ, ਸਿੱਖ ਧਰਮ ਦੀ ਉੱਨਤੀ ਵਿੱਚ ਯੋਗਦਾਨ ਪਾ ਰਹੇ ਹਨ। ਸਿੱਖਾਂ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿੱਚ ਆਪਣੀ ਪਛਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਸਾਦਾ ਜੀਵਨ ਅਤੇ ਉਚ ਆਚਰਣ ਵਾਲੀ ਜੀਵਨ ਸ਼ੈਲੀ ਦੀ ਜਾਚ ਸਿਖਾਉਂਦਾ ਹੈ। ਗੁਰਦੁਆਰਾ ਅਤੇ ਗੁਰਬਾਣੀ ਨਾਲ ਜੁੜ ਕੇ ਜੀਵਨ ਸੋਝੀ ਮਿਲਦੀ ਹੈ।




# ਮਾਪਿਆਂ ਲਈ ਬੱਚਿਆਂ ਨਾਲ ਗੱਲ ਕਰਨ ਦੇ ਦਸ ਮਹੱਤਵਪੂਰਣ ਤਰੀਕੇ

ਹਰਕੀਰਤ ਕੌਰ
ਮੋਬਾ. 9779118066

ਜਦੋਂ ਪਰਿਵਾਰ ਵਿੱਚ ਇੱਕ ਨਵਾਂ ਬੱਚਾ ਪੈਦਾ ਹੁੰਦਾ ਹੈ, ਤਾਂ ਜਿੱਥੇ ਘਰ ਪਰਿਵਾਰ ਵਿੱਚ ਖ਼ੁਸ਼ੀਆਂ ਦਾ ਮਾਹੌਲ ਸਿਰਜਦਾ ਹੈ ਉੱਥੇ ਹੀ ਮਾਪਿਆਂ ਉੱਪਰ ਇੱਕ ਬਹੁਤ ਵੱਡੀ ਜਿੰਮੇਵਾਰੀ ਵੀ ਪੈਂਦੀ ਹੈ। ਕੋਈ ਵੀ ਇਨਸਾਨ ਦੁਨੀਆਂ ਵਿੱਚ ਚੰਗੇ ਜਾਂ ਮਾੜੇ ਕੰਮ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਉਸਦਾ ਸਿਹਰਾ ਉਸ ਇਨਸਾਨ ਦੀ ਪਰਵਰਿਸ਼ ਨੂੰ ਹੀ ਜਾਂਦਾ ਹੈ।

ਬਹੁਤਾਤ ਮਾਪਿਆਂ ਲਈ ਪਰਵਰਿਸ਼ ਦੇ ਅਰਥ ਸਿਰਫ਼ ਬੱਚਿਆਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਕਰਨ ਤੱਕ ਸੀਮਤ ਹੁੰਦੇ ਹਨ , ਜਦਕਿ ਪਰਵਰਿਸ਼ ਦਾ ਖੇਤਰ ਬਹੁਤ ਵਿਸ਼ਾਲ ਹੈ। ਬੱਚਿਆਂ ਨਾਲ ਬੈਠ ਸਮਾਂ ਬਿਤਾਉਣਾ, ਉਹਨਾਂ ਨੂੰ ਸੁਣਨਾ, ਸਮਝਣਾ, ਉਹਨਾਂ ਦੀ ਮਾਨਸਿਕ ਪਰੇਸ਼ਾਨੀਆਂ ਨੂੰ ਜਾਨਣਾ, ਉਹਨਾਂ ਨੂੰ ਨੈਤਿਕ ਗੁਣਾਂ ਦੇ ਧਾਰਣੀ ਬਣਾਉਣਾ ਆਦਿ ਸਭ ਪਰਵਰਿਸ਼ ਦੇ ਅਹਿਮ ਹਿੱਸੇ ਹਨ।

ਮੌਜੂਦਾ ਸਮੇਂ ਵਿੱਚ ਮਾਤਾ ਪਿਤਾ ਦੋਵੇ ਕੰਮਕਾਜ਼ੀ ਹੋਣ ਕਾਰਨ ਉਹਨਾਂ ਕੋਲ ਬੱਚਿਆਂ ਨਾਲ ਗੱਲ ਕਰਨ ਦਾ ਸਮਾਂ ਬਹੁਤ ਘੱਟ ਹੈ, ਮਾਪੇ ਜੇਕਰ ਸਮਾਂ ਕੱਢਦੇ ਵੀ ਹਨ ਤਾਂ ਬੱਚਿਆਂ ਨਾਲ ਗੱਲ ਕਰਨ ਦੇ ਸਹੀ ਤਰੀਕਿਆਂ ਦੀ ਵਰਤੋਂ ਨਹੀਂ ਕਰਦੇ। ਭਾਰਤੀ ਸਮਾਜ ਵਿੱਚ ਮਾਪਿਆਂ ਅਤੇ ਬੱਚਿਆਂ ਵਿੱਚ ਸੰਚਾਰ ਦਾ ਇੱਕ ਬਹੁਤ ਵੱਡਾ ਪਾੜਾ ਰਿਹਾ ਹੈ, ਬੱਚੇ ਮਾਪਿਆਂ ਦੇ ਭੈਅ, ਡਰ ਦੇ ਕਾਰਣ ਕਦੇ ਵੀ ਉਹਨਾਂ ਨੂੰ ਆਪਣੇ ਦੋਸਤ ਨਹੀਂ ਬਣਾ ਪਾਉਂਦੇ। ਜਿਸ ਕਾਰਨ ਮਾਪੇ ਬੱਚੇ ਦੀਆਂ ਭਾਵਨਾਵਾਂ, ਗੱਲਾਂ, ਵਿਚਾਰਾਂ ਨੂੰ ਜਾਨਣ ਵਿੱਚ ਅਸਫ਼ਲ ਰਹਿੰਦੇ ਹਨ ਅਤੇ ਬੱਚੇ



ਇਕੱਲਤਾ, ਮਾਨਸਿਕ ਪਰੇਸ਼ਾਨੀਆਂ ਨਾਲ ਜੂਝਦੇ ਰਹਿੰਦੇ ਹਨ ਜਾਂ ਗਲਤ ਸੰਗਤ ਕਰਨ ਲੱਗਦੇ ਹਨ।

ਅਜਿਹੀ ਸਥਿਤੀ ਵਿੱਚ ਮਾਪਿਆਂ ਨੂੰ ਕੁਝ ਖਾਸ ਤਰੀਕਿਆਂ ਨਾਲ ਬੱਚਿਆਂ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਬੱਚੇ ਬਿਨਾਂ ਕਿਸੇ ਡਰ, ਭੈਅ ਦੇ ਮਾਪਿਆਂ ਨਾਲ ਖੁਲ੍ਹ ਕੇ ਗੱਲ ਕਰ ਸਕਣ। ਜਿੰਨਾ ਵਿੱਚ ਕੁਝ ਇਸ ਤਰ੍ਹਾਂ ਹਨ-

1. **ਇੱਕ ਚੰਗੇ ਸਰੋਤੇ ਬਣੋ**: ਜਦੋਂ ਤੁਹਾਡਾ ਬੱਚਾ ਤੁਹਾਡੇ ਨਾਲ ਗੱਲ ਕਰ ਰਿਹਾ ਹੋਵੇ ਤਾਂ ਉਸ 'ਤੇ ਆਪਣਾ ਪੂਰਾ ਧਿਆਨ ਦਿਓ ਅਤੇ ਉਸ ਨੇ ਜੋ ਕਹਿਣਾ ਹੈ ਉਸ ਵਿੱਚ ਦਿਲਚਸਪੀ ਦਿਖਾਓ। ਉਸਦੀ ਗੱਲ ਨੂੰ ਅਣਸੁਣਿਆਂ ਜਾਂ ਅਣਗੌਲਿਆ ਨਾ ਕੀਤਾ ਜਾਵੇ। ਬੱਚੇ ਨੂੰ ਬੋਲਣ ਦਾ ਪੂਰਾ ਮੌਕਾ ਦਿਓ। ਉਸਨੂੰ ਇਹ ਮਹਿਸੂਸ ਕਰਵਾਉ ਕਿ ਤੁਸੀਂ ਉਸ ਦੀ ਗੱਲ ਨੂੰ ਸੁਣਨਾ ਚਾਹੁੰਦੇ ਹੋ ਅਤੇ ਬੱਚੇ ਦੀ ਹਰ ਗੱਲ ਤੁਹਾਡੇ ਲਈ ਜਰੂਰੀ ਹੈ।

2. **ਖੁੱਲ੍ਹੇ-ਡੁੱਲ੍ਹੇ ਸਵਾਲਾਂ ਦੀ ਵਰਤੋਂ ਕਰੋ**: ਹਾਂ ਜਾਂ ਨਾਂਹ ਵਿੱਚ ਸਵਾਲ ਪੁੱਛਣ ਦੀ ਬਜਾਏ, ਅਜਿਹੇ ਸਵਾਲ ਪੁੱਛੋ ਜੋ ਤੁਹਾਡੇ ਬੱਚੇ ਨੂੰ ਉਹਨਾਂ ਦੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਵਧੇਰੇ ਵਿਸਤਾਰ ਵਿੱਚ ਦੱਸਣ ਅਤੇ ਸਾਂਝਾ ਕਰਨ ਲਈ ਉਤਸ਼ਾਹਿਤ ਕਰਦੇ ਹੋਣ। ਜਦੋਂ ਵੀ ਬੱਚਿਆਂ ਨੂੰ ਸਵਾਲ ਪੁੱਛੋ ਉਸ ਵਿੱਚ ਤੁਹਾਡਾ ਤਾਨਾਸ਼ਾਹੀ ਰੂਪ ਨਹੀਂ ਝਲਕਣਾ ਚਾਹੀਦਾ ਹੈ। ਇੱਕ ਟੁੱਕ ਜਵਾਬ ਮੰਗਣ ਦੀ ਬਜਾਇ ਬੱਚੇ ਨੂੰ ਆਪਣੇ ਤਰੀਕੇ ਨਾਲ ਗੱਲ ਕਰਨ ਦਾ ਮੌਕਾ ਦਿਓ।

3. **ਇੱਕ ਸੁਰੱਖਿਅਤ ਅਤੇ ਨਿਰਣਾਇਕ ਮਾਹੌਲ ਬਣਾਓ**: ਯਕੀਨੀ ਬਣਾਓ ਕਿ ਤੁਹਾਡਾ ਬੱਚਾ ਆਲੋਚਨਾ ਜਾਂ ਸਜ਼ਾ ਦੇ ਡਰ ਤੋਂ ਬਿਨਾਂ ਆਪਣੇ ਆਪ ਨੂੰ ਪ੍ਰਗਟ ਕਰਨ ਵਿੱਚ ਅਰਾਮਦਾਇਕ ਮਹਿਸੂਸ ਕਰੇ।

4. **ਉਮਰ-ਮੁਤਾਬਕ ਭਾਸ਼ਾ ਦੀ ਵਰਤੋਂ ਕਰੋ**: ਬੱਚੇ ਨਾਲ ਗੱਲ ਕਰਦੇ ਸਮੇਂ ਆਪਣੀ ਸੰਚਾਰ ਸ਼ੈਲੀ ਨੂੰ ਆਪਣੇ ਬੱਚੇ ਦੀ ਉਮਰ ਅਤੇ ਸਮਝ ਅਨੁਸਾਰ ਚੁਣੋ। ਉਹਨਾਂ ਸ਼ਬਦਾਂ ਅਤੇ ਸੰਕਲਪਾਂ ਦੀ ਵਰਤੋਂ ਕਰੋ ਜੋ ਉਹ ਆਸਾਨੀ ਨਾਲ ਸਮਝ ਸਕਦੇ ਹੋਣ। ਉਹਨਾਂ ਨੂੰ ਆਸਾਨ ਅਤੇ ਦਿਲਚਸਪ ਤਰੀਕੇ ਨਾਲ ਸਮਝਾਉਣ ਦਾ ਯਤਨ ਕਰੋ।

5. **ਧੀਰਜ ਅਤੇ ਸਮਝਦਾਰੀ ਰੱਖੋ**: ਬੱਚੇ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਸਮਾਂ ਲੈ ਸਕਦੇ ਹਨ ਜਾਂ ਸਹੀ ਸ਼ਬਦ ਲੱਭਣ ਲਈ ਸੰਘਰਸ਼ ਕਰ ਸਕਦੇ ਹਨ। ਉਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਲਈ ਲੋੜੀਂਦੀ ਥਾਂ ਅਤੇ ਸਮਾਂ ਦੋਵੇਂ ਜਰੂਰੀ ਹਨ। ਕਾਹਲ ਨਾ ਕਰਕੇ ਧੀਰਜ ਅਤੇ ਸਮਝਦਾਰੀ ਨਾਲ ਬੱਚਿਆਂ ਨੂੰ ਸੁਣਿਆ ਜਾਵੇ।

6. **ਹਮਦਰਦੀ ਦਿਖਾਓ**: ਆਪਣੇ ਬੱਚੇ ਦੇ ਨਜ਼ਰੀਏ ਨੂੰ ਸਮਝਣ ਦੀ ਕੋਸ਼ਿਸ਼ ਕਰੋ ਅਤੇ ਉਹਨਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖੋ। ਉਹਨਾਂ ਨੂੰ ਦੱਸੋ ਕਿ ਤੁਸੀਂ ਸਮਝਦੇ ਹੋ ਅਤੇ ਉਹਨਾਂ ਦੀ ਪਰਵਾਹ ਕਰਦੇ ਹੋ ਕਿ ਉਹ ਕਿਸ ਸਥਿਤੀ ਵਿੱਚੋਂ ਲੰਘ ਰਹੇ ਹਨ।

7. **ਸਕਾਰਾਤਮਕ ਮਜ਼ਬੂਤੀ ਦੀ ਵਰਤੋਂ ਕਰੋ**: ਆਪਣੇ ਬੱਚੇ ਦੇ ਸਵੈ-ਮਾਣ ਨੂੰ ਵਧਾਉਣ ਅਤੇ ਖੁੱਲ੍ਹੇ ਸੰਚਾਰ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਬੱਚੇ ਦੇ ਯਤਨਾਂ ਅਤੇ ਪ੍ਰਾਪਤੀਆਂ ਦੀ ਪ੍ਰਸ਼ੰਸਾ ਕਰੋ ਅਤੇ ਉਨ੍ਹਾਂ ਨੂੰ ਸਵੀਕਾਰ ਕਰੋ। ਬੱਚੇ ਦਾ ਆਤਮ ਵਿਸ਼ਵਾਸ ਵਧਾਉਣ ਲਈ ਉਸਦੇ ਛੋਟੇ ਛੋਟੇ ਯਤਨਾਂ ਦੀ ਸਲਾਘਾ ਕਰੋ।



8. **ਗੱਲਬਾਤ ਲਈ ਸਮਰਪਿਤ ਸਮਾਂ ਰੱਖੋ**: ਇੱਕ ਰੁਟੀਨ ਬਣਾਓ ਜਿੱਥੇ ਤੁਸੀਂ ਅਤੇ ਤੁਹਾਡੇ ਬੱਚੇ ਨੂੰ ਬਿਨਾਂ ਕਿਸੇ ਰੁਕਾਵਟ ਦੇ ਗੱਲ ਕਰਨ ਅਤੇ ਜੁੜਨ ਲਈ ਨਿਯਮਿਤ ਤੌਰ 'ਤੇ ਸਮਾਂ ਹੋਵੇ। ਇਸ ਸਮੇਂ ਦੌਰਾਨ ਤੁਸੀਂ ਬੱਚੇ ਦੇ ਸਾਰੇ ਦਿਨ ਦੇ ਕੰਮਾਂ ਅਤੇ ਰੁਟੀਨ ਬਾਰੇ ਗੱਲ ਕਰ ਸਕਦੇ ਹੋ।

9. **ਇੱਕ ਰੋਲ ਮਾਡਲ ਬਣੋ**: ਆਪਣੇ ਬੱਚੇ ਨਾਲ ਆਦਰਯੋਗ, ਇਮਾਨਦਾਰ ਅਤੇ ਖੁੱਲ੍ਹ ਕੇ ਗੱਲਬਾਤ ਕਰਨ ਦੇ ਪ੍ਰਭਾਵਸ਼ਾਲੀ ਹੁਨਰ ਦਾ ਪ੍ਰਦਰਸ਼ਨ ਕਰੋ। ਇਸ ਨਾਲ ਤੁਹਾਡੇ ਬੱਚਿਆਂ ਵਿੱਚ ਤੁਹਾਡੇ ਪ੍ਰਤੀ ਪਿਆਰ ਅਤੇ ਸਤਿਕਾਰ ਹੋਰ ਵਧੇਗਾ।

10. **ਸਹਾਇਕ ਬਣੋ**: ਆਪਣੇ ਬੱਚੇ ਨੂੰ ਆਪਣੇ ਆਪ ਨੂੰ ਇਮਾਨਦਾਰੀ ਨਾਲ ਪ੍ਰਗਟ ਕਰਨ ਲਈ ਉਤਸ਼ਾਹਿਤ ਕਰੋ, ਭਾਵੇਂ ਉਸ ਦੇ ਵਿਚਾਰ ਜਾਂ ਭਾਵਨਾਵਾਂ ਤੁਹਾਡੇ ਤੋਂ ਵੱਖਰੀਆਂ ਹੋਣ। ਉਹਨਾਂ ਦੇ ਸਹਾਇਕ ਬਣੋ ਉਹਨਾਂ ਦੀ ਹਰ ਗੱਲ ਸੁਣੋ।

ਇਹ ਕੁਝ ਅਜਿਹੇ ਤਰੀਕੇ ਜਾਂ ਵਿਵਹਾਰ ਹਨ, ਜਿੰਨ੍ਹਾਂ ਰਾਹੀਂ ਮਾਪੇ ਆਪਣੇ ਬੱਚਿਆਂ ਦੇ ਚੰਗੇ ਦੋਸਤ ਬਣ ਸਕਦੇ ਹਨ, ਉਨ੍ਹਾਂ ਦਾ ਮਾਰਗ ਦਰਸ਼ਨ ਕਰ ਸਕਦੇ ਹਨ ਅਤੇ ਉਹਨਾਂ ਨੂੰ ਇੱਕ ਚੰਗੇ ਨਾਗਰਿਕ ਬਣਾ ਸਕਦੇ ਹਨ। ਜਿੰਨਾਂ ਬੱਚੇ ਤੁਹਾਡੇ ਨਾਲ ਗੱਲਾਂ ਸਾਂਝੀਆਂ ਕਰਨਗੇ, ਉਨੇਂ ਹੀ ਉਹ ਤੁਹਾਡੇ ਨੇੜੇ ਅਤੇ ਸੁਰਖਿਅਤ ਰਹਿਣਗੇ। ਮਾਪੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਬੱਚੇ ਦੀਆਂ ਬੁਨਿਆਦੀਂ ਲੋੜਾਂ ਤੋਂ ਵੀ ਅਹਿਮ ਹੈ ਬੱਚੇ ਨੂੰ ਸਮਾਂ ਦੇਣਾ ਅਤੇ ਉਸ ਨਾਲ ਗੱਲਾਂ ਕਰਨੀਆਂ ਤਾਂ ਜੋ ਤੁਸੀਂ ਆਪਣੇ ਬੱਚੇ ਦਾ ਸਹੀ ਮਾਰਗ ਦਰਸ਼ਨ ਕਰ ਸਕੋ । ਤੁਹਾਡਾ ਅਜਿਹੇ ਤਰੀਕੇ ਨਾਲ ਬੱਚੇ ਨਾਲ ਗੱਲਬਾਤ ਕਰਨਾ ਬੱਚੇ ਨੂੰ ਕਈ ਮਾਨਸਿਕ ਪਰੇਸ਼ਾਨੀਆਂ ਅਤੇ ਗਲਤ ਸੰਗਤ ਤੋਂ ਬਚਾਇਆ ਜਾ ਸਕਦਾ ਹੈ । ਤੁਹਾਡਾ ਅਜਿਹਾ ਵਿਵਹਾਰ ਹੀ ਬੱਚੇ ਨੂੰ ਪਰਿਵਾਰ ਦਾ ਇੱਕ ਸਮਝਦਾਰ ਮੈਂਬਰ ਅਤੇ ਸਮਾਜ ਦਾ ਇੱਕ ਜਿੰਮੇਵਾਰ ਨਾਗਰਿਕ ਬਣਾ ਸਕਦਾ ਹੈ।

# ਬੱਚਿਆਂ ਨੂੰ ਸਰਬਪੱਖੀ ਸ਼ਖ਼ਸੀਅਤ ਦੇ ਮਾਲਕ ਬਣਾਉਣ ਲਈ ਮਾਂ-ਬੋਲੀ ਦੀ ਸਹੀ ਢੰਗ ਨਾਲ ਸਿੱਖਿਆ ਦਿਓ

ਦਵਿੰਦਰ ਕੌਰ ਖੁਸ਼ ਧਾਲੀਵਾਲ

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਤੇਜ਼ ਦਿਮਾਗ਼ ਤੇ ਸਰਬਪੱਖੀ ਵਿਅਕਤਿਤਵ ਦੇ ਮਾਲਕ ਬਣਨ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮਾਂ-ਬੋਲੀ ਚੰਗੀ ਤਰ੍ਹਾਂ ਸਿਖਾਓ। ਉਨ੍ਹਾਂ ਦੇ ਸ਼ਬਦ ਭੰਡਾਰ ਨੂੰ ਅਮੀਰ ਕਰਨ ਲਈ ਸੁਚੇਤ ਕੋਸ਼ਿਸ਼ਾਂ ਕਰੋ। ਬੱਚੇ ਇਸ ਦੁਨਿਆਵੀ ਪਸਾਰੇ ਨੂੰ ਸਮਝਣ ਤੇ ਇਸ ਦੀਆਂ ਜਾਣਕਾਰੀਆਂ ਤੋਂ ਵਿਹੂਣੇ ਹੁੰਦੇ ਹਨ। ਉਨ੍ਹਾਂ ਨੂੰ ਇਸ ਸੰਸਾਰ ਦੇ ਵਰਤਾਰੇ ਤੇ ਇਸ ਦੇ ਅਨੰਤ ਵਿਸਥਾਰ ਬਾਰੇ ਜਾਨਣ ਲਈ ਵੱਡਿਆਂ ਦੀ ਮਦਦ ਦੀ ਲੋੜ ਹੁੰਦੀ ਹੈ। ਜੇ ਅਸੀਂ ਬੱਚਿਆਂ ਨੂੰ ਵੱਖ-ਵੱਖ ਵਿਚਾਰਾਂ ਤੇ ਭਾਵਨਾਵਾਂ ਦੇ ਪ੍ਰਗਟਾਵੇ, ਵੱਖੋ-ਵੱਖਰੀਆਂ ਚੀਜ਼ਾਂ, ਪ੍ਰਜਾਤੀਆਂ ਤੇ ਸਮੁੱਚੇ ਜਗਤ ਪਸਾਰੇ ਨੂੰ ਸਮਝਣ ਲਈ ਸ਼ਬਦਾਂ ਤੋਂ ਜਾਣੂ ਨਹੀਂ ਕਰਵਾਉਂਦੇ ਤਾਂ ਅਸੀਂ ਮਨੁੱਖਤਾ ਦੀ ਨਵੀਂ ਪੀੜ੍ਹੀ ਨਾਲ ਬੇਈਮਾਨੀ ਕਰ ਰਹੇ ਹਾਂ। ਜ਼ਰਾ ਸੋਚੋ! ਜੇ ਸਾਡੇ ਕੋਲ ਆਪਣੇ ਮਨ ਦੀ ਕੋਈ ਗੱਲ ਕਹਿਣ ਲਈ ਸਹੀ ਸ਼ਬਦ ਨਾ ਹੋਣ ਤਾਂ ਅਸੀਂ ਕਿੰਨੀ ਔਖ ਮਹਿਸੂਸ ਕਰਦੇ ਹਾਂ ਤਾਂ ਬੱਚਿਆਂ ਲਈ ਤਾਂ ਇਹ ਹੋਰ ਵੀ ਔਖਾ ਹੋਵੇਗਾ, ਕਿਉਂਕਿ ਬਚਪਨ ਅਜਿਹਾ ਸਮਾਂ ਹੁੰਦਾ ਹੈ, ਜਦੋਂ ਸਿੱਖਣ ਦੀ ਪ੍ਰਕਿਰਿਆ ਬਹੁਤ ਤੀਬਰ ਹੁੰਦੀ ਹੈ ਤੇ ਸ਼ਬਦਾਂ ਤੋਂ ਵਿਹੂਣਾ ਬਚਪਨ ਬੱਚੇ ਦੇ ਬੌਧਿਕ ਵਿਕਾਸ ਨੂੰ ਮੱਠਾ ਕਰ ਦਿੰਦਾ ਹੈ। ਦੁਨੀਆ ਭਰ 'ਚ ਹੋਏ ਤਜਰਬੇ ਦੱਸਦੇ ਹਨ ਕਿ ਜੋ ਬੱਚੇ ਆਪਣੀ ਮਾਂ-ਬੋਲੀ 'ਚ ਮੁਹਾਰਤ ਹਾਸਿਲ ਕਰ ਲੈਂਦੇ ਹਨ, ਉਨ੍ਹਾਂ ਲਈ ਕੋਈ ਹੋਰ ਭਾਸ਼ਾ ਸਿੱਖਣਾ ਜਾਂ ਕਿਸੇ ਵੀ ਹੋਰ ਵਿਸ਼ੇ 'ਚ ਮੁਹਾਰਤ ਹਾਸਿਲ ਕਰਨਾ ਬਹੁਤ ਸੌਖਾ ਹੋ ਜਾਂਦਾ ਹੈ।

ਲਾਦਾ ਐਦਾਰੋਵਾ ਆਪਣੀ ਪੁਸਤਕ 'ਬਾਲ ਵਿਕਾਸ ਤੇ ਵਿੱਦਿਆ' 'ਚ ਦੱਸਦੀ ਹੈ ਕਿ ਬੱਚੇ ਦੇ ਵਿਕਾਸ 'ਚ ਹੈਰਾਨੀਜਨਕ ਤਬਦੀਲੀ ਉਦੋਂ ਹੀ ਸੰਭਵ ਹੁੰਦੀ ਹੈ, ਜਦੋਂ ਉਹ ਸ਼ਬਦ ਸਿੱਖਦਾ ਹੈ। ਮੰਨ ਲਓ ਕੋਈ ਨਿੱਕਾ ਬੱਚਾ ਕਿਲਕਾਰੀਆਂ ਮਾਰਦਾ ਹੈ, ਬੁਲਬੁਲੇ ਛੱਡਦਾ ਹੈ, ਭਾਂਤ-ਸੁਭਾਂਤੇ ਰੌਲੇ ਪਾਉਂਦਾ ਹੈ ਤੇ ਫਿਰ ਅਚਾਨਕ ਉਸ ਦੀਆਂ ਚੀਕਾਂ ਅਰਥ ਭਰਪੂਰ ਹੋ ਜਾਂਦੀਆਂ ਹਨ। ਹੁਣ ਉਹ ਬੱਚਾ ਇਨ੍ਹਾਂ ਅਵਾਜ਼ਾਂ ਰਾਹੀਂ ਦੂਜਿਆਂ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਕੁਝ ਸਮਾਂ ਪਿੱਛੋਂ ਉਹ ਅੰਤਾਂ ਦੀ ਮਹੱਤਵਪੂਰਨ ਗੱਲ ਸਮਝਣ ਲੱਗ ਜਾਂਦਾ ਹੈ, ਕਿ ਹਰ ਚੀਜ਼ ਦਾ ਕੋਈ ਆਪਣਾ ਨਾਂਅ ਹੁੰਦਾ ਹੈ। ਇਹੋ ਮਹੱਤਵਪੂਰਨ ਪਲ ਨਾ ਸਿਰਫ਼ ਸ਼ਬਦ ਨੂੰ ਨਿਸ਼ਾਨ ਵਜੋਂ ਸਮਝਣ 'ਚ ਅਗਵਾਈ ਕਰਦਾ ਹੈ, ਸਗੋਂ ਭਾਵ ਵਜੋਂ ਵੀ ਉਸ ਦੀ ਸੋਚਣੀ ਨੂੰ ਤਿੱਖਾ ਕਰਨ ਲਗਦਾ ਹੈ। ਭਾਸ਼ਾ ਦੇ ਵਿਕਾਸ ਦਾ ਅਧਿਐਨ ਕਰਨ ਵਾਲੇ ਮਾਹਿਰਾਂ ਅਨੁਸਾਰ ਬੱਚੇ ਉਦੋਂ ਬਹੁਤ ਚੌਕੰਨੇ ਤੇ ਚੌਕਸ ਹੁੰਦੇ ਹਨ, ਜਦੋਂ ਉਹ ਬੋਲਣਾ ਸਿੱਖਦੇ ਹਨ। ਲੇਖਿਕਾ ਕਹਿੰਦੀ ਹੈ ਕਿ ਬੱਚੇ ਦੀ ਜ਼ਿੰਦਗੀ ਦੇ ਪਹਿਲੇ ਮਹੀਨਿਆਂ ਤੇ ਸਾਲਾਂ 'ਚ ਭਾਸ਼ਾ 'ਤੇ ਪਕੜ ਹੋਣੀ ਆਦਰਸ਼ਕ ਰੂਪ 'ਚ ਬਹੁਤ ਮਹੱਤਤਾ ਵਾਲੀ ਗੱਲ ਹੁੰਦੀ ਹੈ, ਕਿਉਂ ਜੋ ਇਹ ਪਹਿਲੇ ਸ਼ਬਦ ਹੀ ਬੱਚੇ ਦੀ ਸਿੱਖਣ 'ਚ ਮਦਦ ਕਰਦੇ ਹਨ। ਬੱਚੇ ਦੇ ਬਚਪਨ ਦੌਰਾਨ ਉਸ ਦਾ ਬੌਧਿਕ ਵਿਕਾਸ ਅਜਿਹਾ ਢੰਗ ਹੈ, ਜਿਸ ਨਾਲ ਉਸ 'ਚ ਬੌਧਿਕ ਸੂਝ ਪੈਦਾ ਹੁੰਦੀ ਹੈ 'ਤੇ ਉਸ ਦੀ ਨਿੱਜੀ ਯਾਦਾਸ਼ਤ ਹੋਂਦ 'ਚ ਆਉਂਦੀ ਹੈ। ਜਦੋਂ ਉਹ ਆਪੇ ਬਾਰੇ ਯਾਦਾਸ਼ਤਾਂ ਰੱਖਣੀਆਂ ਸ਼ੁਰੂ ਕਰਦਾ ਹੈ, ਇਨ੍ਹਾਂ ਸਭ ਦਾ ਅੰਦਰੂਨੀ ਰੂਪ 'ਚ ਭਾਸ਼ਾ ਨਾਲ਼ ਡੂੰਘਾ ਸੰਬੰਧ ਹੈ।



ਪਰ ਅੱਜ ਕੱਲ੍ਹ ਸਾਡੇ ਆਲੇ-ਦੁਆਲੇ ਇਕ ਆਮ ਵਰਤਾਰਾ ਹੈ ਜਿਵੇਂ

ਹੱਥ ਧੋ ਲੈ- ਹੈਂਡ ਵਾਸ਼ ਕਰ ਲੋ, ਮੂੰਹ ਪੂੰਝ ਲੈ- ਫੇਸ ਕਲੀਨ ਕਰ ਲੋ, ਤਿਆਰ ਹੋ ਜਾਓ- ਰੈਡੀ ਹੋ ਜਾਈਏ।

ਇਸ ਤਰ੍ਹਾਂ ਦਾ ਭਾਸ਼ਾਈ ਮਿਲਗੋਭਾ ਬੱਚੇ ਦੇ ਬੌਧਿਕ ਵਿਕਾਸ 'ਚ ਰੁਕਾਵਟ ਪਾਉਂਦਾ ਹੈ, ਉਸ ਦੀ ਨਾ ਤਾਂ ਆਪਣੀ ਭਾਸ਼ਾ 'ਤੇ ਪਕੜ ਬਣਦੀ ਹੈ ਤੇ ਨਾ ਹੀ ਉਹ ਦੂਜੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਪਾਉਂਦਾ ਹੈ। ਉਹ ਕਵਿਤਾਵਾਂ, ਕਹਾਣੀਆਂ ਨਹੀਂ ਸਮਝ ਸਕਦਾ, ਕੋਈ ਕਲਪਨਾ ਨਹੀਂ ਕਰ ਸਕਦਾ, ਉਹ ਆਮ ਗੱਲਬਾਤ 'ਚ ਵਰਤੇ ਜਾਂਦੇ ਬਿੰਬਾਂ ਤੋਂ ਅਨਜਾਣ ਰਹਿ ਜਾਂਦਾ ਹੈ। ਇਹ ਸਭ ਕੁਝ ਉਸ 'ਤੇ ਬੇਗਾਨੀ ਭਾਸ਼ਾ ਥੋਪਣ ਕਰਕੇ ਹੁੰਦਾ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਅੰਗਰੇਜ਼ੀ ਮਾਧਿਅਮ ਸਕੂਲਾਂ 'ਚ ਪੜ੍ਹੇ ਵਿਦਿਆਰਥੀ ਕਈ ਵਾਰ ਆਮ ਜਿਹੇ ਮਜ਼ਾਕ ਨੂੰ ਵੀ ਨਹੀਂ ਸਮਝ ਸਕਦੇ ਜਾਂ ਆਪਣੇ ਜਜ਼ਬੇ ਪ੍ਰਗਟਾਉਣ ਲਈ ਸ਼ਬਦਾਂ ਦੀ ਥੁੜ੍ਹ ਮਹਿਸੂਸ ਕਰਦੇ ਹਨ।

ਸਪੋਲਸਕੀ ਦੇ ਸ਼ਬਦਾਂ 'ਚ ਇਹ ਸਾਫ਼ ਹੋਣਾ ਚਾਹੀਦਾ ਹੈ ਕਿ ਨਾ ਸਮਝ ਆਉਣ ਵਾਲੀ ਸਿੱਖਿਆ ਅਨੈਤਿਕ ਹੈ। ਬੱਚੇ ਬਚਪਨ 'ਚ ਸਭ ਤੋਂ ਵਧੀਆ ਤਾਂ ਹੀ ਸਿੱਖਦੇ ਹਨ ਜਦੋਂ ਉਨ੍ਹਾਂ ਨੂੰ ਮਾਂ-ਬੋਲੀ 'ਚ ਪੜ੍ਹਾਇਆ ਜਾਂਦਾ ਹੈ। ਭਾਸ਼ਾ ਵਿਗਿਆਨੀਆਂ ਨੇ ਖੋਜਾਂ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਆਪਣੀ ਮਾਂ-ਬੋਲੀ 'ਤੇ ਚੰਗੀ ਪਕੜ ਵਾਲਾ ਵਿਅਕਤੀ ਹੋਰ ਕਿਸੇ ਵੀ ਭਾਸ਼ਾ ਜਾਂ ਵਿਸ਼ੇ ਨੂੰ ਆਸਾਨੀ ਨਾਲ ਸਿੱਖ ਜਾਂਦਾ ਹੈ। ਇਸ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਬਚਪਨ ਤੋਂ ਹੀ ਦੂਜੀ ਭਾਸ਼ਾ ਨਾ ਸਿਖਾਈ ਜਾਵੇ। ਜੇਕਰ ਤੁਸੀਂ ਬੱਚੇ ਨੂੰ ਉਸ ਦੀ ਮਾਤ-ਭਾਸ਼ਾ ਸਹੀ ਢੰਗ ਨਾਲ਼ ਸਿਖਾਉਂਦੇ ਹੋ ਤਾਂ ਉਹ 1-2 ਨਹੀਂ, ਦੁਨੀਆ ਦੀ ਕੋਈ ਵੀ ਭਾਸ਼ਾ ਬੜੀ ਸਹਿਜਤਾ ਨਾਲ ਸਿੱਖ ਜਾਵੇਗਾ। ਭਾਸ਼ਾ ਸੋਚਣ ਪ੍ਰਕ੍ਰਿਆ ਦਾ ਅਹਿਮ ਸੰਦ ਹੈ, ਜੋ ਸਾਨੂੰ ਕਲਪਨਾਮਈ ਸੰਸਾਰ 'ਚ ਲਿਜਾਉਂਦੀ ਹੈ, ਜਿਥੇ ਕੁੱਝ ਨਵਾਂ 'ਤੇ ਉਪਯੋਗੀ ਸੋਚਿਆ ਜਾ ਸਕਦਾ ਹੈ ਮਾਪਿਆਂ, ਅਧਿਆਪਕਾਂ ਤੇ ਹੋਰਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਆਪਣੀ ਮਾਂ-ਬੋਲੀ ਦੇ ਸੋਹਣੇ ਸ਼ਬਦਾਂ ਤੋਂ ਜਾਣੂ ਕਰਵਾਉਣ ਤਾਂ ਕਿ ਉਨਾਂ ਦਾ ਤੰਦਰੁਸਤ ਮਾਨਸਿਕ ਵਿਕਾਸ ਹੋ ਸਕੇ। ਇਸ ਦੌਰਾਨ ਸਪੱਸ਼ਟਤਾ, ਸੰਖੇਪਤਾ ਅਤਿ ਜ਼ਰੂਰੀ ਹੈ, ਸਾਦਗੀ ਨਾਲ ਅਗਾਊਂ ਵਾਕਅੰਸ਼ਾਂ ਦਾ ਪ੍ਰਯੋਗ ਕਰੋ, ਕਿਰਿਆ ਵਿਸ਼ੇਸ਼ਣ ਦੇ ਨਾਲ ਘਟੀਆ ਸ਼ਬਦਾਂ ਦਾ ਪ੍ਰਗਟਾਵਾ ਨਾ ਕੀਤਾ ਜਾਵੇ। ਭਾਵੇਂ ਪੰਜਾਬੀ ਬੋਲੀ ਦੇ ਸਮਾਗਮ, ਕਾਨਫ਼ਰੰਸਾਂ ਤਾਂ ਬਹੁਤ ਕਰਵਾਈਆਂ ਜਾ ਰਹੀਆਂ ਹਨ, ਜੋ ਕਿ ਬਹੁਤੀ ਵਾਰ ਸਾਹਿਤਕ ਪੱਖੋਂ ਬੇਸਿੱਟਾ ਰਹਿਣ ਕਰਕੇ ਰੌਲੇ-ਰੱਪਾ ਹੀ ਸਾਬਤ ਹੋ ਰਹੀਆਂ ਹਨ।

(ਬਾਕੀ ਸਫ਼ਾ 31 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS

NO CREDIT - NO PROBLEM
BEST CUSTOMER SERVICE

QUIKQ WEX




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD CONNECT

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

ਲਖਵਿੰਦਰ ਸਿੰਘ ਬਾਜਵਾ

## ਬਚਪਨ ਦੇ ਦੋਸਤਾਂ ਦੇ ਟੁੱਟਦੇ-ਜੁੜਦੇ ਸਬੰਧਾਂ ਨੂੰ ਬਿਆਨਦੀ ਹੈ ਕਹਾਣੀ

# 'ਅੱਧਾ ਨਾਂ'



ਵੱਡੇ ਸਾਰੇ ਸੁੰਦਰ ਗੇਟ ਦੇ ਵਿਚਕਾਰ ਖਲੋਤਾ ਸ਼ਾਮ ਲਾਲ ਪੈਰ ਅੱਗੇ ਪੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਨੂੰ ਜਾਪਦਾ ਸੀ, ਜਿਵੇਂ ਉਸ ਦੇ ਪੈਰਾਂ ਨਾਲ ਕਿਸੇ ਨੇ ਭਾਰੀ ਪੱਥਰ ਬੰਨ੍ਹ ਦਿੱਤੇ ਹੋਣ। ਉਹ ਉਥੋਂ ਉੱਡ ਜਾਣਾ ਚਾਹੁੰਦਾ ਸੀ, ਪਰ ਜਿਸ ਤਰ੍ਹਾਂ ਖੰਭ ਹੀ ਕੱਟੇ ਗਏ ਹੋਣ ਤੇ ਉਹ ਖੰਭ ਕੱਟਣ ਵਾਲਾ ਕੋਲ ਹੀ ਖੜ੍ਹਾ ਉਸ ਦੀ ਮਜਬੂਰੀ ਦਾ ਤਮਾਸ਼ਾ ਵੇਖ ਰਿਹਾ ਹੋਵੇ। ਉਹ ਬੇਵੱਸ ਜਿਵੇਂ ਆਪਣੇ ਹੀ ਖੰਭ ਕੱਟਣ ਵਾਲੇ ਦੇ ਕੋਲ ਖੜ੍ਹੇ ਰਹਿਣ ਲਈ ਮਜਬੂਰ ਹੋ ਗਿਆ ਹੋਵੇ। ਜਿੱਥੇ ਉਹ ਇੱਕ ਪਲ ਵੀ ਨਾ ਠਹਿਰਨਾ ਚਾਹੁੰਦਾ ਹੋਵੇ। ਉਸ ਦਾ ਸਿਰ ਚਕਰਾ ਰਿਹਾ ਸੀ। ਜਿਵੇਂ ਕਿਸੇ ਨੇ ਉਸ ਨੂੰ ਬੇਹੋਸ਼ੀ ਦਾ ਇੰਜੈਕਸ਼ਨ ਲਾ ਦਿੱਤਾ ਹੋਵੇ। ਉਹ ਤਾਂ ਉੱਡਦਾ ਆਇਆ ਸੀ। ਪਰ....।

ਸ਼ਾਮ ਲਾਲ ਸ਼ਹਿਰ ਦੇ ਜਿਸ ਸਕੂਲ 'ਚ ਅਧਿਆਪਕ ਲੱਗਾ ਹੋਇਆ ਸੀ, ਉਸ ਸ਼ਹਿਰ ਵਿੱਚ ਉਸਦੀ ਹੁਣੇ-ਹੁਣੇ ਹੀ ਬਦਲੀ ਹੋਈ ਸੀ। ਉਹ ਫੁੱਲਿਆ ਨਹੀਂ ਸੀ ਸਮਾਇਆ ਕਿ ਇਸ ਸ਼ਹਿਰ ਵਿੱਚ ਉਸ ਦਾ ਬਚਪਨ ਦਾ ਮਿੱਤਰ ਸੱਤੀ ਰਹਿੰਦਾ ਹੈ। ਭਾਵੇਂ ਇਹ ਤਬਾਦਲਾ ਉਸ ਦੀ ਮਰਜ਼ੀ ਨਾਲ ਨਹੀਂ ਸੀ ਹੋਇਆ ਤੇ ਉਸ ਨੂੰ ਘਰ ਤੋਂ ਦੂਰ ਆਉਣ ਦਾ ਕੁਝ ਰੰਜ਼ ਵੀ ਸੀ, ਪਰ ਫੇਰ ਵੀ ਇਸ ਸਾਰੇ ਰੰਜ਼'ਤੇ ਉਹ ਖ਼ੁਸ਼ੀ ਹਾਵੀ ਹੋ ਰਹੀ ਸੀ ਜੋ ਇੱਕ ਮਿੱਤਰ ਮਿਲਣ ਦੀ ਆਸ ਨੇ ਬੰਨ੍ਹਾਈ ਸੀ।

ਸੱਤੀ ਤੇ ਸ਼ਾਮਾ ਇੱਕ ਪਿੰਡ 'ਚ ਹੀ ਪੈਦਾ ਹੋਏ ਤੇ ਪਲੇ। ਇੱਕੋ ਸਕੂਲ ਵਿੱਚ ਪੜ੍ਹੇ ਤੇ ਇਕੱਠੇ ਖੇਡਦਿਆਂ ਹੀ ਉਨ੍ਹਾਂ ਦਾ ਬਚਪਨ ਬੀਤਿਆ ਸੀ। ਭਾਵੇਂ ਮੁੰਡੇ ਹੋਰ ਵੀ ਉਨ੍ਹਾਂ ਦੇ ਨਾਲ ਪੜ੍ਹਦੇ ਖੇਡਦੇ ਸਨ ਪਰ ਇਨ੍ਹਾਂ ਦੋਹਾਂ ਦਾ ਪਿਆਰ ਕੁਝ ਵੱਖਰਾ ਹੀ ਸੀ। ਸ਼ਾਮੇ ਦਾ ਇੱਕ ਹੋਰ ਮੁੰਡੇ ਸਰੂਪੇ ਨਾਲ ਵੀ ਨੇੜ ਸੀ, ਪਰ ਸੱਤੀ ਜਿੰਨਾ ਨਹੀਂ ਸੀ। ਸੱਤੀ ਤੇ ਸ਼ਾਮਾ ਤਾਂ ਜਿਵੇਂ ਇੱਕ ਦੂਜੇ ਤੋਂ ਬਿਨਾਂ ਬਚ ਹੀ ਨਾ ਸਕਦੇ ਹੋਣ।

ਸਕੂਲ ਤੋਂ ਛੁੱਟੀ ਹੁੰਦਿਆਂ ਹੀ ਦੋਵੇਂ ਦੋਸਤ ਘਰ ਆਉਂਦੇ, ਬਸਤੇ ਸੁੱਟ ਕੇ ਰੋਟੀ ਖਾਂਦੇ ਹੋਏ ਅੱਧੀ ਰੋਟੀ ਦੀ ਬਚੀ ਹੋਈ ਵੱਡੀ ਸਾਰੀ ਗਰਾਹੀ ਮੂੰਹ ਵਿੱਚ ਤੁੰਨ ਕੇ ਬਾਹਰ ਨੂੰ ਭੱਜ ਤੁਰਦੇ। ਮਾਵਾਂ ਪਿੱਛੋਂ 'ਵਾਜ਼ਾਂ ਦੇਂਦੀਆਂ ਹੀ ਰਹਿ ਜਾਂਦੀਆਂ, ਤੇ ਉਹ ਏਨੇ ਚਿਰ ਨੂੰ ਛੱਪੜ ਕੰਢੇ ਵੱਡੇ ਬੋੜ੍ਹ ਥੱਲੇ ਜਾ ਅਪੜਦੇ। ਜਿੱਥੇ ਹੋਰ ਵੀ ਉਨ੍ਹਾਂ ਦੇ ਹਮਉਮਰ ਆਏ ਹੁੰਦੇ ਜਾਂ ਕੁਝ ਉਨ੍ਹਾਂ ਦੇ ਹਾਣ ਦੇ ਵਾਗੀ ਮੁੰਡੇ ਬੋਹੜ ਦੀ ਛਾਵੇਂ ਪਸ਼ੂ ਲਿਆ ਖਲ੍ਹਾਰਦੇ। ਜੋ ਸਕੂਲ ਤਾਂ ਨਹੀਂ ਸਨ ਜਾਂਦੇ, ਪਰ ਖੇਡ ਵਿੱਚ ਉਨ੍ਹਾਂ ਨਾਲ ਸ਼ਾਮਲ ਹੋ ਜਾਂਦੇ। ਉਹ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਦੇ। ਜਦੋਂ ਗਰਮੀ ਜ਼ਿਆਦਾ ਤੰਗ ਕਰਦੀ ਤਾਂ ਨਹਿਰ ਵੱਲ ਭੱਜ ਜਾਂਦੇ, ਪੁਲ ਤੋਂ ਛਾਲਾਂ ਮਾਰਦੇ, ਪਾਣੀ ਵਿੱਚ ਰੱਜ ਕੇ ਖਰਮਸਤੀ ਕਰਦੇ, ਘੱਟੇ ਵਿੱਚ ਲੇਟਦੇ, ਫੇਰ ਪਾਣੀ ਵਿੱਚ ਛਾਲਾਂ ਮਾਰਦੇ। ਨਹਾ ਕੇ ਜਦੋਂ ਭੁੱਖ ਲੱਗ ਜਾਂਦੀ ਤਾਂ ਸਿਖ਼ਰ ਦੁਪਹਿਰੇ ਵਣਾਂ ਤੇ ਪੀਲਾਂ ਖਾਣ ਜਾ ਚੜ੍ਹਦੇ। ਪੀਲਾਂ ਖਾਂਦੇ, ਗੁਲਾਬੀ, ਹਰੀਆਂ ਤੇ ਸਫ਼ੈਦ ਪੀਲਾ, ਜੋ ਰਸੀਆਂ ਹੋਈਆਂ ਹੁੰਦੀਆਂ। ਤੋੜ-ਤੋੜ ਕੇ ਇੱਕ ਦੂਜੇ ਦੇ ਮੂੰਹ ਵਿੱਚ ਪਾਉਂਦੇ ਤੇ ਨਾਲੇ ਆਖਦੇ-

ਉਏ ਸੱਤੀ ਆਹ ਖਾ ਕੇ ਵੇਖ ਕਿੰਨੀਆਂ ਮਿੱਠੀਆਂ ਨੇ ਉਏ, ਨਹੀਂ ਉਏ ਸ਼ਾਮਿਆਂ ਆਹ ਖਾ ਕੇ ਵੇਖ ਇਹ ਜ਼ਿਆਦਾ ਮਿੱਠੀਆਂ ਨੇ। ਉਹ ਓਨਾ ਚਿਰ ਪੀਲਾਂ ਖਾਂਦੇ ਜਿੰਨਾ ਚਿਰ ਉਨ੍ਹਾਂ ਦਾ ਮੂੰਹ ਨਾ ਉੱਛ ਜਾਂਦਾ।

ਉਸ ਨੂੰ ਯਾਦ ਨਹੀਂ ਸੀ ਕਿ ਉਹ ਕਦੇ ਲੜੇ ਹੋਣ। ਉਨ੍ਹਾਂ ਦੇ ਘਰ ਵਾਲਿਆਂ ਨੂੰ ਵੀ ਦੋਹਾਂ ਦੀ ਦੋਸਤੀ ਦਾ ਪਤਾ ਸੀ। ਇਸ ਲਈ ਦੋਹਾਂ ਦੇ ਘਰਾਂ ਵਿੱਚ ਉਨ੍ਹਾਂ ਦਾ ਬਰਾਬਰ ਦਾ ਅਧਿਕਾਰ ਤੇ ਆਦਰ ਸੀ। ਉਹ ਦੂਸਰੇ ਦੇ ਘਰੋਂ ਕੋਈ ਵੀ ਚੀਜ਼ ਆਪਣਾ ਅਧਿਕਾਰ ਸਮਝ ਦੇ ਖ਼ੁਦ ਵੀ ਲੈ ਲੈਂਦੇ ਸਨ। ਕਦੇ ਜ਼ਿੱਦ ਕਰ ਕੇ ਬੇਰੀਆਂ ਦੇ ਬੇਰ ਤੋੜਦੇ। ਫੇਰ ਉਸੇ ਤਰ੍ਹਾਂ ਇਕੱਠੇ ਹੀ ਜਾਂਦੇ। ਭਾਵੇਂ ਕਦੇ-ਕਦੇ ਸ਼ਾਮਾ ਸਰੂਪੇ ਨੂੰ ਵੀ ਨਾਲ ਲੈ ਜਾਂਦਾ, ਪਰ ਆਮ ਤੌਰ 'ਤੇ ਉਹ ਦੋਵੇਂ ਹੀ ਹੁੰਦੇ।

ਬਚਪਨ ਦੇ ਦਿਨ ਵੀ ਕਿੰਨੇ ਸੁਹਾਣੇ ਹੁੰਦੇ ਹਨ। ਜੋ ਕਦੇ ਨਹੀਂ ਭੁੱਲਦੇ, ਕਦੇ ਨਹੀਂ ਮੁੜਦੇ। ਉਨ੍ਹਾਂ ਦਿਨਾਂ ਦੀ ਯਾਦ ਸਾਰੀ ਜ਼ਿੰਦਗੀ ਕਦੇ-ਕਦੇ ਆ ਕੇ ਮਿੱਠਾ ਜਿਹਾ ਹੁਲਾਰਾ ਦੇਂਦੀ ਰਹਿੰਦੀ ਹੈ।

ਸਮੇਂ ਦਾ ਰੱਥ ਆਪਣੀ ਚਾਲੇ ਚੱਲਦਾ ਮਹਿਸੂਸ ਹੀ ਨਹੀਂ ਹੋਣ ਦੇਂਦਾ ਕਿ ਐ ਮਨੁੱਖ ਤੂੰ ਜੀਵਨ ਦੇ ਕਿੰਨੇ ਮੀਲ ਪੱਥਰ ਪਿੱਛੇ ਛੱਡ ਆਇਐਂ ਤੇ ਅੱਗੇ ਦੀ ਕੌਣ ਜਾਣੇ।

ਸ਼ਾਮਾ ਹੁਣ ਮਾਸਟਰ ਸ਼ਾਮ ਲਾਲ ਹੋ ਗਿਆ ਸੀ ਤੇ ਪਿੰਡ ਦੇ ਨੇੜੇ ਹੀ ਇੱਕ ਸਰਕਾਰੀ ਸਕੂਲ ਵਿੱਚ ਅਧਿਆਪਕ ਲੱਗ ਗਿਆ ਸੀ, ਪਰ ਸੱਤੀ ਨੇ ਨੌਕਰੀ ਨਹੀਂ ਸੀ ਕੀਤੀ ਤੇ ਸ਼ਹਿਰ ਜਾ ਕੇ ਆਪਣਾ ਬਿਜ਼ਨਸ ਚਲਾ ਲਿਆ ਸੀ। ਸ਼ਾਮੇ ਦੀ ਜ਼ਿੰਦਗੀ ਤਾਂ ਭਾਵੇਂ ਇੱਕ ਤਰਤੀਬ ਵਿੱਚ ਚੱਲਣ ਲਈ ਯੋਜਨਾਬੱਧ ਸੀ, ਪਰ ਸੱਤੀ ਦਾ ਵਪਾਰ ਦਿਨੋਂ ਦਿਨ ਫਲਦਾ ਫੁੱਲਦਾ ਪੜਾਅ ਦਰ ਪੜਾਅ ਕਈ ਮੰਜ਼ਿਲਾਂ ਤਹਿ ਕਰ ਗਿਆ। ਮਾਇਆ ਦੇ ਗੋਰਖ ਧੰਦੇ ਵਿੱਚ ਉਹ ਸ਼ਾਇਦ ਆਪਣੀ ਬੀਤੀ ਜ਼ਿੰਦਗੀ ਵੀ ਭੁੱਲ ਗਿਆ ਸੀ ਅਤੇ ਵਰਤਮਾਨ ਦੇ ਰਸਮਈ ਸੰਸਾਰ ਵਿੱਚ ਹਮੇਸ਼ਾ ਡੁੱਬਾ ਰਹਿੰਦਾ ਸੀ।

ਉਹ ਕਦੋਂ ਸੱਤੀ ਤੋਂ ਸਤਪਾਲ ਬਣਿਆ, ਸਤਪਾਲ ਤੋਂ ਸੇਠ ਸਤਪਾਲ ਤੇ ਹੁਣ ਉਹ ਜਿੰਦਲ ਕਲਾਥ ਮਿੱਲ ਦਾ ਮਾਲਕ ਸੇਠ ਸਤਪਾਲ ਜਿੰਦਲ ਸੀ। ਪਿੰਡ ਵਿੱਚ ਰਹਿੰਦਿਆਂ ਤਾਂ ਸ਼ਾਇਦ ਹੀ ਉਨ੍ਹਾਂ ਦੀ ਗੋਤ ਬਾਰੇ ਕਿਸੇ ਨੂੰ ਜਾਣਕਾਰੀ ਹੋਵੇ। ਲੋਕ ਅਕਸਰ ਉਸ ਦੇ ਲਾਲੇ ਨੂੰ ਸ਼ਾਹ ਜੀ ਆਖ ਕੇ ਬੁਲਾਉਂਦੇ ਸਨ। ਭਾਵੇਂ ਸ਼ਾਹਾਂ ਵਾਲੀ ਗੱਲ ਉਹਦੇ ਵਿੱਚ ਉਦੋਂ ਕੋਈ ਨਹੀਂ ਸੀ ਤੇ ਉਹ ਵਿਚਾਰਾ ਟਟਪੂੰਜੀਆਂ ਹਟਵਾਣੀਆਂ ਹੀ ਸੀ

ਜੋ ਮੁਸ਼ਕਿਲ ਨਾਲ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਦਾ ਸੀ। ਪਰ ਫੇਰ ਵੀ ਲੋਕ ਉਸ ਦੀ ਇੱਜ਼ਤ ਕਰਦੇ ਸਨ।

ਸੱਤੀ ਨੇ ਪੜ੍ਹ ਲਿਖ ਕੇ ਕਾਰੋਬਾਰ ਚਾਲੂ ਕੀਤਾ ਤਾਂ ਲੱਛਮੀ ਮਈਆ ਕੁਝ ਜ਼ਿਆਦਾ ਹੀ ਮਿਹਰਬਾਨ ਹੋ ਗਈ ਤੇ ਉਹ ਊਣੇ ਭਾਂਡੇ ਦੇ ਇੱਕ ਦਮ ਭਰ ਜਾਣ ਵਾਂਗ ਉੱਛਲ-ਉੱਛਲ ਪੈਣ ਲੱਗਾ। ਲੋਕ ਉਸ ਦੇ ਦੁਆਲੇ ਜਿੰਦਲ ਸਾਹਬ ਜਿੰਦਲ ਸਾਹਬ ਕਰਦੇ ਨਾ ਥੱਕਦੇ। ਹੁਣ ਉਹ ਕੋਠੀਆਂ, ਜ਼ਮੀਨਾਂ ਤੇ ਫੈਕਟਰੀਆਂ ਦਾ ਮਾਲਕ ਹੋ ਗਿਆ। ਨੌਕਰ ਚਾਕਰਾਂ ਦੀ ਘਰ ਵਿੱਚ ਚਹਿਲ ਪਹਿਲ ਹੋ ਗਈ। ਉਸ ਨੂੰ ਤਾਂ ਸ਼ਾਇਦ ਭੁੱਲ ਹੀ ਗਿਆ ਹੋਵੇਗਾ ਕਿ ਕਦੇ ਉਹ ਕਿਸੇ ਪਿੰਡ ਵਿੱਚ ਜੰਮਿਆ ਜਾਂ ਰਹਿੰਦਾ ਸੀ ਜਾਂ ਪਿੰਡ ਵੀ ਰਹਿਣ ਦੀ ਥਾਂ ਹੁੰਦੇ ਹਨ। ਗੇਟ 'ਤੇ ਹਮੇਸ਼ਾ ਚੌਕੀਦਾਰ ਖੜ੍ਹਾ ਰਹਿੰਦਾ ਅਤੇ ਅਕਸਰ ਕਿਸੇ ਆਏ ਗਏ ਨੂੰ ਜ਼ਰੂਰੀ ਨਾ ਸਮਝ ਕੇ ਸਾਹਬ ਤੋਂ ਪੁੱਛੇ ਬਗ਼ੈਰ ਹੀ ਟਰਕਾ ਦਿੰਦਾ।

ਮਾਸਟਰ ਸ਼ਾਮ ਲਾਲ ਜਦੋਂ ਇਸ ਸ਼ਹਿਰ ਵਿੱਚ ਆਇਆ ਤਾਂ ਉਸ ਨੂੰ ਖ਼ੁਸ਼ੀ ਹੋਈ ਕਿ ਹੁਣ ਉਹ ਚਾਲੀ ਵਰ੍ਹਿਆਂ ਤੋਂ ਵਿੱਛੜੇ ਆਪਣੇ ਪਿਆਰੇ ਮਿੱਤਰ ਤੇ ਲੰਗੋਟੀਏ ਯਾਰ ਸੱਤੀ ਨੂੰ ਜ਼ਰੂਰ ਮਿਲ ਸਕੇਗਾ।

ਸ਼ਾਮ ਲਾਲ ਮਨ ਵਿੱਚ ਸੋਚਦਾ ਬਚਪਨ ਦੇ ਉਹ ਬੀਤੇ ਦਿਨ, ਕਿੰਨਾ ਪਿਆਰ ਸੀ ਉਨ੍ਹਾਂ ਦੋਹਾਂ ਦਾ। ਉਨ੍ਹਾਂ ਦਿਨਾਂ ਦੀ ਯਾਦ ਆਉਂਦਿਆਂ ਹੀ ਇੱਕ ਹੁਲਾਰਾ ਜਿਹਾ ਆਉਂਦਾ ਤੇ ਸੱਤੀ ਨੂੰ ਮਿਲਣ ਦੀ ਇੱਛਾ ਹੋਰ ਵੀ ਤੀਬਰ ਹੋ ਜਾਂਦੀ। ਉਹ ਮਨ ਵਿੱਚ ਸੋਚਦਾ, ਸੱਤੀ ਨੂੰ ਕਿਵੇਂ ਪਛਾਣਾਂਗਾ। ਕਈ ਤਰ੍ਹਾਂ ਦੀ ਉਧੇੜ ਬੁਣ ਕਰਦਾ, 'ਸੱਤੀ ਪਛਾਣਦਿਆਂ ਹੀ ਮੈਨੂੰ ਭੱਜ ਕੇ ਚਿੰਬੜ ਜਾਵੇਗਾ। ਬਚਪਨ ਦੇ ਉਹ ਕਿੱਸੇ ਮੁੜ ਦੁਹਰਾਏ ਜਾਣਗੇ। ਆਪਣੇ ਪਰਿਵਾਰ ਨਾਲ ਜਾਣ ਪਛਾਣ ਕਰਵਾਉਂਦਾ ਕਹੇਗਾ ਕਿ ਇਹ ਹੈ ਮੇਰਾ ਬਚਪਨ ਦਾ ਸਭ ਤੋਂ ਪਿਆਰਾ ਮਿੱਤਰ ਸ਼ਾਮਾ ਤੇ ਸ਼ਾਇਦ ਆਖੇ, 'ਉਏ ਸ਼ਾਮਿਆਂ ਤੂੰ ਕਿੱਥੇ ਸਰਕਾਰੀ ਕੁਆਟਰਾਂ 'ਚ ਧੱਕੇ ਖਾਂਦਾ ਫਿਰਦੈਂ, ਤੇਰੇ ਯਾਰ ਦੀ ਕੋਠੀ 'ਚ ਕਮਰਿਆਂ ਦੀ ਕਿਹੜੀ ਘਾਟ ਐ, ਨਾਲੇ ਏਸੇ ਬਹਾਨੇ ਰੋਜ਼ ਮਿਲ ਲਿਆ ਕਰਾਂਗੇ ਤੇ ਫੇਰ ਬਚਪਨ ਦੀਆਂ ਮਿੱਠੀਆਂ ਯਾਦਾਂ ਵਿੱਚ ਗੁਆਚ ਜਾਂਦਾ। ਉਸ ਦੀ ਤਰੱਕੀ ਦੇ ਕਿੱਸੇ ਤਾਂ ਅਕਸਰ ਪਿੰਡ ਤੱਕ ਅਪੜਦੇ ਹੀ ਰਹਿੰਦੇ ਸਨ। ਭਾਵੇਂ ਉਹ ਆਪ ਕਦੇ ਮੁੜਕੇ ਪਿੰਡ ਨਹੀਂ ਸੀ ਗਿਆ। ਚਾਰਜ ਲੈਣ ਤੋਂ ਬਾਅਦ ਦੋ ਚਾਰ ਦਿਨਾਂ ਵਿੱਚ ਉਸ ਨੇ ਸੈਟਿੰਗ ਕਰ ਲਈ। ਕਮਰਾ ਵਗੈਰਾ ਠੀਕ ਕੀਤਾ। ਪਰਿਵਾਰ ਨੂੰ ਤਾਂ ਅਜੇ ਉਹ ਲੈ ਕੇ ਨਹੀਂ ਸੀ ਆਇਆ। ਇਕੱਲਾ ਹੀ ਤਾਂ ਸੀ, ਪਰ ਫੇਰ ਵੀ ਇਹ ਚਾਰ ਦਿਨ ਉਸ ਨੂੰ ਚਾਰ ਜੁੱਗਾਂ ਵਰਗੇ ਲੱਗ ਰਹੇ ਸਨ। ਉਸ ਦਾ ਜੀ ਕਰਦਾ ਸੀ ਕਿ ਉਹ ਉੱਡ ਕੇ ਆਪਣੇ ਯਾਰ ਸੱਤੀ ਨੂੰ ਜਾ ਮਿਲੇ। ਉਸ ਦੇ ਅਰਮਾਨਾਂ ਨੂੰ ਜਿਵੇਂ ਖੰਭ ਲੱਗ ਗਏ ਹੋਣ।

ਨੌਕਰੀ ਦੇ ਬੱਝੇ ਰੁਝੇਵਿਆਂ ਵਿੱਚੋਂ ਨਿਕਲਦਾ ਨਿਕਲਦਾ ਉਹ ਯਾਰ ਦੇ ਸ਼ਹਿਰ ਤੱਕ ਪਹੁੰਚਦਾ ਵਰ੍ਹਿਆਂ ਦਾ ਫ਼ਾਸਲਾ ਤਹਿ ਕਰ ਚੁੱਕਾ ਸੀ। ਮਜਬੂਰੀਆਂ ਵਿੱਚ ਜਕੜਿਆ ਆਦਮੀ ਕਈ ਵਾਰ ਆਪਣੇ ਅਰਮਾਨਾਂ ਦਾ ਗਲਾ ਘੁੱਟ ਕੇ ਜੀਣ ਲਈ ਮਜਬੂਰ ਹੋ ਜਾਂਦੈ ਤੇ ਉਸ ਦੇ ਕੋਲ ਕੁਝ ਯਾਦਾਂ ਦੀਆਂ ਅੱਕ ਫੰਬੀਆਂ ਖੇਡਣ ਵਾਸਤੇ ਰਹਿ ਜਾਂਦੀਆਂ ਨੇ। ਜਦੋਂ ਉਹ ਇਸ ਚੱਕਰਵਿਊ ਵਿੱਚੋਂ ਨਿਕਲਦੈ ਤਾਂ ਉਹ ਪਿੰਜਰੇ ਵਿੱਚੋਂ ਨਿਕਲੇ ਪੰਛੀ ਵਾਂਗ ਇੱਕ ਪਲ ਵਿੱਚ ਆਪਣੇ ਅਰਮਾਨਾਂ ਦਾ ਅਸਮਾਨ ਨਾਪ ਲੈਣਾ ਚਾਹੁੰਦੈ।

ਐਤਵਾਰ ਦਾ ਦਿਨ ਸੀ, ਉਸ ਨੇ ਜਲਦੀ-ਜਲਦੀ ਤਿਆਰੀ ਕੀਤੀ, ਜਿਵੇਂ ਕਿਸੇ ਪਾਰਟੀ 'ਤੇ ਜਾਣਾ ਹੋਵੇ ਜਾਂ ਗੱਡੀ ਨਿਕਲ ਜਾਣ ਦੀ ਕਾਹਲੀ ਹੋਵੇ। ਸੱਤੀ ਦਾ ਪਤਾ ਉਸ ਨੇ ਪਿੰਡੋਂ ਉਸ ਦੇ ਇੱਕ ਰਿਸ਼ਤੇਦਾਰ ਤੋਂ ਲੈ ਲਿਆ ਸੀ। ਭਾਵੇਂ ਉਸ ਨੇ ਫੋਨ ਨੰਬਰ ਵੀ ਲੈ ਲਿਆ ਸੀ ਪਰ ਸੰਕੋਚਵੱਸ ਕਰ ਨਹੀਂ ਸੀ ਸਕਿਆ। ਸ਼ਾਇਦ ਉਸ ਨੂੰ ਸਰਪ੍ਰਾਈਜ਼ ਦੇਣਾ ਚਹੁੰਦਾ ਹੋਵੇ ਜਾਂ ਕੁੱਝ ਹੋਰ...।

ਉਹ ਕਈ ਤਰ੍ਹਾਂ ਦੇ ਸੁਪਨੇ ਮਨ ਵਿੱਚ ਸੰਜੋ ਰਿਹਾ ਸੀ। ਉਸ ਨੂੰ ਲੱਗ ਰਿਹਾ ਸੀ ਕਿ ਆਟੋ ਰਿਕਸ਼ਾ ਸ਼ਾਇਦ ਹੌਲੀ ਚੱਲ ਰਿਹਾ ਹੈ। ਪਰ ਫੇਰ ਵੀ ਇੱਕ ਦਮ ਰਿਕਸ਼ੇ ਦੇ ਰੁਕ ਜਾਣ ਨਾਲ ਉਸ ਨੂੰ ਹੈਰਾਨੀ ਹੋਈ। ਰਿਕਸ਼ੇ ਵਾਲੇ ਨੇ ਉਸ ਨੂੰ ਉਤਰਨ ਲਈ ਕਿਹਾ ਤਾਂ ਉਸ ਦੇ ਖ਼ਿਆਲਾਂ ਦੀ ਲੜੀ ਟੁੱਟ ਗਈ। ਰਿਕਸ਼ੇ ਵਾਲੇ ਨੂੰ ਪੈਸੇ ਦੇ ਕੇ ਉਸ ਨੇ ਗੇਟ 'ਤੇ ਝਾਤੀ ਮਾਰੀ। ਸਾਹਮਣੇ ਗੇਟ 'ਤੇ ਡੋਰਬੈੱਲ ਦੇ ਨਾਲ ਸੁਨਹਿਰੀ ਅੱਖਰਾਂ ਵਿੱਚ ਬੋਰਡ 'ਤੇ ਲਿਖਿਆ ਸੀ, ਸ਼੍ਰੀ ਮਾਨ ਸੇਠ ਸਤਪਾਲ ਜਿੰਦਲ ਜੀ, ਉਸ ਨੇ ਸੋਚਿਆ, ਸੇਠ ਸਤਪਾਲ ਜਿੰਦਲ ਤਾਂ ਚਲੋ ਠੀਕ ਹੈ ਪਰ ਨੇਮ ਪਲੇਟ 'ਤੇ ਸ਼੍ਰੀਮਾਨ ਤੇ ਜੀ ਲਿਖਣਾ, ਉਸ ਨੂੰ ਜਚਿਆ ਨਾ। ਸ਼ਾਮ ਲਾਲ ਨੂੰ ਉਸ ਵਿੱਚੋਂ ਝੂਠੇ ਸਵੈਮਾਨ ਦੀ ਬੂ ਆਈ, ਪਰ ਫੇਰ ਉਸ ਨੇ ਸੋਚਿਆ, ਇਹ ਕਿਹੜਾ ਸੱਤੀ ਨੇ ਆਪ ਲਿਖਿਆ ਹੋਣੈ, ਨੌਕਰਾਂ ਚਾਕਰਾਂ ਨੇ ਤਾਂ ਏਹੋ ਲਿਖਣਾ ਸੀ।

ਉਸ ਨੇ ਕੰਬਦੇ ਜਿਹੇ ਹੱਥਾਂ ਨਾਲ ਡੋਰਬੈੱਲ ਵਜਾਈ। ਖ਼ੁਸ਼ੀ ਅਤੇ ਓਪਰੇਪਣ ਦਾ ਇੱਕ ਅਨੋਖਾ ਅਹਿਸਾਸ ਉਸ ਦੇ ਮਨ ਮਸਤਕ 'ਤੇ ਹਾਵੀ ਹੋ ਰਿਹਾ ਸੀ। ਜੋ ਸਰੀਰ ਤੇ ਉਸ ਦਾ ਕੰਟਰੋਲ ਢਿੱਲਾ ਕਰ ਰਿਹਾ ਸੀ। ਬੈੱਲ ਦੀ ਆਵਾਜ਼ ਸੁਣ ਕੇ ਨੌਕਰ ਨੇ ਗੇਟ ਦਾ ਛੋਟਾ ਬੂਹਾ ਖੋਲ੍ਹਿਆ ਤੇ ਉਸ ਨੂੰ ਆਉਣ ਦਾ ਕਾਰਨ ਪੁੱਛਿਆ ਤਾਂ ਸ਼ਾਮ ਲਾਲ ਨੇ ਕਿਹਾ, 'ਮੈਂ ਜਿੰਦਲ ਸਾਹਬ ਨੂੰ ਮਿਲਣਾ ਹੈ, ਮੈਂ ਉਨ੍ਹਾਂ ਦਾ ਬਚਪਨ ਦਾ ਦੋਸਤ ਹਾਂ, ਸਾਹਬ ਨੂੰ ਕਹੋ ਕਿ ਤੇਰਾ ਬਚਪਨ ਦਾ ਦੋਸਤ ਸ਼ਾਮਾ ਆਇਆ ਹੈ।'।

ਨੌਕਰ ਨੇ ਵਾਪਸ ਜਾ ਕੇ ਪਤਾ ਕੀਤਾ ਅਤੇ ਉਸ ਨੂੰ ਜਿਸ ਤਰ੍ਹਾਂ ਉਮੀਦ ਸੀ ਅੰਦਰ ਜਾਣ ਲਈ ਹਰੀ ਝੰਡੀ ਮਿਲ ਗਈ।

ਜਦੋਂ ਸ਼ਾਮ ਲਾਲ ਕੋਠੀ 'ਚ ਅੰਦਰ ਦਾਖ਼ਲ ਹੋਇਆ ਤਾਂ ਅੰਦਰ ਦਾ ਨਕਸ਼ਾ ਵੇਖ ਕੇ ਦੰਗ ਰਹਿ ਗਿਆ। ਉਸ ਨੂੰ ਆਪਣੇ ਮਿੱਤਰ ਦੀ ਕਿਸਮਤ ਉੱਤੇ ਰਸ਼ਕ ਹੋਇਆ ਤੇ ਆਪਣੀ ਕਿਸਮਤ 'ਤੇ ਫ਼ਖਰ ਵੀ ਕਿ ਮੇਰਾ ਇੱਕ ਪਿਆਰਾ ਮਿੱਤਰ ਏਨਾ ਵੱਡਾ ਆਦਮੀ ਬਣ ਗਿਐ। ਕਈ ਮੰਜ਼ਿਲੀ ਆਲੀਸ਼ਾਨ ਕੋਠੀ ਦੇ ਅੱਗੇ ਖ਼ੂਬਸੂਰਤ ਫੁੱਲਾਂ ਗਮਲਿਆਂ ਨਾਲ ਸਜੇ ਹੋਏ ਖ਼ੂਬਸੂਰਤ ਲਾਅਨ ਦਾ ਹਰਾ-ਹਰਾ ਘਾਹ ਜਿਵੇਂ ਉਸ ਦਾ ਸੁਆਗਤ ਕਰ ਰਿਹਾ ਹੋਵੇ। ਇਹ ਸਾਰਾ ਕੁੱਝ ਵੇਖ ਕੇ ਇੱਕ ਵਾਰ ਤਾਂ ਉਸ ਦੇ ਅੰਦਰ ਹੀਣ ਭਾਵਨਾ ਵੀ ਪੈਦਾ ਹੋਈ ਪਰ ਫੇਰ ਉਸ ਨੇ ਜਿਵੇਂ ਉਸ ਨੂੰ ਛਿਣਕ ਕੇ ਦੂਰ ਸੁੱਟ ਦਿੱਤਾ ਹੋਵੇ। ਇਹ ਘਾਹ, ਇਹ ਖ਼ੂਬਸੂਰਤ ਕੋਠੀ ਤੇਰੇ ਮਿੱਤਰ ਦੀ ਤਾਂ ਹੈ, ਫੇਰ ਝਿਜਕ ਕਾਹਦੀ। ਉਹ ਅੱਗੇ ਵਧਿਆ, ਉਸ ਨੇ ਵੇਖਿਆ ਸਾਹਮਣੇ ਖ਼ੂਬਸੂਰਤ ਘਾਹ ਉਤੇ ਸਿਆਲ ਦੀ ਨਿੱਘੀ-ਨਿੱਘੀ ਧੁੱਪ ਵਿੱਚ ਕੁਝ ਆਦਮੀ ਤੇ ਔਰਤਾਂ ਵਿਸ਼ੇਸ਼ ਪ੍ਰਕਾਰ ਦੀਆਂ ਖ਼ੂਬਸੂਰਤ ਕੁਰਸੀਆਂ ਉਤੇ ਸਜੇ ਧਜੇ ਬੈਠੇ ਗੱਪ ਸ਼ੱਪ ਕਰ ਰਹੇ ਹਨ। ਬਸੰਤ ਦੇ ਮੌਸਮ ਦੀ ਪਿਆਰੀ-ਪਿਆਰੀ ਧੁੱਪ ਜਿਵੇਂ ਉਸ ਨੂੰ ਕੋਈ ਇਲਾਹੀ ਸਰੂਰ ਦੇ ਰਹੀ ਸੀ। ਪਹਿਲੀ ਨਜ਼ਰੇ ਹੀ ਉਸ ਨੂੰ ਸਾਹਮਣੇ ਬੈਠੇ ਇੱਕ ਆਦਮੀ ਵਿੱਚ ਆਪਣੇ ਪਿਅਰੇ ਦੋਸਤ ਸੱਤੀ ਦਾ ਬਚਪਨ ਤੋਂ ਲੈ ਕੇ ਅੱਜ ਤੀਕ ਆਪਣੇ ਜ਼ਿਹਨ ਵਿੱਚ ਸੰਭਾਲਿਆ ਚਿੱਤਰ ਨਜ਼ਰੀ ਪਿਆ। ਬਸ ਫੇਰ ਕੀ ਸੀ, ਉਹ ਭੱਜ ਕੇ ਅੱਗੇ ਵਧਿਆ।,'ਉਏ ਸੱਤੀ, ਉਏ ਮੈਂ ਤੇਰਾ ਬਚਪਨ ਦਾ ਦੋਸਤ ਸ਼ਾਮਾ ਪਛਾਣਿਆ ਨਹੀਂ ਤੇ ਭੱਜ ਕੇ ਉਸ ਦੇ ਨੇੜੇ ਹੋਇਆ।'

ਪਰ ਇਹ ਕੀ, ਸੱਤੀ ਦੇ ਚਿਹਰੇ 'ਤੇ ਕੁਝ ਅਜਨਬੀ ਭਾਵ ਉੱਭਰੇ ਅਤੇ ਜਿਸ ਬਰਫ਼ ਵਰਗੇ ਠੰਢੇ ਅਹਿਸਾਸ ਨਾਲ ਉਸ ਨੇ ਹੱਥ ਮਿਲਾਇਆ, ਉਸ ਦੀ ਤਾਂ ਕਦੇ ਸ਼ਾਮ ਲਾਲ ਨੇ ਕਲਪਨਾ ਵੀ ਨਹੀਂ ਸੀ ਕੀਤੀ। ਉਹ ਸੋਚਦਾ ਰਿਹਾ ਸੀ, ਮੈਨੂੰ ਵੇਖਦਿਆਂ ਹੀ ਸੱਤੀ ਭੱਜ ਕੇ ਗਲ ਨੂੰ ਚਿੰਬੜ ਜਾਵੇਗਾ ਤੇ ਆਖੇਗਾ, 'ਉਏ ਸ਼ਾਮਿਆ ਮੈਂ ਤਾਂ ਤੈਨੂੰ ਰੋਜ਼ ਯਾਦ ਕਰ ਕੇ ਸੌਂਦਾ ਸਾਂ ਤੇ ਫਿਰ ਬਚਪਨ ਦੇ ਉਨ੍ਹਾਂ ਰੰਗੀਨ ਦਿਨਾਂ ਦੇ ਕਿੱਸੇ ਮੁੜ ਦੁਹਰਾਏ ਜਾਣਗੇ। ਪਰ ਸੱਤੀ ਨੇ ਤਾਂ ਉਸ ਨੂੰ ਬੈਠਣ ਵਾਸਤੇ ਵੀ ਨਹੀਂ ਸੀ ਕਿਹਾ। ਉਹ ਹੋਰ ਮੈਂਬਰਾਂ ਨੂੰ ਨਮਸਤੇ ਕਰਨੀ ਵੀ ਭੁੱਲ ਗਿਆ।

ਸੱਤੀ ਨੇ, ਨਹੀਂ ਨਹੀ ਜਿੰਦਲ ਸਾਹਿਬ ਨੇ ਨੌਕਰ ਵੱਲ ਇਸ਼ਾਰਾ ਕਰ ਕੇ ਉਸ ਨੂੰ ਕੋਲ ਬੁਲਾਇਆ ਤੇ ਉਸ ਨੂੰ ਦੋ ਕੁਰਸੀਆਂ ਗੇਟ ਦੇ ਕੋਲ ਰੱਖਣ ਲਈ ਕਹਿ ਕੇ ਸ਼ਾਮ ਲਾਲ ਨੂੰ ਨਾਲ ਲੈ ਕੇ ਉਧਰ ਨੂੰ ਤੁਰ ਪਿਆ।

ਸ਼ਾਮ ਲਾਲ ਸੋਚ ਰਿਹਾ ਸੀ ਦੋਸਤ ਘਰ ਦੇ ਮੈਂਬਰਾਂ ਨਾਲ ਮੇਰਾ ਤੁਆਰਫ਼ ਕਰਾਏਗਾ, ਪਰ ਏਥੇ ਤਾਂ ਪਤਾ ਨਹੀਂ ਕਿਉਂ ਸਭ ਉਸ ਦੀ ਸੋਚ ਤੋਂ ਉਲਟ ਹੋ ਰਿਹਾ ਸੀ। ਉਹ ਅਜੇ ਸੋਚ ਹੀ ਰਿਹਾ ਸੀ ਕਿ ਮੈਨੂੰ ਏਥੇ ਨਹੀਂ ਆਉਣਾ ਚਾਹੀਦਾ ਸੀ। ਜਿੰਦਲ ਸਾਹਿਬ ਨੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ ਅਤੇ ਆਪ ਵੀ ਦੂਸਰੀ ਕੁਰਸੀ 'ਤੇ ਬੈਠ ਗਿਆ। ਪਾਣੀ ਧਾਣੀ ਪੁੱਛਣ ਤੋਂ ਪਹਿਲਾਂ ਹੀ ਪਹਾੜ ਜਿੱਡਾ ਉਲਾਂਭਾ ਉਸ ਦੇ ਸਿਰ ਵਿੱਚ ਦੇ ਮਾਰਿਆ।

'ਵੇਖ ਸ਼ਾਮਿਆਂ ਮੈਂ ਹੁਣ ਪਹਿਲਾਂ ਵਾਲਾ ਸੱਤੀ ਨਹੀਂ ਮੈਂ ਏਥੇ ਸੇਠ ਸੱਤਪਾਲ ਜਿੰਦਲ ਹਾਂ, ਜਿੰਦਲ ਕਾਟਨ ਮਿੱਲ ਦਾ ਮਾਲਕ। ਤੂੰ ਆਉਂਦਿਆਂ ਸੱਤੀ ਸੱਤੀ ਆਖ ਕੇ ਮੇਰੀ ਅਨਸਲਟ ਕਰ ਦਿੱਤੀ, ਸਭ ਦੇ ਸਾਹਮਣੇ। ਮੇਰੇ ਪਰਿਵਾਰ ਵਾਲੇ ਤੇ ਮਿੱਤਰ ਕੀ ਸੋਚਣਗੇ? ਤੈਨੂੰ ਕੀ ਪਤੈ ਮੇਰੀ ਏਥੇ ਕਿੰਨੀ ਇੱਜ਼ਤ ਹੈ। ਤੁਹਾਨੂੰ ਪਿੰਡਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਤਾਂ ਪਤਾ ਹੀ ਨਹੀਂ, ਵੱਡੇ ਲੋਕਾਂ ਨਾਲ ਕਿਵੇਂ ਗੱਲ ਕਰੀਦੀ ਐ?'।

ਉਸ ਨੂੰ ਸ਼ਾਇਦ ਭੁੱਲ ਗਿਆ ਸੀ ਕਿ ਉਹ ਵੀ ਕਦੇ ਪਿੰਡ ਵਿੱਚ ਜੰਮਿਆ ਸੀ ਤੇ ਸ਼ਾਮ ਲਾਲ ਵੀ ਪੜ੍ਹਿਆ ਲਿਖਿਆ ਤੇ ਸਮਝਦਾਰ ਵਿਅਕਤੀ ਹੈ ਕੋਈ ਘੁੱਘੂ ਬਟੇਰਾ ਨਹੀਂ। ਉਸ ਨੂੰ ਤਾਂ ਸ਼ਾਇਦ ਪਿੰਡ ਦੇ ਨਾਂ 'ਚੋਂ ਵੀ ਬੋਅ ਆਉਣ ਲੱਗ ਪਈ ਹੋਵੇ।

ਸ਼ਾਮ ਲਾਲ ਨੂੰ ਉਸ ਦੀਆਂ ਅਗਲੀਆਂ ਗੱਲਾਂ ਦੀ ਕੋਈ ਸਮਝ ਨਾ ਪਈ। ਲੋੜ ਵੀ ਨਹੀਂ ਸੀ ਰਹੀ। ਉਸ ਦਾ ਸਿਰ ਇਸ ਤਰ੍ਹਾਂ ਘੁੰਮ ਰਿਹਾ ਸੀ, ਜਿਸ ਤਰ੍ਹਾਂ ਵਾਸ਼ਿੰਗ ਮਸ਼ੀਨ ਵਿੱਚ ਪਾਏ ਕੱਪੜੇ। ਸ਼ਾਇਦ ਅਜੇ ਕਸਰ ਬਾਕੀ ਸੀ। ਜਿੰਦਲ ਸਾਹਬ ਨੇ ਉਸ ਨੂੰ ਜਿਵੇਂ ਵਾਸ਼ਿੰਗ ਮਸ਼ੀਨ ਦੇ ਕੱਪੜੇ ਧੋਣ ਵਾਲੇ ਖਾਨੇ 'ਚੋਂ ਕੱਢ ਕੇ, ਸੁਕਾਉਣ ਵਾਲੇ ਖਾਨੇ ਵਿੱਚ ਪਾ ਕੇ ਫੇਰ ਬਟਨ ਦਬਾ ਦਿੱਤਾ ਹੋਵੇ।

'ਵੇਖ ਸ਼ਾਮਿਆਂ ਮੇਰੇ ਦੋਸਤ ਕੀ ਸਮਝਦੇ ਹੋਣਗੇ ਕਿ ਇਸ ਦੇ ਇਸ ਤਰ੍ਹਾਂ ਦੇ ਮਿੱਤਰ ਵੀ ਹਨ। ਤੂੰ ਮੈਨੂੰ ਸਕੂਲ ਬੁਲਾ ਲੈਂਦਾ। ਸ਼ਾਇਦ ਤੇਰਾ ਵੀ ਫ਼ਾਇਦਾ ਹੁੰਦਾ, ਮੇਰੇ ਉਥੇ ਜਾਣ ਨਾਲ ਤੇਰੀ ਟੌਹਰ ਬਣ ਜਾਣੀ ਸੀ ਕਿ ਇਹ ਜਿੰਦਲ ਸਾਹਬ ਦਾ ਬੰਦਾ ਹੈ।

ਸ਼ਾਮ ਲਾਲ ਸੋਚ ਰਿਹਾ ਸੀ, ਮੈਨੂੰ ਇਸ ਨੇ ਦਸ ਵਾਰ ਸ਼ਾਮਾ ਕਿਹਾ ਤਾਂ ਮੇਰਾ ਕੁਝ ਨਹੀਂ ਘਟਿਆ, ਇਸ ਦਾ ਇੱਕੋ ਵਾਰ ਸੱਤੀ ਕਹਿਣ ਨਾਲ ਏਨਾ ਕੁਝ ਘਟ ਗਿਆ। ਨਾਲੇ ਲੋਕ ਕਹਿਣਗੇ ਜਿੰਦਲ ਸਾਹਬ ਦਾ ਬੰਦਾ ਹੈ, ਮੈਂ ਹੁਣ ਇਸ ਲਈ ਮਿੱਤਰ ਨਹੀਂ ਬੰਦਾ ਹਾਂ। ਸ਼ਾਮ ਲਾਲ ਕੁਰਸੀ ਤੋਂ ਉਠ ਖਲੋਤਾ, ਤੇ ਗੇਟ ਦੇ ਵਿਚਕਾਰ ਜਾ ਕੇ ਬੋਲਿਆ, ਹਾਂ ਸ਼੍ਰੀ ਮਾਨ ਸੇਠ ਸੱਤਪਾਲ ਜਿੰਦਲ ਜੀ (ਜਿਵੇਂ ਉਹ ਨੇਮ ਪਲੇਟ ਦੇ ਲਫ਼ਜ਼ਾਂ ਨੂੰ ਦੁਹਰਾ ਰਿਹਾ ਹੋਵੇ) ਮੇਰਾ ਮਿੱਤਰ ਤਾਂ ਸੱਤੀ ਹੁੰਦਾ ਸੀ, ਏਥੇ ਹੁਣ ਸੇਠ ਸਤਪਾਲ ਜਿੰਦਲ ਰਹਿੰਦੈ, ਮੇਰਾ ਮਿੱਤਰ ਸੱਤੀ ਨਹੀਂ। ਤੇ ਉਹ ਮੂੰਹ ਪਰਤਾ ਕੇ ਬਾਹਰ ਨਿਕਲਿਆ, ਉਸ ਨੂੰ ਨਹੀਂ ਸੀ ਪਤਾ ਕਿ ਸੱਤੀ ਵੀ ਉਸ ਦੇ ਪਿੱਛੇ ਬਾਹਰ ਆ ਗਿਆ ਹੈ। ਉਹ ਪੈਰ ਅੱਗੇ ਪੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸਦੇ ਪੈਰਾਂ ਨਾਲ ਜਿਵੇਂ ਕਿਸੇ ਨੇ ਪੱਥਰ ਬੰਨ੍ਹ ਦਿੱਤੇ ਹੋਣ। ਆਉਣ ਵੇਲੇ ਤਾਂ ਉਸ ਨੂੰ ਖੰਭ ਲੱਗੇ ਹੋਏ ਸਨ ਜੋ ਜਿੰਦਲ ਸਾਹਬ ਨੇ ਆਉਂਦਿਆਂ ਹੀ ਝਾੜ ਦਿੱਤੇ ਸਨ। ਉਹ ਚਾਹ ਕੇ ਵੀ ਜਿਵੇਂ ਅੱਗੇ ਨਹੀਂ ਸੀ ਤੁਰ ਰਿਹਾ। ਉਸ ਦੇ ਸਿਰ ਨੂੰ ਤੇਜ਼ੀ ਨਾਲ ਚੱਕਰ ਆ ਰਹੇ ਸਨ।

ਉਹ ਸ਼ਾਇਦ ਡਿੱਗ ਪੈਂਦਾ, ਹਵਾ ਦਾ ਇੱਕ ਠੰਢਾ ਝੋਕਾ ਆਇਆ ਅਤੇ ਇੱਕ ਮੋਟਰਸਾਇਕਲ ਉਸ ਦੇ ਕੋਲ ਆ ਕੇ ਰੁਕਿਆ। ਕਿਸੇ ਨੇ ਉਸ ਨੂੰ ਭੱਜ ਕੇ ਜੱਫੀ ਪਾ ਲਈ ਅਤੇ ਆਪਦੇ ਨਾਲ ਏਨਾ ਘੁੱਟਿਆ ਕਿ ਉਹ ਡਿੱਗ ਨਾ ਸਕਿਆ, ਪਰ ਉਹ ਬੇ-ਹੋਸ਼ੀ ਵਿੱਚੋਂ ਬਾਹਰ ਆਉਣ ਵਿੱਚ ਕਾਮਯਾਬ ਹੋ ਗਿਆ। ਉਸ ਆਦਮੀ ਦੇ ਮੂੰਹੋਂ ਇਹ ਲਫ਼ਜ਼ ਸੁਣਦਿਆਂ ਹੀ ਜਿਵੇਂ ਉਸ ਨਰਕ ਤੋਂ ਸਵਰਗ ਵਿੱਚ ਆ ਡਿੱਗਾ ਹੋਵੇ, 'ਉਏ ਸ਼ਾਮਿਆਂ ਤੂੰ! ਉਏ ਮੈਂ ਤੇਰਾ ਬਚਪਨ ਦਾ ਦੋਸਤ, ਪਛਾਣਿਆ ਨਹੀਂ ਮੈਨੂੰ!'

'ਉਏ ਰਾਮ ਸਰੂਪ', ਸ਼ਾਮ ਲਾਲ ਦੇ ਮੂੰਹੋਂ ਨਿਕਲਿਆ ਤੇ ਉਸ ਨਾਲ ਲਿਪਟ ਗਿਆ। ਉਹ ਤਾਂ ਸ਼ਾਇਦ ਸਰੂਪਾ ਹੀ ਆਖਦਾ ਪਰ ਉਹ ਹੁਣੇ-ਹੁਣੇ ਹੋਈ ਗ਼ਲਤੀ ਨੂੰ ਨਹੀਂ ਸੀ ਦੁਹਰਾਉਣਾ ਚਾਹੁੰਦਾ।

'ਉਏ, ਰਾਮ ਸਰੂਪ ਨਹੀਂ, ਸਰੂਪਾ ਆਖ, ਸਰੂਪਾ, ਜੀਹਦੇ ਨਾਲ ਵਣਾਂ 'ਤੇ ਪੀਲਾਂ ਤੋੜਦਾ ਹੁੰਦਾ ਸੈਂ। ਯਾਦ ਈ ਕਿ ਨਹੀਂ। ਰਾਮ ਸਰੂਪ ਆਖਣ ਵਾਲੇ ਤਾਂ ਬੜੇ ਮਿਲ ਜਾਂਦੇ ਐ, ਸਰੂਪਾ ਆਖਣ ਵਾਲਾ ਕੋਈ ਮੁਸ਼ਕਿਲ ਮਿਲਦੈ। ਤੇ ਉਸ ਨੂੰ ਆਪਣੇ ਨਾਲ ਇੰਝ ਘੁੱਟ ਲਿਆ ਜਿਵੇਂ ਉਸ ਤੋਂ ਦੂਰ ਹੀ ਨਾ ਹੋਣਾ ਚਹੁੰਦਾ ਹੋਵੇ। ਸੇਠ ਸਤਪਾਲ ਜਿੰਦਲ ਸਾਹਬ ਪਿੱਛੇ ਖਲੋਤਾ ਸਭ ਕੁਝ ਵੇਖ ਰਿਹਾ ਸੀ। ਉਸ ਨੂੰ ਇੱਕ ਝੁਣਝੁਣੀ ਜਿਹੀ ਆਈ ਤੇ ਪਿੰਡ 'ਚ ਬੀਤੇ ਉਹ ਬਚਪਨ ਦੇ ਸੁਹਾਣੇ ਦਿਨ ਫਿਲਮ ਵਾਂਗ ਝੱਟ ਉਸ ਦੇ ਦਿਮਾਗ਼ ਵਿੱਚ ਘੁੰਮ ਗਏ। ਉਹ ਅੱਗੇ ਹੋ ਕੇ ਦੋਹਾਂ ਦੇ ਹੱਥ ਫੜਦਾ ਸਿਰਫ਼ ਏਨਾ ਹੀ ਬੋਲ ਸਕਿਆ, 'ਉਏ ਮੈਂ ਸੱਤੀ, ਤੁਹਾਡਾ... ਤੇ ਅਗਲੀ ਗੱਲ ਉਸ ਦੇ ਸੰਘ ਵਿੱਚ ਹੀ ਅਟਕ ਕੇ ਰਹਿ ਗਈ। ਹੰਝੂਆਂ ਦੀਆਂ ਧਾਰਾਂ ਉਸ ਦੀਆਂ ਅੱਖੀਆਂ 'ਚੋਂ ਚਸ਼ਮੇ ਵਾਂਗੂ ਫੁੱਟ ਪਈਆਂ। ਜਿਨ੍ਹਾਂ ਨੇ ਉਸ ਦੇ ਅੰਦਰ ਜੰਮੀ ਝੂਠੇ ਸਵੈਮਾਣ ਦੀ ਕਾਲਖ ਧੋ ਸੁੱਟੀ। ਉਸ ਨੇ ਦੋਵਾਂ ਨੂੰ ਇਕੱਠਿਆਂ ਹੀ ਆਪਣੇ ਕਲਾਵੇ ਵਿੱਚ ਲੈ ਲਿਆ ਤੇ ਫਿਰ ਦੋਹਾਂ ਨੂੰ ਖਿੱਚੀ ਇੰਝ ਲੈ ਜਾ ਰਿਹਾ ਸੀ, ਜਿਵੇਂ ਅੱਜ ਵੀ ਵਣਾਂ 'ਤੇ ਪੀਲਾ ਤੋੜਨ ਜਾਣਾ ਹੋਵੇ ਜਾਂ ਨਹਿਰ 'ਤੇ ਨਹਾਉਣ ਦੀ ਕਾਹਲ ਹੋਵੇ।

# ਮੇਰੀ ਕਲਮ

## ਸੌਦੇਬਾਜ਼ੀ ਇਸ਼ਕਾਂ ਵਿੱਚ

ਸ਼ਮਸ਼ੇਰ ਸੰਧੂ

ਐਵੇਂ ਨਾ ਲੰਘ ਜਾਏ ਰੁੱਤ ਬਹਾਰਾਂ ਦੀ।
ਮਾਣ ਲੈ ਰੱਜ ਕੇ ਸੰਗਤ ਜਿਗਰੀ ਯਾਰਾਂ ਦੀ।
ਲਿਸ਼ਕ-ਪੁਸ਼ਕ ਤੇ ਸੌਦੇਬਾਜ਼ੀ ਇਸ਼ਕਾਂ ਵਿੱਚ,
ਕਦਰ ਨਾ ਕੋਈ ਅੱਜਕੱਲ੍ਹ ਸੱਚੇ ਪਿਆਰਾਂ ਦੀ।
ਤੇਰੀ ਦੇਖ ਕੇ ਆਦਤ ਸਦਾ ਹੀ ਜਿੱਤਣ ਦੀ,
ਅਸੀਂ ਬਣਾ ਲਈ ਆਦਤ ਸਦਾ ਹੀ ਹਾਰਾਂ ਦੀ।
ਮਿਲ ਜਾਵੀਂ ਇੱਕ ਵਾਰ ਤਾਂ ਆ ਕੇ ਮਿਲ ਜਾਵੀਂ,
ਜੇ ਗੱਲ ਚੇਤੇ ਕੀਤੇ ਹੋਏ ਇਕਰਾਰਾਂ ਦੀ।
ਬੰਦੇ ਜਦ ਤੋਂ ਕੁੱਤੇ ਬਿੱਲੇ ਬਣ ਗਏ ਨੇ,
ਜਾਨ ਹੈ ਕੰਬਦੀ ਘੁੱਗੀਆਂ ਅਤੇ ਗੁਟਾਰਾਂ ਦੀ।
ਮੇਰੇ ਨਾਲ ਤੂੰ ਪੈਦਲ ਕਦ ਤੱਕ ਚੱਲਣਾ ਸੀ,
ਤੇਰੀ ਸੋਚ ਸੀ ਕੋਠੀਆਂ ਦੀ ਤੇ ਕਾਰਾਂ ਦੀ।
ਗਿੱਧੇ, ਲਹਿੰਗੇ, ਘੱਗਰੇ, ਛਾ ਗਏ ਦੁਨੀਆ ਵਿੱਚ,
ਰੀਸ ਕਰੂਗਾ ਕੌਣ ਪੰਜਾਬਣ ਨਾਰਾਂ ਦੀ।
ਪਿੱਠ ਪਿੱਛੇ ਤੈਨੂੰ ਚਮਚਾ ਕੜਛਾ ਕਹਿੰਦੇ ਨੇ,
ਛੱਡ ਦੇ ਮਾਰਨੀ ਚਮਚੀ ਤੂੰ ਸਰਕਾਰਾਂ ਦੀ।
ਬੁੱਲ੍ਹਾਂ ਉੱਤੇ ਜੀਭ ਹੈ ਹੁਣ ਵੀ ਫਿਰ ਜਾਂਦੀ,
ਯਾਦ ਹੈ ਆਉਂਦੀ ਜਦ ਮੱਝਾਂ ਦੀਆਂ ਧਾਰਾਂ ਦੀ।
ਸਮੇਂ ਦਾ ਪਹੀਆ ਪੁੱਠਾ ਵੀ ਹੈ ਗਿੜ ਜਾਂਦਾ,
ਫੁੱਲ ਨੂੰ ਰਾਖੀ ਕਰਨੀ ਪੈਂਦੀ ਖਾਰਾਂ ਦੀ।
ਨਵੇਂ ਯਾਰ ਜਦ ਚੌਕ 'ਚ ਛੱਡ ਤੁਰ ਜਾਵਣਗੇ,
ਫਿਰ ਸੰਧੂਆ ਆਊ ਯਾਦ ਪੁਰਾਣੇ ਯਾਰਾਂ ਦੀ।

## ਗ਼ਜ਼ਲ

ਡਾ. ਨਰੇਸ਼

ਚੁੱਪ ਸਿਆਣਪ ਨਹੀਂ ਸਿਆਸਤ ਹੈ।
ਜ਼ੁਲਮ ਅੰਦਰ ਖ਼ਾਮੋਸ਼ ਸ਼ਿਰਕਤ ਹੈ।
ਝੂਠ ਹਨ ਹੱਥ ਦੀਆਂ ਲਕੀਰਾਂ ਸਭ,
ਹੱਥ ਦੀ ਕਾਰ ਹੀ ਹਕੀਕਤ ਹੈ।
ਤੇਰੇ ਪੱਲੇ ਨੇ ਨੋਟ ਕਾਗਜ਼ ਦੇ,
ਮੇਰੇ ਪੱਲੇ ਕਲਮ ਦੀ ਦੌਲਤ ਹੈ।
ਜਿੱਥੇ ਦਰਕਾਰ ਹਨ ਗਵਾਹ ਨਾ ਸਬੂਤ,
ਐਸੀ ਵੀ ਉੱਤੇ ਇੱਕ ਅਦਾਲਤ ਹੈ।
ਕੌਮ ਹੈ ਸੱਖਣੀ ਜ਼ਮੀਰਾਂ ਤੋਂ,
ਇਹ ਮੇਰੇ ਦੌਰ ਦੀ ਹਕੀਕਤ ਹੈ।
ਬੰਦਗੀ ਬੇਗਰਜ਼ ਨਾ ਹੋਵੇ ਤਾਂ,
ਹਰ ਇਬਾਦਤ ਨਿਰੀ ਤਿਜਾਰਤ ਹੈ।
ਇਲਮ ਵੀ ਇਸ਼ਕ ਤੋਂ ਬਗੈਰ 'ਨਰੇਸ਼',
ਵਿੰਗੀ ਟੇਢੀ ਜਿਹੀ ਇਬਾਰਤ ਹੈ।

## ਵਧਦੀ ਠੰਢ

ਹਰਪ੍ਰੀਤ ਪੱਤੋ



ਜਦ ਬਰਫ਼ ਪਹਾੜਾਂ ਵਿੱਚ ਪੈਂਦੀ,
ਹਵਾ ਵਗਦੀ ਠੰਢੀ ਠਾਰ ਮੀਆਂ।
ਸੀਤ ਲਹਿਰ ਠਾਰਦੀ ਸਭ ਤਾਂਈ,
ਲੰਘੀ ਜਾਂਵਦੀ ਆਰ ਪਾਰ ਮੀਆਂ।
ਕੰਬਲ ਰਜਾਈਆਂ ਉੱਤੇ ਲਈ ਬੈਠੇ,
ਕਈ ਬੱਚੇ ਬੁੱਢੇ ਬਿਮਾਰ ਮੀਆਂ।
ਹੱਥ ਠਰਦੇ ਪੈਰ ਵੀ ਸੁੰਨ ਹੁੰਦੇ,
ਜੇ ਜਾਈਏ ਘਰੋਂ ਬਾਹਰ ਮੀਆਂ।
ਦਿਨੋਂ ਦਿਨ ਪ੍ਰਕੋਪ ਵਧੀ ਜਾਵੇ,
ਹਰ ਇੱਕ ਦਿਸੇ ਲਾਚਾਰ ਮੀਆਂ।
ਬਿਨਾਂ ਕੰਮ ਤੋਂ ਨਾ ਸਮਾਂ ਲੰਘੇ,
ਲੈਣੀ ਪੈਂਦੀ ਇਹ ਸਹਾਰ ਮੀਆਂ।
ਠੰਢ ਮਾਰੇ ਆਉਂਦੀ ਜਾਂ ਜਾਂਦੀ,
ਪੈਂਦੀ ਇਹਦੀ ਬੁਰੀ ਮਾਰ ਮੀਆਂ।
ਜਮ੍ਹਾਂ ਹੁੰਦੀ ਤਾਂ ਆਪਾਂ ਰੱਖ ਲੈਂਦੇ,
ਘਰੇ ਭਰ ਕੇ ਬੋਰੀਆਂ ਚਾਰ ਮੀਆਂ।
ਗਰਮੀ ਵਿੱਚ ਕਰਦੇ ਮੌਜ, ਪੱਤੋ,
ਲੁੱਟਦੇ ਅਸੀਂ ਬੈਠ ਬਹਾਰ ਮੀਆਂ।

## ਧੁੱਪ

ਓਮਕਾਰ ਸੂਦ ਬਹੋਨਾ



ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਨਿੱਘਾ ਨਿੱਘਾ ਸੁਖ ਦੇਵੇ ਇਹ ਲੱਗੇ ਕਰਮਾਂ ਵਾਲੀ ਧੁੱਪ।
ਜਦੋਂ ਸਿਆਲਾ ਚੜ੍ਹ ਆਵੇ ਤਾਂ ਠੰਢ ਦਾ ਵਧ ਜਾਏ ਜ਼ੋਰ,
ਠੁਰ ਠੁਰ ਕੰਬਣ ਸਭ ਨੂੰ ਲਾ ਦਏ ਤਕੜਾ ਜਾਂ ਕਮਜ਼ੋਰ,
ਨਿੱਘੀ ਨਿੱਘੀ ਚੜ੍ਹ ਕੇ ਸਾਡੀ ਠੰਢ ਤੋਂ ਕਰੇ ਰਖਵਾਲੀ ਧੁੱਪ।
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਹੱਥਾਂ-ਪੈਰਾਂ ਨੂੰ ਸੁੰਨ ਚੜ੍ਹਦੀ ਜਾਵੇ ਸੁਬ੍ਹਾ-ਦੁਪਹਿਰ-ਸਵੇਰੇ,
ਕੰਮ ਕਰਨ ਨੂੰ ਜੀ ਨਾ ਕਰਦਾ ਪਾਲਾ ਕਾਂਬਾ ਛੇੜੇ,
ਕੜਕ ਨਾ ਕਿਤੋਂ ਮਿਲੇ ਤਾਂ ਮਿਲਜੇ ਥੋੜ੍ਹੀ ਬਾਹਲੀ ਧੁੱਪ।
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਰਜਾਈ ਵਿੱਚ ਉਹ ਗੱਲ ਨਾ ਬਣਦੀ ਜੋ ਬਣਦੀ ਧੁੱਪ ਸਾਹਵੇਂ।
ਠਰਦਿਆਂ ਨੂੰ ਮਿਲ ਜਾਵੇ ਇਹ ਥੋੜ੍ਹੀ ਹੀ ਜਿਹੀ ਭਾਵੇਂ।
ਮੁਰਝਾਇਆ ਹੋਇਆ ਚਮਕਾ ਦਿੰਦੀ ਹੈ ਠਰੇ ਬੰਦੇ ਦਾ ਮੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਕੋਟੀਆਂ ਅਤੇ ਸਵੈਟਰ ਕੰਬਲ ਓੜ ਓੜ ਕੇ ਬੰਦੇ।
ਹਿੰਮਤ ਵਾਲੇ ਕਰੀ ਜਾਂਦੇ ਨੇ ਆਪਣੇ ਆਪਣੇ ਧੰਦੇ।
ਠੰਢ ਵਿੱਚ ਕੰਮ ਕਰਨ ਦਾ ਹੁੰਦਾ ਦੁੱਗਣਾ ਤਿੱਗਣਾ ਸੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਹੱਡੀਆਂ ਨੂੰ ਮਜ਼ਬੂਤੀ ਦਿੰਦਾ ਮਿਲਦਾ ਨਹੀਂ ਕਿਤੋਂ ਹੋਰ।
ਡੀ ਵਿਟਾਮਿਨ ਮਿਲਦਾ ਸਾਨੂੰ ਬਿਨਾਂ ਮਚਾਏ ਸ਼ੋਰ।
ਧੁੱਪ 'ਚ ਬਹਿ ਕੇ ਮਿਲਦਾ ਨਿੱਘਾ ਨਿੱਘਾ ਸੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਧੁੱਪ ਸੇਕਣੀ ਚੰਗੀ ਹੁੰਦੀ ਸੇਕੋ ਮੁਫ਼ਤੋ ਮੁਫ਼ਤੀ।
ਖਾਵੋ ਬਹਿ ਕੇ ਮੂੰਗਫ਼ਲੀ ਇਹ ਧੁੱਪ ਸੇਕਣ ਦੀ ਜੁਗਤੀ।
ਖਾਂਦਿਆਂ ਪੀਂਦਿਆਂ ਮਿਲਦੀ ਤਾਕਤ ਨਾਲੇ ਮਿਟਦੀ ਭੁੱਖ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।
ਜਿੱਦਣ ਧੁੰਦ 'ਚੋਂ ਨਿਕਲੇ ਸੂਰਜ ਡਾਢਾ ਚੰਗਾ ਲੱਗੇ।
ਨਿੱਘੀ ਨਿੱਘੀ ਧੁੱਪ ਦਾ ਸੇਕਾ ਮਨਾਂ ਤਾਈਂ ਫੱਬੇ।
ਧੁੰਦ ਤੇ ਬੱਦਲ ਲੈਣ ਨਾ ਦਿੰਦੇ ਸਾਨੂੰ ਬਾਹਲੀ ਧੁੱਪ,
ਚੰਗੀ ਚੰਗੀ ਲੱਗੇ ਸਾਨੂੰ ਸਰਦ ਮਹੀਨੇ ਵਾਲੀ ਧੁੱਪ।

## ਜ਼ਹਿਰੀ ਸਾਹਵਾਂ

ਕੇਵਲ ਸਿੰਘ ਰੱਤੜਾ

ਪੂਰਨਿਆਂ ਬਿਨ ਸੁੰਦਰ ਲਿਖਤ ਕਿਆਸੀ ਨਹੀਂ ਜਾਂਦੀ
ਖ਼ਿਆਲਾਂ ਵਿੱਚ ਬਿਨ ਮੁੜ੍ਹਕੇ ਕਲਾ ਤਰਾਸ਼ੀ ਨਹੀਂ ਜਾਂਦੀ
ਪਾਣੀ ਜੀਵਨ ਦਾਤਾ, ਰੁੱਖ ਆਸਰਾ-ਘਰ ਹੁੰਦੇ,
ਐਵੇਂ ਕੱਲ੍ਹੀ ਖ਼ੂਹ ਵੱਲ ਚਿੜੀ ਪਿਆਸੀ ਨਹੀਂ ਜਾਂਦੀ
ਜ਼ਹਿਰੀ ਸਾਹਵਾਂ ਬਣੀਆਂ ਦਿੱਲੀ ਅਤੇ ਲਾਹੌਰ ਦੀਆਂ
ਚੰਡੀਗੜ੍ਹ ਹੋਊ ਕਦੇ ਸਮੌਗ ਕਿਆਸੀ ਨਹੀਂ ਜਾਂਦੀ
ਲਾਗੇ ਰੋਜ਼ੀ ਹੁੰਦੀ ਤਾਂ ਘਰ ਖੋਲ੍ਹੇ ਨਾ ਬਣਦੇ,
ਵੱਡੀ ਉਮਰੇ ਹੁੱਬਕੀਂ ਮਾਂ ਪਰਵਾਸੀਂ ਨਹੀਂ ਜਾਂਦੀ
ਵੈਰ ਛੱਡਕੇ ਭਾਗੋਆਂ ਹੱਥ ਮਿਲਾ ਲਏ ਲੱਗਦੇ ਨੇ
ਨਹੀਂ ਤਾਂ ਬਾਂਦਰ ਦੇ ਘਰ ਬਿੱਲੀ ਮਾਸੀ ਨਹੀਂ ਜਾਂਦੀ
ਗ਼ਲਤ ਨੂੰ ਨਾਂਹ ਕਹਿਣਾ ਤੇ ਅੜ੍ਹਨਾ ਔਰਤ ਨੂੰ ਪੈਣਾ
ਦਾਸੀ ਬਣਿਆਂ ਹੱਕ 'ਚ, ਬੰਦ-ਖਲਾਸੀ ਨਹੀਂ ਜਾਂਦੀ
ਖ਼ੂਨ ਵੱਟੇ ਜਿਸ ਕੌਮ ਤਾਰਿਆ ਮੁੱਲ ਆਜ਼ਾਦੀ ਦਾ,
ਨਸਲਕੁਸ਼ੀ ਦੀ ਜ਼ਿਹਨੋਂ ਯਾਦ ਚੁਰਾਸੀ ਨਹੀਂ ਜਾਂਦੀ
ਫੁਕਰੀ, ਝੂਠ ਦੀ ਸ਼ੋਹਰਤ ਆਖ਼ਿਰ ਬੇਪਰਦਾ ਹੋ ਜਾਏ
ਮਿਹਨਤ ਬਿਨਾਂ ਤਰੱਕੀ ਤਾਂ ਜਗਿਆਸੀ ਨਹੀਂ ਜਾਂਦੀ
ਪਾਣੀ ਬਦਲੇ ਝੋਨਾ ਸੀ ਉਗਵਾਇਆ ਜੀਹਨਾਂ ਨੇ,
ਧੋਖਾ ਦੇ ਗਏ 'ਰੱਤੜਾ' ਮਨੋਂ ਉਦਾਸੀ ਨਹੀਂ ਜਾਂਦੀ।

## ਲੱਭੋ ਅਕਾਲੀ ਫੂਲਾ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308

ਕਿਤਿਉਂ ਲਿਆਵੋ ਲੱਭ ਕੇ, ਹੁਣ ਅਕਾਲੀ ਫੂਲਾ,
ਜਿਸ ਦਾ ਹਰ ਇੱਕ ਫੈਸਲਾ, ਸੀ ਬਾ ਅਸੂਲਾ।
ਬੜ੍ਹਕ ਜਿਸ ਦੀ ਸੁਣ ਕੇ, ਰਣਜੀਤ ਸੀ ਡਰਿਆ,
ਰਾਜਾ ਬਣ ਵੀ ਨਾ ਕਰ ਸਕਿਆ, ਉਹ ਹੁਕਮ ਅਦੂਲਾ।
ਨਹੀਂ ਪਰਵਾਹ ਹੁਣ ਗੁਰੂ ਦੀ, ਨਾ ਮਰਯਾਦਾ ਦੀ,
ਜਥੇਦਾਰ ਬਚਾਉਂਦੇਫਿਰਦੇ, ਸਿਰਫ ਆਪਣਾ ਚੂਲ੍ਹਾ।
ਊਂਜਾਂ ਇੱਕ ਦੂਜੇ ਤੇ ਲਾਂਵਦੇ, ਸਭ ਦਿਨ ਤੇ ਰਾਤੀਂ,
ਸੱਚਾ ਬਣ ਬਣ ਦੱਸਦਾ, ਹਰ ਝੂਠਾ ਝਠੂਲਾ।
ਅਕਾਲ ਤਖਤ ਦੇ ਫਤਵੇ, ਹੋ ਗਏ ਹਾਸੋਹੀਣੇ,
ਸਿੱਖੀ ਉੱਤੇ ਨਿੱਤ ਹੋ ਰਿਹਾ, ਹਾਸਾ ਮਸ਼ਕੂਲਾ।
ਕੌਣ ਕਿਸ ਨੂੰ ਇਨਸਾਫ ਦਊ, ਸਮਝ ਨ੍ਹੀਂ ਆਉਂਦੀ,
ਦਾਗ਼ਦਾਰ ਹਰ ਦਾਮਨ ਹੈ, ਬੱਸ ਭਟਕਿਆ ਭੂਲਾ।
ਧੌਂਸਾਂ ਸਭ ਦਿਖਲਾਂਵਦੇ, ਨਿੱਤ ਹੀ ਵਧ ਚੜ੍ਹਕੇ,
ਹਰ ਇੱਕ ਦੂਜੇ ਤੇ ਹੋ ਰਿਹਾ, ਹੈ ਅੱਗ ਬਗੂਲਾ।
ਨਜ਼ਰ ਇਨ੍ਹਾਂ ਨੂੰ ਆਂਵਦੀ, ਨਹੀਂ ਹੁੰਦੀ ਹੇਠੀ,
ਆਪਣੀ ਆਪਣੀ ਪੁਗਾ ਰਿਹਾ, ਹਰ ਹਠੀ ਹਠੂਲਾ।
ਕਿਤਿਉਂ ਲਿਆਵੋ ਲੱਭ ਕੇ, ਹੁਣ ਅਕਾਲੀ ਫੂਲਾ,
ਜਿਸ ਦਾ ਹਰ ਇੱਕ ਫੈਸਲਾ, ਸੀ ਬਾ ਅਸੂਲਾ।

## ਗ਼ਜ਼ਲ

ਜਗਜੀਤ ਗੁਰਮ

ਅੰਦਰ ਦੀ ਟੁੱਟ-ਭੱਜ ਨੂੰ ਅੰਦਰ ਹੀ ਰੱਖਦਾ ਹਾਂ
ਉਂਝ ਬਾਹਰੋਂ ਮੈਂ ਬਿਲਕੁਲ ਸਾਬਤ ਦਿਸਦਾ ਹਾਂ।
ਨਾ ਮੇਰੀ ਆਹਟ ਅੱਖ ਕਿਸੇ ਦੀ ਖੋਲ੍ਹ ਦਵੇ
ਤਾਂ ਹੀ ਨ੍ਹੇਰੇ ਵਿੱਚ ਬੋਚ ਬਚਾ ਕੇ ਤੁਰਦਾ ਹਾਂ।
ਸਾਰਾ ਸਫ਼ਰ ਸੁਖਾਵਾਂ ਮੈਨੂੰ ਜਾਪਣ ਲਗਦਾ
ਜਦ ਮਾਰੂਥਲ ਉੱਤੇ ਮੈਂ ਆ ਕੇ ਵਰ੍ਹਦਾ ਹਾਂ।
ਮੈਂ ਜਿਨ੍ਹਾਂ ਦੇ ਲਈ ਸੀਸ ਕਟਾਉਂਦਾ ਹਾਂ ਆਪਣਾ
ਉਨ੍ਹਾਂ ਹੱਥੋਂ ਜਲ ਕੇ, ਕਟ ਕੇ ਫਿਰ ਮਰਦਾ ਹਾਂ।
ਹੋਰਾਂ ਨਾਲ ਕਦੇ ਉਲਝਣ ਦੀ ਗੱਲ ਹੀ ਛੱਡੋ
ਮੈਂ ਆਪਣਾ ਵੀ ਸਾਹਮਣਾ ਕਰਨੋਂ ਬਚਦਾ ਹਾਂ।
ਬਹੁਤ ਜ਼ਲੀਲ ਕਰੇ ਰੋਜ਼ਾਨਾ ਜ਼ਿੰਦਗੀ ਮੈਨੂੰ
ਜਿਉਣ ਲਈ ਹਿੱਕ ਉੱਤੇ ਕਿੰਨਾ ਕੁਝ ਜਰਦਾ ਹਾਂ।
ਨਜ਼ਰ ਸ਼ਿਕਾਰੀ ਦੀ ਫਿਰ ਮੇਰੇ ਉੱਪਰ ਰਹਿੰਦੀ
ਜਦ ਵੀ ਮੈਂ ਅੰਬਰ ਨੂੰ ਖੰਭਾਂ ਵਿੱਚ ਭਰਦਾ ਹਾਂ।
*********

## ਮੇਰੇ ਕੋਲ

ਹਰਦੀਪ ਸਿੰਘ ਭੂਦਨ

ਮੇਰੇ ਕੋਲ
ਹੋਰ ਕੀ ਬਚਿਆ ਹੈ
ਤੇਰੇ ਨਾਂ ਕਰਨ ਨੂੰ
ਤੈਨੂੰ ਯਾਦ ਕਰ ਲੈਣਾ
ਚਾਰ ਅੱਖਰ ਲਿਖ
ਤੈਨੂੰ ਸਮਰਪਿਤ ਕਰ ਦੇਣਾ
ਉੱਡਦੇ ਪਰਿੰਦਿਆਂ ਦੇ ਸੰਗ
ਸਨੇਹੇ ਘੱਲ ਦੇਣਾ....
ਜੇ ਤੂੰ ਸੀ
ਤਾਂ ਮੇਰਾ ਵਜੂਦ ਸੀ
ਤੇਰੇ ਨਾਲ ਜੁੜਿਆ
ਬਹੁਤ ਕੁਝ
ਕਿਹਾ
ਅਣ ਕਿਹਾ
ਬੋਲਿਆ
ਅਣ ਬੋਲਿਆ
ਮੇਰੇ ਅੰਦਰ
ਪਿਆ ਹੈ
ਕਿਸੇ ਦੱਬੇ
ਖਜ਼ਾਨੇ ਵਾਂਗ.......

## ਖੁਸ਼ੀ ਹਰ ਦੂਰ ਖੜ੍ਹ ਜਾਂਦੀ

ਹਰਮਿੰਦਰ ਸਿੰਘ ਕੋਹਾਰਵਾਲਾ

ਬਚੀ ਹੈ ਜੋ ਚਮਕ ਚਿਹਰੇ 'ਤੇ, ਉਹ ਮੁੜ੍ਹਕੇ ਵਿੱਚ ਹੜ੍ਹ ਜਾਂਦੀ।
ਕੜ੍ਹੇ ਜਿਉਂ ਦੁੱਧ ਹਾਰੇ ਵਿੱਚ, ਤਨਾਂ ਵਿੱਚ ਰੱਤ ਕੜ੍ਹ ਜਾਂਦੀ।
ਇਹ ਉੱਤਮ ਜੂਨ ਜੋ ਆਖਣ, ਸਜ਼ਾ ਇਹ ਨਰਕ ਦੀ ਲੱਗੇ,
ਕਲਾਵੇ ਗ਼ਮ ਸਦਾ ਭਰਦੇ, ਖੁਸ਼ੀ ਹਰ ਦੂਰ ਖੜ੍ਹ ਜਾਂਦੀ।
ਪਿਓ ਦੀ ਜਾਨ ਵਿਕ ਜਾਵੇ, ਖਰੀਦੇ ਮੁੱਠ ਮਹਿੰਦੀ ਜਦ,
ਤਲ਼ੀ ਸੀ ਤਰਸਦੀ ਜਿਸ ਨੂੰ, ਉਹ ਤਾਲੂ ਵੱਲ ਚੜ੍ਹ ਜਾਂਦੀ।
ਮਹੱਤਵ ਬਹੁਤ ਵਿੱਦਿਆ ਦਾ, ਕਿਸੇ ਵੀ ਧੀ ਧਿਆਣੀ ਲਈ,
ਲਬੇੜੇ ਹੱਥ ਨਾ ਗੋਹਾ, ਜੋ ਅੱਖਰ ਚਾਰ ਪੜ੍ਹ ਜਾਂਦੀ।
ਜੋ ਹੁੰਦੇ ਆਲਸੀ ਕਾਮੇ, ਸਮੇਂ ਦੀ ਕਦਰ ਨਾ ਕਰਦੇ,
ਜਦੋਂ ਉਹ ਕੇਰਦੇ ਦਾਣੇ, ਉਦੋਂ ਨੂੰ ਵੱਤ ਚੜ੍ਹ ਜਾਂਦੀ।
ਸੁਹੱਪਣ ਜੋ ਮਿਲ਼ੇ ਰੱਬੋਂ, ਕਰੇ ਕੀ ਰੀਸ ਉਹ ਉਸ ਦੀ,
ਮੁਲੰਮਾ ਲੱਖ ਤਨ ਉੱਤੇ, ਸੁਨਹਿਰੀ ਧਾਤ ਮੜ੍ਹ ਜਾਂਦੀ।
ਜ਼ਮਾਨਾ ਜਾਣਦੈ ਸਾਨੂੰ, ਅਸੀਂ ਜੋ ਮਾਰੀਆਂ ਮੱਲਾਂ,
ਸਰੋਤਾ ਝੂਠ ਫੜ ਲੈਂਦਾ, ਕਦੇ ਮਾਰੀ ਜੇ ਫੜ੍ਹ ਜਾਂਦੀ।

## ਅੰਤਰਰਾਸ਼ਟਰੀ ਜੇਤੂ ਖਿਡਾਰੀਆਂ 'ਤੇ ਹੋਈ ਪੁਰਸਕਾਰਾਂ ਦੀ ਬਰਸਾਤ

# ਮਨੂ, ਗੁਕੇਸ਼, ਹਰਮਨਪ੍ਰੀਤ ਤੇ ਪ੍ਰਵੀਨ ਨੂੰ ਖੇਲ ਰਤਨ ਪੁਰਸਕਾਰ

### 32 ਅਰਜੁਨ ਪੁਰਸਕਾਰ ਜੇਤੂਆਂ ਵਿੱਚ 17 ਪੈਰਾ ਅਥਲੀਟ ਸ਼ਾਮਲ

### ਰਾਸ਼ਟਰਪਤੀ ਮੁਰਮੂ ਖਿਡਾਰੀਆਂ ਦਾ 17 ਨੂੰ ਕਰਨਗੇ ਸਨਮਾਨ



ਮਨੂ ਭਾਕਰ


ਡੀ ਗੁਕੇਸ਼



ਹਰਮਨਪ੍ਰੀਤ ਸਿੰਘ


ਪ੍ਰਵੀਨ ਕੁਮਾਰ


ਜਰਮਨਪ੍ਰੀਤ ਸਿੰਘ


ਸੁਖਜੀਤ ਸਿੰਘ


ਸਰਬਜੋਤ ਸਿੰਘ


ਅਮਨ ਸਹਿਰਾਵਤ

ਨਵੀਂ ਦਿੱਲੀ/ਏ.ਟੀ.ਨਿਊਜ਼: ਖੇਡ ਮੰਤਰਾਲੇ ਨੇ ਪਿਛਲੇ ਦਿਨੀਂ ਉਲੰਪਿਕ ਵਿੱਚ ਦੋ ਤਗ਼ਮੇ ਜੇਤੂ ਮਨੂ ਭਾਕਰ, ਸ਼ਤਰੰਜ ਵਿਸ਼ਵ ਚੈਂਪੀਅਨ ਡੀ. ਗੁਕੇਸ਼, ਪੁਰਸ਼ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਪੈਰਾ ਅਥਲੀਟ ਪ੍ਰਵੀਨ ਕੁਮਾਰ ਨੂੰ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਖੇਡ ਮੰਤਰਾਲੇ ਵੱਲੋਂ 32 ਅਰਜੁਨ ਪੁਰਸਕਾਰ ਜੇਤੂਆਂ ਦੇ ਨਾਮ ਵੀ ਐਲਾਨੇ ਗਏ ਹਨ, ਜਿਨ੍ਹਾਂ ਵਿੱਚ 17 ਪੈਰਾ-ਅਥਲੀਟਾਂ ਦੇ ਨਾਮ ਵੀ ਸ਼ਾਮਲ ਹਨ। ਰਾਸ਼ਟਰਪਤੀ ਦਰੋਪਦੀ ਮੁਰਮੂ 17 ਜਨਵਰੀ ਨੂੰ ਰਾਸ਼ਟਰਪਤੀ ਭਵਨ ਵਿੱਚ ਇਨ੍ਹਾਂ ਨੂੰ ਪੁਰਸਕਾਰ ਦੇਣਗੇ।

22 ਸਾਲਾ ਭਾਕਰ ਇੱਕ ਉਲੰਪਿਕ ਵਿੱਚ ਦੋ ਤਗ਼ਮੇ ਜਿੱਤਣ ਵਾਲੀ ਆਜ਼ਾਦ ਭਾਰਤ ਦੀ ਪਹਿਲੀ ਅਥਲੀਟ ਬਣੀ ਸੀ। ਉਸ ਨੇ ਅਗਸਤ ਵਿੱਚ ਪੈਰਿਸ ਉਲੰਪਿਕ 'ਚ 10 ਮੀਟਰ ਏਅਰ ਪਿਸਟਲ ਵਿਅਕਤੀਗਤ ਅਤੇ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਈਵੈਂਟ ਵਿੱਚ ਕਾਂਸੇ ਦੇ ਤਗ਼ਮੇ ਜਿੱਤੇ ਸਨ। ਇਸੇ ਉਲੰਪਿਕ ਵਿੱਚ ਹਰਮਨਪ੍ਰੀਤ ਦੀ ਅਗਵਾਈ ਵਾਲੀ ਭਾਰਤੀ ਹਾਕੀ ਟੀਮ ਨੇ ਲਗਾਤਾਰ ਦੂਜਾ ਕਾਂਸੇ ਦਾ ਤਗ਼ਮਾ ਜਿੱਤਿਆ ਸੀ। ਦੂਜੇ ਪਾਸੇ 18 ਸਾਲਾ ਗੁਕੇਸ਼ ਹਾਲ ਹੀ ਵਿੱਚ ਹੁਣ ਤੱਕ ਦਾ ਸਭ ਤੋਂ ਛੋਟੀ ਉਮਰ ਦਾ ਵਿਸ਼ਵ ਚੈਂਪੀਅਨ ਬਣਿਆ। ਇਸ ਤੋਂ ਪਹਿਲਾਂ ਉਸ ਨੇ ਸ਼ਤਰੰਜ ਉਲੰਪਿਆਡ ਵਿੱਚ ਭਾਰਤੀ ਟੀਮ ਨੂੰ ਇਤਿਹਾਸਕ ਸੋਨ ਤਗ਼ਮਾ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਪੈਰਾ ਹਾਈ-ਜੰਪਰ ਪ੍ਰਵੀਨ ਪੈਰਿਸ ਪੈਰਾਲੰਪਿਕ ਵਿੱਚ ਟੀ64 ਵਰਗ ਵਿੱਚ ਚੈਂਪੀਅਨ ਬਣਿਆ ਸੀ। ਅਰਜੁਨ ਪੁਰਸਕਾਰ ਲਈ ਚੁਣੇ ਗਏ ਅਥਲੀਟਾਂ ਵਿੱਚ ਪੈਰਿਸ ਉਲੰਪਿਕ 'ਚ ਕਾਂਸੇ ਦਾ ਤਗ਼ਮਾ ਜਿੱਤਣ ਵਾਲਾ ਪਹਿਲਵਾਨ ਅਮਨ ਸਹਿਰਾਵਤ, ਨਿਸ਼ਾਨੇਬਾਜ਼ ਸਵਪਨਿਲ ਕੁਸਾਲੇ ਅਤੇ ਸਰਬਜੋਤ ਸਿੰਘ, ਪੁਰਸ਼ ਹਾਕੀ ਟੀਮ ਦੇ ਖਿਡਾਰੀ ਜਰਮਨਪ੍ਰੀਤ ਸਿੰਘ, ਸੁਖਜੀਤ ਸਿੰਘ, ਸੰਜੈ ਅਤੇ ਅਭਿਸ਼ੇਕ, ਦੌੜਾਕ ਜਯੋਤੀ ਯਾਰਾਜੀ, ਜੈਵਲਿਨ ਥ੍ਰੋਅਰ ਅਨੂ ਰਾਣੀ, ਮਹਿਲਾ ਹਾਕੀ ਟੀਮ ਦੀ ਕਪਤਾਨ ਸਲੀਮਾ ਟੇਟੇ, ਵਿਸ਼ਵ ਚੈਂਪੀਅਨ ਮੁੱਕੇਬਾਜ਼ ਨੀਤੂ ਅਤੇ ਸਵੀਟੀ, ਤੈਰਾਕ ਸਾਜਨ ਪ੍ਰਕਾਸ਼, ਉਲੰਪੀਆਡ ਵਿੱਚ ਸੋਨ ਤਗ਼ਮਾ ਜੇਤੂ ਸ਼ਤਰੰਜ ਖਿਡਾਰਨ ਵੰਤਿਕਾ ਅਗਰਵਾਲ ਤੇ ਸਕੁਐਸ਼ ਸਟਾਰ ਅਭੈ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ ਜਿਨ੍ਹਾਂ ਪੈਰਾ-ਅਥਲੀਟਾਂ ਨੂੰ ਅਰਜੁਨ ਪੁਰਸਕਾਰ ਦਿੱਤਾ ਜਾਵੇਗਾ, ਉਨ੍ਹਾਂ ਵਿੱਚ ਜੇਤੂ ਧਰਮਬੀਰ (ਕਲੱਬ ਥ੍ਰੋਅ), ਨਵਦੀਪ ਸਿੰਘ (ਜੈਵਲਿਨ ਥ੍ਰੋਅ), ਨਿਤੇਸ਼ ਕੁਮਾਰ (ਪੈਰਾ ਬੈਡਮਿੰਟਨ), ਰਾਕੇਸ਼ ਕੁਮਾਰ (ਤੀਰਅੰਦਾਜ਼ੀ), ਮੋਨਾ ਅਗਰਵਾਲ (ਨਿਸ਼ਾਨੇਬਾਜ਼ੀ), ਰੁਬੀਨਾ ਫਰਾਂਸਿਸ (ਨਿਸ਼ਾਨੇਬਾਜ਼ੀ), ਪ੍ਰੀਤੀ ਪਾਲ, ਜੀਵਨਜੀ ਦੀਪਤੀ, ਅਜੀਤ ਸਿੰਘ, ਸਚਿਨ ਸਰਜੇਰਾਓ ਖਿਲਾੜੀ, ਪ੍ਰਣਵ ਸੂਰਮਾ, ਐਚ ਹੋਕਾਟੋ ਸੇਮਾ, ਸਿਮਰਨ, ਤੁਲਾਸੀਮਤੀ ਮੁਰੂਗੇਸਨ, ਨਿਤਿਆ ਸ੍ਰੀ ਸੁਮਾਤੀ ਸਿਵਾਨ, ਮਨੀਸ਼ਾ ਰਾਮਦਾਸ ਅਤੇ ਕਪਿਲ ਪਰਮਾਰ (ਪੈਰਾ-ਜੂਡੋ) ਸ਼ਾਮਲ ਹਨ।

## ਪੁਰਸਕਾਰਾਂ 'ਚ ਪੰਜਾਬੀਆਂ ਦੀ ਹੋਈ ਬੱਲੇ- ਬੱਲੇ

ਭਾਰਤ ਸਰਕਾਰ ਵੱਲੋਂ ਐਲਾਨੇ ਗਏ ਖੇਡ ਐਵਾਰਡਾਂ 'ਚ ਪੰਜਾਬ ਦੀ ਬੱਲੇ ਬੱਲੇ ਰਹੀ। ਭਾਰਤੀ ਹਾਕੀ ਟੀਮ ਹਰਮਨਪ੍ਰੀਤ ਸਿੰਘ ਨੂੰ ਦੇਸ਼ ਦਾ ਸਰਵਉੱਚ ਖੇਡ ਸਨਮਾਨ'ਮੇਜਰ ਧਿਆਨ ਚੰਦ ਖੇਡ ਰਤਨ ਪੁਰਸਕਾਰ' ਲਈ ਚੁਣਿਆ ਗਿਆ। ਇਸ ਦੇ ਨਾਲ ਹੀ ਹਾਕੀ ਖਿਡਾਰੀ ਜਰਮਨਪ੍ਰੀਤ ਸਿੰਘ ਤੇ ਸੁਖਜੀਤ ਸਿੰਘ ਨੂੰ ਅਰਜੁਨਾ ਐਵਾਰਡ ਲਈ ਚੁਣਿਆ ਗਿਆ। ਪੁਰਾਣੇ ਅਥਲੀਟ ਸੁੱਚਾ ਸਿੰਘ ਨੂੰ ਅਰਜਨਾ ਐਵਾਰਡ ਲਾਈਫ ਟਾਈਮ ਅਚੀਵਮੈਂਟ ਐਵਾਰਡ ਲਈ ਚੁਣਿਆ ਗਿਆ। ਹਰਮਨਪ੍ਰੀਤ ਸਿੰਘ ਖੇਡ ਰਤਨ ਪੁਰਸਕਾਰ ਨਾਲ ਸਨਮਾਨਿਤ ਹੋਣ ਵਾਲਾ ਪੰਜਵਾਂ ਪੰਜਾਬੀ ਖਿਡਾਰੀ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਖਿਡਾਰੀਆਂ 'ਚੋਂ ਨਿਸ਼ਾਨੇਬਾਜ਼ ਅਭਿਨਵ ਬਿੰਦਰਾ, ਮਾਨਵਜੀਤ ਸਿੰਘ ਸੰਧੂ ਤੇ ਰੰਜਨ ਸੋਢੀ ਤੇ ਹਾਕੀ ਖਿਡਾਰੀ ਮਨਪ੍ਰੀਤ ਸਿੰਘ ਨੂੰ ਇਹ ਸਨਮਾਨ ਮਿਲ ਚੁੱਕਿਆ ਹੈ। ਯੂਨੀਵਰਸਿਟੀਆਂ ਨੂੰ ਖੇਡ ਪ੍ਰਾਪਤੀਆਂ ਲਈ ਦਿੱਤੀ ਜਾਂਦੀ ਮਾਕਾ ਟਰਾਫੀ ਚੰਡੀਗੜ੍ਹ ਯੂਨੀਵਰਸਿਟੀ ਨੂੰ ਮਿਲੇਗੀ ਜਦੋਂਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੂਜੇ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੀਜੇ ਨੰਬਰ 'ਤੇ ਰਹੀ।

## ਕੀ ਮਿਲਦਾ ਹੈ

**ਖੇਲ ਰਤਨ ਪੁਰਸਕਾਰ:** ਖਿਡਾਰੀ ਨੂੰ ਇੱਕ ਮੈਡਲ, ਪ੍ਰਸ਼ੰਸਾ ਪੱਤਰ ਤੇ 25 ਲੱਖ ਰੁਪਏ ਨਕਦ ਮਿਲਦੇ ਹਨ।

**ਅਰਜੁਨ ਪੁਰਸਕਾਰ:** ਪੰਜ ਲੱਖ ਰੁਪਏ ਨਕਦ, ਅਰਜੁਨ ਦੀ ਮੂਰਤੀ ਤੇ ਪ੍ਰਸ਼ੰਸਾ ਪੱਤਰ ਦਿੱਤਾ ਜਾਂਦਾ ਹੈ।

## ਲਾਈਫ਼ਟਾਈਮ ਅਰਜੁਨ ਐਵਾਰਡ ਜੇਤੂਆਂ 'ਚ ਸੁੱਚਾ ਸਿੰਘ ਤੇ ਮੁਰਲੀਕਾਂਤ ਪੇਟਕਰ ਸ਼ਾਮਲ



ਲਾਈਫ਼ਟਾਈਮ ਅਰਜੁਨ ਐਵਾਰਡ ਜੇਤੂਆਂ ਵਿੱਚ ਸਾਬਕਾ ਸਾਈਕਲਿਸਟ ਸੁੱਚਾ ਸਿੰਘ ਅਤੇ ਭਾਰਤ ਦਾ ਪਹਿਲਾ ਪੈਰਾਲੰਪਿਕ ਸੋਨ ਤਗ਼ਮਾ ਜੇਤੂ ਮੁਰਲੀਕਾਂਤ ਪੇਟਕਰ ਸ਼ਾਮਲ ਹਨ। ਪੇਟਕਰ ਨੇ 1972 ਪੈਰਾਲੰਪਿਕ ਵਿੱਚ 50 ਮੀਟਰ ਫ੍ਰੀਸਟਾਈਲ ਤੈਰਾਕੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ। 1965 ਦੀ ਭਾਰਤ-ਪਾਕਿ ਜੰਗ ਦੌਰਾਨ ਗੋਲੀ ਲੱਗਣ ਕਾਰਨ ਅਪਾਹਜ ਹੋਏ ਪੇਟਕਰ ਦੇ ਜੀਵਨ 'ਤੇ ਹਾਲ ਹੀ ਵਿੱਚ ਫਿਲਮ 'ਚੰਦੂ ਚੈਂਪੀਅਨ' ਬਣੀ ਹੈ।

## ਸਵਪਨਿਲ ਦੀ ਕੋਚ ਦੀਪਾਲੀ ਦੇਸ਼ਪਾਂਡੇ ਸਣੇ ਤਿੰਨ ਨੂੰ ਮਿਲੇਗਾ ਦਰੋਣਾਚਾਰੀਆ ਪੁਰਸਕਾਰ



ਉਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਸਵਪਨਿਲ ਕੁਸਾਲੇ ਦੀ ਕੋਚ ਦੀਪਾਲੀ ਦੇਸ਼ਪਾਂਡੇ, ਪੈਰਾ ਸ਼ੂਟਿੰਗ ਕੋਚ ਸੁਭਾਸ਼ ਰਾਣਾ ਅਤੇ ਹਾਕੀ ਕੋਚ ਸੰਦੀਪ ਸਾਂਗਵਾਨ ਨੂੰ ਦਰੋਣਾਚਾਰੀਆ ਪੁਰਸਕਾਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਭਾਰਤੀ ਫੁੱਟਬਾਲ ਟੀਮ ਦੇ ਸਾਬਕਾ ਮੈਨੇਜਰ ਅਰਮਾਂਡੋ ਕੋਲਾਸੋ ਅਤੇ ਬੈਡਮਿੰਟਨ ਕੋਚ ਐੱਸ ਮੁਰਲੀਧਰਨ ਨੂੰ ਦਰੋਣਾਚਾਰੀਆ ਪੁਰਸਕਾਰ (ਲਾਈਫਟਾਈਮ) ਨਾਲ ਸਨਮਾਨਿਆ ਜਾਵੇਗਾ।

## ਆਸਟ੍ਰੇਲੀਆ ਤੇ ਭਾਰਤੀ ਟੀਮ ਵਿਚਾਲ਼ੇ ਕ੍ਰਿਕਟ ਮੈਚ ਦੌਰਾਨ ਗੁਲਾਬੀ ਰੰਗ 'ਚ ਰੰਗਿਆ ਸਿਡਨੀ




ਸਿਡਨੀ/ਏ.ਟੀ.ਨਿਊਜ਼: ਸਿਡਨੀ ਵਿਖੇ ਮੇਜ਼ਬਾਨ ਟੀਮ ਆਸਟ੍ਰੇਲੀਆ ਤੇ ਭਾਰਤੀ ਟੀਮ ਵਿਚਾਲੇ ਹੋਏ ਕ੍ਰਿਕਟ ਮੈਚ ਦੌਰਾਨ ਇੱਕ ਵੱਖਰਾ ਨਜ਼ਾਰਾ ਸਾਹਮਣੇ ਆਇਆ। ਮੈਚ ਦੌਰਾਨ ਲੋਕ ਗੁਲਾਬੀ ਰੰਗ ਵਿੱਚ ਰੰਗੇ ਨਜ਼ਰ ਆਏ।

ਸਿਡਨੀ ਸ਼ਹਿਰ ਖਾਸ ਕਰਕੇ ਕ੍ਰਿਕਟ ਸਟੇਡੀਅਮ ਪੂਰੀ ਤਰ੍ਹਾਂ ਨਾਲ ਗੁਲਾਬੀ ਰੰਗ 'ਚ ਰੰਗਿਆ ਹੋਇਆ ਸੀ। ਮੈਚ ਦੇਖਣ ਆਏ ਦਰਸ਼ਕਾਂ ਨੇ ਗੁਲਾਬੀ ਰੰਗ ਦੇ ਕੱਪੜੇ ਟੀ ਸ਼ਰਟਾਂ, ਟੋਪੀਆਂ, ਦਸਤਾਰਾਂ, ਕਮੀਜ਼ਾਂ ਪਾ ਕਿ ਛਾਤੀ ਦੇ ਕੈਂਸਰ ਪੀੜਤ ਔਰਤਾਂ ਲਈ ਇੱਕਮੁਠਤਾ ਪ੍ਰਗਟ ਕੀਤੀ। ਇਸ ਵਿਸ਼ੇਸ਼ ਮੌਕੇ ਪੀੜਤਾਂ ਦੇ ਇਲਾਜ ਲਈ ਫੰਡ ਜੁਟਾਉਣ ਦੇ ਮਨੋਰਥ ਨਾਲ ਕ੍ਰਿਕਟ ਸਟੇਡੀਅਮ 'ਚ ਗੁਲਾਬੀ ਝੰਡੇ ਵੀ ਲਹਿਰਾਏ ਗਏ। ਇਸ ਨੂੰ ਸਿਡਨੀ ਪਿੰਕ ਟੈਸਟ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

ਇੱਥੇ ਜ਼ਿਕਰਯੋਗ ਹੋਵੇਗਾ ਕਿ ਪਿੰਕ ਟੈਸਟ ਮੈਚ ਕਰਵਾਉਣ ਦੇ ਪਿੱਛੇ ਮੁੱਖ ਉਦੇਸ਼ ਛਾਤੀ ਦੇ ਕੈਂਸਰ ਬਾਰੇ ਜਾਗਰੂਕਤਾ ਫੈਲਾਉਣਾ ਹੈ।

ਆਸਟ੍ਰੇਲੀਆ ਦੇ ਸਾਬਕਾ ਕ੍ਰਿਕਟ ਖਿਡਾਰੀ ਗਲੇਨ ਮੈਕਗ੍ਰਾ ਦੀ ਪਤਨੀ ਜੇਨ (42) ਕੈਂਸਰ ਦੀ ਬਿਮਾਰੀ ਤੋਂ ਪੀੜਤ ਸੀ ਤੇ ਉਸ ਦੀ ਮੌਤ ਹੋ ਗਈ ਸੀ। ਗਲੈਨ ਨੇ 2005 ਵਿੱਚ ਆਪਣੀ ਪਤਨੀ ਨੂੰ ਛਾਤੀ ਦੇ ਕੈਂਸਰ ਦਾ ਪਤਾ ਲੱਗਣ ਤੋਂ ਬਾਅਦ ਮੈਕਗ੍ਰਾ ਫਾਊਂਡੇਸ਼ਨ ਦੀ ਸ਼ੁਰੂਆਤ ਕੀਤੀ ਅਤੇ ਇਸ ਕਾਰਜ ਲਈ ਫੰਡਜ ਜੁਟਾਉਣ ਲਈ ਕ੍ਰਿਕਟ ਮੈਚ ਸ਼ੁਰੂ ਕੀਤੇ ਹਨ।

## ਕ੍ਰਿਕਟ: ਆਸਟ੍ਰੇਲੀਆ ਹੱਥੋਂ ਹਾਰ ਕੇ ਭਾਰਤ ਡਬਲਿਊ.ਟੀ.ਸੀ. ਫ਼ਾਈਨਲ 'ਚੋਂ ਬਾਹਰ



ਸਿਡਨੀ/ਏ.ਟੀ.ਨਿਊਜ਼: ਆਪਣੇ ਸਟਾਰ ਖਿਡਾਰੀਆਂ ਦੀ ਖਰਾਬ ਲੈਅ ਨਾਲ ਜੂਝ ਰਹੀ ਭਾਰਤੀ ਟੀਮ ਇੱਥੇ ਪੰਜਵੇਂ ਅਤੇ ਆਖਰੀ ਟੈਸਟ ਮੈਚ 'ਚ ਆਸਟਰੇਲੀਆ ਹੱਥੋਂ ਛੇ ਵਿਕਟਾਂ ਦੀ ਹਾਰ ਦਾ ਸਾਹਮਣਾ ਕਰਨ ਮਗਰੋਂ ਵਿਸ਼ਵ ਟੈਸਟ ਚੈਂਪੀਅਨਸ਼ਿਪ (ਡਬਲਿਊਟੀਸੀ) ਦੇ ਫ਼ਾਈਨਲ 'ਚੋਂ ਬਾਹਰ ਹੋ ਗਈ ਹੈ, ਜਦਕਿ ਆਸਟਰੇਲੀਆ ਇਸ ਜਿੱਤ ਨਾਲ 10 ਸਾਲ ਬਾਅਦ ਬਾਰਡਰ-ਗਾਵਸਕਰ ਟਰਾਫ਼ੀ 3-1 ਨਾਲ ਜਿੱਤ ਕੇ ਡਬਲਿਊ.ਟੀ.ਸੀ. ਦੇ ਫ਼ਾਈਨਲ ਵਿੱਚ ਪਹੁੰਚ ਗਿਆ ਹੈ। ਬਦਲਾਅ ਦੇ ਔਖੇ ਦੌਰ 'ਚੋਂ ਲੰਘ ਰਹੀ ਭਾਰਤੀ ਟੀਮ ਨੂੰ ਹੁਣ ਘਰ ਪਰਤਣ ਮਗਰੋਂ ਮੰਥਨ ਕਰਨਾ ਪਵੇਗਾ। ਉਥੇ ਹੀ ਮੌਜੂਦਾ ਚੈਂਪੀਅਨ ਆਸਟਰੇਲੀਆ ਹੁਣ 11 ਤੋਂ 15 ਜੂਨ ਤੱਕ ਲਾਰਡਸ 'ਚ ਦੱਖਣੀ ਅਫ਼ਰੀਕਾ ਖ਼ਿਲਾਫ਼ ਡਬਲਿਊਟੀਸੀ ਫ਼ਾਈਨਲ ਖੇਡੇਗਾ। ਇਸ ਚੈਂਪੀਅਨਸ਼ਿਪ ਦੀ ਸ਼ੁਰੂਆਤ ਤੋਂ ਬਾਅਦ ਭਾਰਤ ਪਹਿਲੀ ਵਾਰ ਫ਼ਾਈਨਲ ਨਹੀਂ ਖੇਡੇਗਾ। ਭਾਰਤ ਨੇ ਸਿਡਨੀ ਟੈਸਟ ਦੇ ਤੀਜੇ ਦਿਨ ਮੇਜ਼ਬਾਨ ਟੀਮ ਨੂੰ ਜਿੱਤ ਲਈ 162 ਦੌੜਾਂ ਦਾ ਟੀਚਾ ਦਿੱਤਾ ਸੀ, ਜਿਸ ਨੂੰ ਆਸਟਰੇਲੀਅਨ ਟੀਮ ਨੇ 27 ਓਵਰਾਂ ਵਿਚ ਚਾਰ ਵਿਕਟਾਂ ਦੇ ਨੁਕਸਾਨ ਨਾਲ ਪੂਰਾ ਕਰ ਲਿਆ। ਆਸਟ੍ਰੇਲੀਆ ਲਈ ਉਸਮਾਨ ਖਵਾਜਾ ਨੇ 41, ਟਰੈਵਿਸ ਹੈੱਡ ਨੇ ਨਾਬਾਦ 34 ਤੇ ਬੀਓ ਵੈਬਸਟਰ ਨੇ ਨਾਬਾਦ 39 ਦੌੜਾਂ ਦੀ ਪਾਰੀ ਖੇਡੀ। ਭਾਰਤ ਲਈ ਪ੍ਰਸਿੱਧ ਕ੍ਰਿਸ਼ਨਾ ਨੇ 3 ਤੇ ਮੁਹੰਮਦ ਸਿਰਾਜ ਨੇ ਇੱਕ ਵਿਕਟ ਲਈ।

## ਟੈਸਟ ਲਈ ਵਚਨਬੱਧਤਾ ਸਾਬਤ ਕਰਨ ਵਾਸਤੇ ਘਰੇਲੂ ਕ੍ਰਿਕਟ ਖੇਡੋ: ਗੰਭੀਰ

ਸਿਡਨੀ: ਭਾਰਤ ਦੇ ਮੁੱਖ ਕੋਚ ਗੌਤਮ ਗੰਭੀਰ ਨੇ ਕਿਹਾ ਕਿ ਖਰਾਬ ਲੈਅ ਨਾਲ ਜੂਝ ਰਹੇ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਚੰਗਾ ਪ੍ਰਦਰਸ਼ਨ ਕਰਨਾ ਚਾਹੁੰਦੇ ਹਨ ਪਰ ਕੋਚ ਨੇ ਇਨ੍ਹਾਂ ਦੋਵਾਂ ਸਮੇਤ ਸਾਰੇ ਸੀਨੀਅਰ ਖਿਡਾਰੀਆਂ ਨੂੰ ਘਰੇਲੂ ਕ੍ਰਿਕਟ ਖੇਡ ਕੇ ਟੈਸਟ ਲਈ ਆਪਣੀ ਵਚਨਬੱਧਤਾ ਸਾਬਤ ਕਰਨ ਦੀ ਅਪੀਲ ਕੀਤੀ।

ਗੰਭੀਰ ਨੇ ਸਪੱਸ਼ਟ ਕਿਹਾ, 'ਮੈਂ ਹਮੇਸ਼ਾ ਚਾਹੁੰਦਾ ਹਾਂ ਕਿ ਹਰ ਕੋਈ ਘਰੇਲੂ ਕ੍ਰਿਕਟ ਖੇਡੇ। ਘਰੇਲੂ ਕ੍ਰਿਕਟ 'ਤੇ ਧਿਆਨ ਜ਼ਿਆਦਾ ਕੇਂਦਰਿਤ ਕਰਨਾ ਚਾਹੀਦਾ ਹੈ। ਜੇ ਤੁਸੀਂ ਘਰੇਲੂ ਕ੍ਰਿਕਟ ਨੂੰ ਮਹੱਤਵ ਨਹੀਂ ਦਿੰਦੇ ਤਾਂ ਅਜਿਹੇ ਖਿਡਾਰੀ ਕਦੇ ਨਹੀਂ ਨਿਕਲਣਗੇ, ਜਿਸ ਤਰ੍ਹਾਂ ਦੇ ਟੈਸਟ ਕ੍ਰਿਕਟ ਲਈ ਚਾਹੀਦੇ ਹਨ।

ਡਾ. ਕ੍ਰਿਸ਼ਨ ਕੁਮਾਰ ਰੱਤੂ

# ਸੰਘਰਸ਼ ਨੂੰ ਕਵਿਤਾ ਵਾਂਗ ਪਰਦੇ ’ਤੇ ਰਚਣ ਵਾਲਾ ਫ਼ਿਲਮਸਾਜ਼

# ਸ਼ਿਆਮ ਬੈਨੇਗਲ



ਫ਼ਿਲਮਸਾਜ਼ ਸ਼ਿਆਮ ਬੈਨੇਗਲ ਦੀ ਮੌਤ ਨਾਲ ਭਾਰਤੀ ਫ਼ਿਲਮਾਂ ਦਾ ਸੁਨਹਿਰਾ ਯੁੱਗ ਖ਼ਤਮ ਹੋ ਗਿਆ। ਉਹ ਕਿਹਾ ਕਰਦੇ ਸਨ: ਸਿਨੇਮਾ ਸਾਡੇ ਸਮਾਜ ਦਾ ਚਿਤਰਨ ਤੇ ਉਹ ਕਲਾ ਹੈ ਜੋ ਲੋਕ ਮਨਾਂ ਨੂੰ ਪਰਦੇ ’ਤੇ ਦਿਖਾਉਂਦਾ ਹੈ। ਭਾਰਤੀ ਲੋਕਾਂ ਦੇ ਦਿਲ ਵਿੱਚ ਵਸਿਆ ਸਿਨੇਮਾ ਅਸਲ ਵਿੱਚ ਭਾਰਤੀਆਂ ਦੀ ਜ਼ਿੰਦਗੀ ਹੈ। ਦੇਸ਼ ਦੇ ਚੋਟੀ ਦੇ ਉਨ੍ਹਾਂ ਫ਼ਿਲਮਸਾਜ਼ਾਂ ਵਿੱਚੋਂ ਸਨ ਜਿਨ੍ਹਾਂ ਨੂੰ ਫ਼ਿਲਮ ਦੀ ਵਿਆਕਰਨ ਦਾ ਮਾਸਟਰ ਮੰਨਿਆ ਜਾਂਦਾ ਰਿਹਾ ਹੈ।

ਕੌਮਾਂਤਰੀ ਪੱਧਰ ’ਤੇ ਭਾਰਤੀ ਫ਼ਿਲਮਾਂ ਦੀ ਪਛਾਣ ਕਰਵਾਉਣ ਵਾਲੇ ਮਿਸਾਲੀ ਫ਼ਿਲਮਸਾਜ਼ ਸੱਤਿਆਜੀਤ ਰੇਅ ਤੋਂ ਬਾਅਦ ਸ਼ਿਆਮ ਬੈਨੇਗਲ ਅਜਿਹੇ ਫ਼ਿਲਮਸਾਜ਼ ਸਨ ਜਿਨ੍ਹਾਂ ਨੇ ਭਾਰਤ ਨੂੰ ਉਸ ਕਲਾ ਨਕਸ਼ੇ ’ਤੇ ਆਬਾਦ ਕੀਤਾ। ਉਨ੍ਹਾਂ ਭਾਰਤੀ ਜਨਜੀਵਨ, ਲੋਕਾਂ ਦੀਆਂ ਸਮੱਸਿਆਵਾਂ ਅਤੇ ਆਮ ਲੋਕਾਂ ਦੀ ਗੱਲ ਨੂੰ ਪਰਦੇ ’ਤੇ ਲਿਆਂਦਾ। ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਫ਼ਿਲਮਸਾਜ਼ੀ ਦੇ ਲੇਖੇ ਲਾਈ। ਉਨ੍ਹਾਂ 35 ਤੋਂ ਜ਼ਿਆਦਾ ਫ਼ਿਲਮਾਂ, 1500 ਤੋਂ ਜ਼ਿਆਦਾ ਇਸ਼ਤਿਹਾਰੀ ਫ਼ਿਲਮਾਂ ਅਤੇ ਟੈਲੀਵਿਜ਼ਨ ਵਾਸਤੇ ਲੜੀਵਾਰ ਬਣਾਏ। ਇਨ੍ਹਾਂ ਵਿੱਚੋਂ ‘ਭਾਰਤ ਏਕ ਖੋਜ’ ਦੂਰਦਰਸ਼ਨ ਦੇ ਸਭ ਤੋਂ ਜ਼ਿਆਦਾ ਦੇਖੇ ਜਾਣ ਵਾਲੇ ਲੜੀਵਾਰਾਂ ਵਿੱਚ ਸ਼ੁਮਾਰ ਹੋਇਆ। ਮਰਹੂਮ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਕਿਤਾਬ ‘ਡਿਸਕਵਰੀ ਆਫ਼ ਇੰਡੀਆ’ ’ਤੇ ਆਧਾਰਿਤ ਇਸ ਲੜੀਵਾਰ ਵਿੱਚ ਉਨ੍ਹਾਂ ਭਾਰਤ ਬਾਰੇ ਉਹ ਘਟਨਾਵਾਂ ਪੇਸ਼ ਕੀਤੀਆਂ ਜਿਨ੍ਹਾਂ ਬਾਰੇ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ।

ਉਨ੍ਹਾਂ ਦੀਆਂ ਫ਼ਿਲਮਾਂ ਨੇ ਸਮਾਨਾਂਤਰ ਸਿਨੇਮੇ ਵਾਲੀ ਲਹਿਰ ਵਿੱਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਆਪਣੀਆਂ ਫ਼ਿਲਮਾਂ ਵਿੱਚ ਭਾਰਤੀਆਂ ਦੀ ਸਾਧਾਰਨ ਜ਼ਿੰਦਗੀ ਰੂਪਮਾਨ ਕੀਤੀ, ਸਾਧਾਰਨ ਕਲਾਕਾਰਾਂ ਨਾਲ ਅਸਾਧਾਰਨ ਫ਼ਿਲਮਾਂ ਬਣਾਈਆਂ। ਉਨ੍ਹਾਂ ਨਸੀਰੂਦੀਨ ਸ਼ਾਹ, ਸਮਿਤਾ ਪਾਟਿਲ, ਸ਼ਬਾਨਾ ਆਜ਼ਮੀ, ਓਮ ਪੁਰੀ, ਸਾਧੂ ਮਿਹਰ ਵਰਗੇ ਕਲਾਕਾਰ ਤਰਾਸ਼ੇ। ਇਨ੍ਹਾਂ ਦੀ ਅਦਾਕਾਰੀ ਦਾ ਲੋਹਾ ਅੱਜ ਪੂਰੀ ਦੁਨੀਆ ਮੰਨਦੀ ਹੈ।

ਸ਼ਿਆਮ ਬੈਨੇਗਲ ਨੂੰ ਫ਼ਿਲਮੀ ਵਿਰਾਸਤ ਆਪਣੇ ਪਰਿਵਾਰਕ ਮਾਹੌਲ ’ਚੋਂ ਮਿਲੀ। ਉਨ੍ਹਾਂ ਦੇ ਪਿਤਾ ਹੈਦਰਾਬਾਦ ਵਿੱਚ ਸਿਨਮਾਟੋਗ੍ਰਾਫ਼ਰ ਸਨ ਅਤੇ ਕਰਨਾਟਕ ਦੇ ਕੋਂਕਣੀ ਬੋਲਣ ਵਾਲੇ ਪਰਿਵਾਰ ਨਾਲ ਸਬੰਧਿਤ ਸਨ। ਸ਼ਿਆਮ ਬੈਨੇਗਲ ਦਾ ਜਨਮ 14 ਦਸੰਬਰ 1934 ਨੂੰ ਹੈਦਰਾਬਾਦ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਸ੍ਰੀਧਰ ਬੀ ਬੈਨੇਗਲ ਮੂਲ ਰੂਪ ਵਿੱਚ ਫ਼ੋਟੋਗ੍ਰਾਫ਼ਰ ਸਨ। ਉਨ੍ਹਾਂ ਸ਼ਿਆਮ ਬੈਨੇਗਲ ਨੂੰ ਛੋਟਾ ਕੈਮਰਾ ਦਿੱਤਾ ਜਿਸ ਨਾਲ ਉਨ੍ਹਾਂ ਆਪਣੀ ਪਹਿਲੀ ਫ਼ਿਲਮ 12 ਸਾਲ ਦੀ ਉਮਰ ਵਿੱਚ ਬਣਾਈ। ਉਨ੍ਹਾਂ ਹੈਦਰਾਬਾਦ ਦੀ ਉਸਮਾਨੀਆ ਯੂਨੀਵਰਸਿਟੀ ਤੋਂ ਅਰਥਸ਼ਾਸਤਰ ਦੀ ਡਿਗਰੀ ਹਾਸਿਲ ਕੀਤੀ ਅਤੇ ਹੈਦਰਾਬਾਦ ਫ਼ਿਲਮ ਸੁਸਾਇਟੀ ਦੀ ਸਥਾਪਨਾ ਕੀਤੀ।

1959 ਵਿੱਚ ਉਨ੍ਹਾਂ ਮੁੰਬਈ ਦੀ ਇੱਕ ਐਡਵਰਟਾਈਜਿੰਗ ਏਜੰਸੀ ਵਿੱਚ ਕੰਮ ਸ਼ੁਰੂ ਕੀਤਾ। 1962 ਵਿੱਚ ਉਨ੍ਹਾਂ ਪਹਿਲੀ ਦਸਤਾਵੇਜ਼ੀ ਫ਼ਿਲਮ ‘ਘਰ ਬੈਠ ਗੰਗਾ ਨਾਲ’ (ਗੁਜਰਾਤੀ) ਬਣਾਈ। 1963 ਵਿੱਚ ਉਨ੍ਹਾਂ ਫ਼ਿਲਮ ਟੈਲੀਵਿਜ਼ਨ ਇੰਸਟੀਚਿਊਟ ਪੁਣੇ ਤੋਂ ਪੜ੍ਹਾਈ ਕੀਤੀ। ਬਾਅਦ ਵਿੱਚ ਉਹ 1980 ਤੋਂ 1983 ਅਤੇ 1979 ਤੋਂ 1992 ਤੱਕ ਇਸੇ ਫ਼ਿਲਮ ਇੰਸਟੀਚਿਊਟ ਦੇ ਡਾਇਰੈਕਟਰ ਅਤੇ ਚੇਅਰਮੈਨ ਰਹੇ। 1967 ਵਿੱਚ ਉਨ੍ਹਾਂ ਦੀ ਫ਼ਿਲਮ ‘ਚਾਈਲਡ ਆਫ਼ ਸਟ੍ਰੀਟਸ’ ਨੇ ਦੁਨੀਆਂ ਵਿੱਚ ਤਹਿਲਕਾ ਮਚਾ ਦਿੱਤਾ। ਉਨ੍ਹਾਂ ਦੀ ਫ਼ਿਲਮ ‘ਅੰਕੁਰ’ ਨੇ 1975 ਵਿੱਚ ਕੌਮੀ ਫ਼ਿਲਮ ਇਨਾਮ ਜਿੱਤਿਆ। 1975 ਵਿੱਚ ‘ਨਿਸ਼ਾਂਤ’ ਅਤੇ 1976 ਵਿੱਚ ‘ਬੰਧਨ’ ਫ਼ਿਲਮਾਂ ਨੇ ਭਰਪੂਰ ਹਾਜ਼ਰੀ ਲਵਾਈ। ਫ਼ਿਲਮ ‘ਭੂਮਿਕਾ’ (1997) ਵਿੱਚ ਉਨ੍ਹਾਂ ਸਮਤਾ ਪਾਟਿਲ ਅਤੇ ਹੰਸਾ ਵਾਡੇਕਰ ਨੂੰ ਪਹਿਲੀ ਵਾਰ ਪੇਸ਼ ਕੀਤਾ। ਉਨ੍ਹਾਂ ਨੇ ਉਨ੍ਹਾਂ ਵਿਸ਼ਿਆਂ ’ਤੇ ਫ਼ਿਲਮਾਂ ਬਣਾਈਆਂ ਹਨ ਜਿਹੜੇ ਭਾਰਤ ਦੀ ਹਕੀਕਤ ਅਤੇ ਪਿੰਡਾਂ ਦੀ ਨੁਮਾਇੰਦਗੀ ਕਰਦੀਆਂ ਹਨ।

‘ਮੰਡੀ’ ਵਰਗੀ ਫ਼ਿਲਮ ਬਣਾਉਣਾ ਅਤੇ ਜ਼ੁਬੈਦਾ, ਸਰਦਾਰੀ ਬੇਗ਼ਮ ਵਰਗੇ ਕਿਰਦਾਰ ਪਰਦੇ ’ਤੇ ਪੇਸ਼ ਕਰਨਾ ਸ਼ਿਆਮ ਬੈਨੇਗਲ ਦੇ ਵੱਸ ਵਿੱਚ ਹੀ ਸੀ। ਉਨ੍ਹਾਂ ਸੱਤਿਆਜੀਤ ਰੇਅ ’ਤੇ ਦਸਤਾਵੇਜ਼ੀ ਫ਼ਿਲਮ ਬਣਾਈ। ਪੁਣੇ ਇੰਸਟੀਚਿਊਟ ਦੇ ਹਾਲ ਵਿੱਚ ਉਨ੍ਹਾਂ ਕਿਹਾ ਸੀ ਕਿ ਇਹ ਫ਼ਿਲਮਾਂ ਸਾਡਾ ਵਰਤਮਾਨ ਹਨ ਅਤੇ ਅਗਲੀ ਪੀੜ੍ਹੀ ਲਈ ਇਤਿਹਾਸ। ਉਨ੍ਹਾਂ ਯੂਨੀਸੈਫ਼ ਅਤੇ ਦੂਰਦਰਸ਼ਨ ਲਈ ਅਣਗਿਣਤ ਲੜੀਵਾਰ ਬਣਾਏ।



ਆਪਣੀ 90 ਵਰ੍ਹਿਆਂ ਦੀ ਜ਼ਿੰਦਗੀ ਅਤੇ ਫ਼ਿਲਮੀ ਸਫ਼ਰ ਦੌਰਾਨ ਸ਼ਿਆਮ ਬੈਨੇਗਲ ਅਸਲ ਨੂੰ ਦੁਨੀਆਂ ਭਰ ਵਿੱਚ ਇਨਾਮਾਂ ਨਾਲ ਸਨਮਾਨਿਆ ਗਿਆ। ਉਨ੍ਹਾਂ ਨੂੰ 1976 ਵਿੱਚ ਪਦਮਸ਼੍ਰੀ, 1991 ਵਿੱਚ ਪਦਮ ਭੂਸ਼ਣ, 2005 ਵਿੱਚ ਦਾਦਾ ਸਾਹਿਬ ਫ਼ਾਲਕੇ ਅਤੇ 2013 ਵਿੱਚ ਈਐੱਨਆਰ ਕੌਮੀ ਇਨਾਮ ਹਾਸਲ ਹੋਏ।

ਭਾਰਤੀ ਫ਼ਿਲਮ ਜਗਤ ਵਿੱਚ ਜਦੋਂ ਵੀ ਸ਼ਿਆਮ ਬੈਨੇਗਲ ਦੀ ਗੱਲ ਹੋਏਗੀ ਤਾਂ ਉਨ੍ਹਾਂ ਦੀਆਂ ਫ਼ਿਲਮਾਂ ‘ਸਰਦਾਰੀ ਬੇਗ਼ਮ’ ਅਤੇ ‘ਜ਼ੁਬੈਦਾ’ ਯਾਦ ਆਉਣਗੀਆਂ। ਮੁਸਲਿਮ ਔਰਤਾਂ ਬਾਰੇ ਉਨ੍ਹਾਂ ਦੀ ਫ਼ਿਲਮ ‘ਮੰਮੋ’ ਹਮੇਸ਼ਾ ਯਾਦ ਰੱਖੀ ਜਾਵੇਗੀ। ਉਨ੍ਹਾਂ 1992 ਵਿੱਚ ਡਾਕਟਰ ਧਰਮਵੀਰ ਭਾਰਤੀ ਦੇ ਨਾਵਲ ‘ਸੂਰਜ ਕਾ ਸਾਤਵਾਂ ਘੋੜਾ’ ਫ਼ਿਲਮ ਬਣਾਈ। ਉਨ੍ਹਾਂ ਮਹਾਤਮਾ ਗਾਂਧੀ, ਨੇਤਾ ਜੀ ਸੁਭਾਸ਼ ਚੰਦਰ ਬੋਸ ਅਤੇ ਸ਼ੇਖ ਮੁਜੀਬਰ ਰਹਿਮਾਨ ਬਾਰੇ ਫ਼ਿਲਮਾਂ ਬਣਾਈਆਂ। ਹੁਣ ਭਾਵੇਂ ਉਹ ਬਿਮਾਰ ਸਨ ਪਰ ਉਨ੍ਹਾਂ ਕਈ ਪ੍ਰਾਜੈਕਟਾਂ ’ਤੇ ਕੰਮ ਛੇੜਿਆ ਹੋਇਆ ਸੀ।

ਸ਼ਿਆਮ ਬੈਨੇਗਲ ਨੇ ਕਈ ਦਹਾਕੇ ਭਾਰਤੀ ਸਿਨੇਮਾ ਨੂੰ ਖਾਸ ਦਸ਼ਾ ਤੇ ਦਿਸ਼ਾ ਦਿੱਤੀ। ਉਹ ਆਪਣੇ ਸਮਿਆਂ ਦੇ ਰੋਮਾਂਚ ਅਤੇ ਸਾਧਾਰਨ ਚੀਜ਼ਾਂ ਨੂੰ ਵਿਲੱਖਣ ਢੰਗ ਨਾਲ ਪਰਦੇ ’ਤੇ ਪੇਸ਼ ਕਰਨ ਵਾਲੇ ਫ਼ਿਲਮਸਾਜ਼ ਸਨ। ਉਨ੍ਹਾਂ ਫ਼ਿਲਮ ਦੀ ਹਰ ਵਿਧਾ ’ਤੇ ਕੰਮ ਕੀਤਾ। ਉਨ੍ਹਾਂ ਨਾਲ ਕੰਮ ਕਰਨਾ ਅਤੇ ਸਿੱਖਣਾ ਇਸ ਤਰ੍ਹਾਂ ਸੀ ਜਿਵੇਂ ਪਰਿਵਾਰ ਦੇ ਕਿਸੇ ਜੀਅ ਨਾਲ ਗੱਲਾਂ ਕਰਦੇ ਹੋਈਏ। ਅਸਲ ਵਿੱਚ ਉਹ ਭਾਰਤੀ ਫ਼ਿਲਮਾਂ ਦਾ ਆਕਾਸ਼ ਸਨ। ਉਨ੍ਹਾਂ ਆਪਣੀਆਂ ਫ਼ਿਲਮਾਂ ਰਾਹੀਂ ਭਾਰਤ ਨੂੰ ਨਵੀਆਂ ਬੁਲੰਦੀਆਂ ’ਤੇ ਪਹੁੰਚਾਇਆ। ਉਨ੍ਹਾਂ ਕਈ ਭਾਸ਼ਾਵਾਂ ਦੀਆਂ ਫ਼ਿਲਮਾਂ ਅਤੇ ਇਸ਼ਤਿਹਾਰੀ ਫ਼ਿਲਮਾਂ ਦਾ ਨਿਰਦੇਸ਼ਨ ਕੀਤਾ। ਉਨ੍ਹਾਂ ਸੰਵਿਧਾਨ ਨੂੰ ਲੈ ਕੇ ਦੂਰਦਰਸ਼ਨ ਲਈ ਲੜੀਵਾਰ ਬਣਾਇਆ ਜਿਸ ਵਿੱਚ ਮੈਨੂੰ ਵੀ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ।

ਸ਼ਿਆਮ ਬੈਨੇਗਲ ਦੀ ਵਿਦਾਈ ਨਾਲ ਭਾਰਤੀ ਸਿਨੇਮਾ ਉਸ ਸਿਤਾਰੇ ਤੋਂ ਵਿਰਵਾ ਹੋ ਗਿਆ ਹੈ ਜਿਸ ਨੇ ਭਾਰਤੀ ਫ਼ਿਲਮ ਖੇਤਰ ਵਿੱਚ ਸਮਾਨਾਂਤਰ ਸਿਨੇਮੇ ਦਾ ਨਵਾਂ ਅਧਿਆਇ ਲਿਖਿਆ ਅਤੇ ਦਿਖਾਇਆ ਕਿ ਸਾਧਾਰਨ ਚਿਹਰੇ ਅਤੇ ਆਮ ਘਰਾਂ ’ਚੋਂ ਆਏ ਬੱਚੇ ਵੀ ਦੁਨੀਆ ਵਿੱਚ ਅਦਾਕਾਰੀ ਦੇ ਜੌਹਰ ਦਿਖਾ ਸਕਦੇ ਹਨ। ਸਾਡੇ ਸਮਿਆਂ ਦਾ ਚਿੰਤਨਸ਼ੀਲ ਕਲਾਕਾਰ ਅਤੇ ਮਨੁੱਖ ਭਾਵੇਂ ਸਾਡੇ ਕੋਲੋਂ ਚਲਾ ਗਿਆ ਹੈ ਪਰ ਆਪਣੇ ਕੰਮ ਕਰ ਕੇ ਉਹ ਲੋਕਾਂ ਦੇ ਮਨਾਂ ਵਿੱਚ ਵਸੇ ਰਹਿਣਗੇ। ਸ਼ਿਆਮ ਬੈਨੇਗਲ ਦੀਆਂ ਫ਼ਿਲਮਾਂ ਜੋ ਕਲਾਸਿਕ ਫ਼ਿਲਮਾਂ ਦਾ ਦਰਜਾ ਹਾਸਿਲ ਕਰ ਚੁੱਕੀਆਂ ਹਨ, ਭਾਰਤੀ ਸਿਨੇਮਾ ਦੇ ਇਤਿਹਾਸ ਅਤੇ ਲੋਕ ਮਨਾਂ ਵਿੱਚ ਜ਼ਿੰਦਾ ਰਹਿਣਗੀਆਂ।

# ਕੌਮਾਂਤਰੀ ਪੱਧਰ ’ਤੇ ਛਾਏ ਪੰਜਾਬੀ ਗੀਤ

ਡਾ. ਖ਼ੁਸ਼ਮਿੰਦਰ ਕੌਰ





ਇੰਟਰਨੈਟ ਦੇ ਇਸ ਦੌਰ ’ਚ ਪੰਜਾਬੀ ਗੀਤ-ਸੰਗੀਤ ਦੀ ਪਛਾਣ ਸਿਰਫ਼ ਪੰਜਾਬ ਦੇ ਹਵਾਲੇ ਤੋਂ ਨਹੀਂ ਹੈ ਸਗੋਂ ਪੰਜਾਬੀ ਗੀਤ-ਸੰਗੀਤ ਖੇਤਰੀ ਪੱਧਰ ਤੋਂ ਕੌਮਾਂਤਰੀ ਪੱਧਰ ਤੱਕ ਆਪਣਾ ਮੁਕਾਮ ਬਣਾਈ ਰੱਖਣ ਵਿਚ ਕਾਮਯਾਬ ਰਿਹਾ ਹੈ। ਬੇਸ਼ੱਕ ਯੂ-ਟਿਊਬ ਦੇ ਦੌਰ ’ਚ ਗੀਤ ਹੁਣ ਸਿਰਫ਼ ਸੁਣੇ ਜਾਣ ਤੱਕ ਸੀਮਤ ਨਹੀਂ ਸਗੋਂ ਵੀਡੀਓ ਫਿਲਮਾਂਕਣ ਦੇ ਹਵਾਲੇ ਨਾਲ ਵੀ ਵੱਡੇ-ਵੱਡੇ ਬਜਟਾਂ ਵਿੱਚ ਪੇਸ਼ ਕੀਤੇ ਜਾ ਰਹੇ ਹਨ ਪਰ ਫਿਰ ਵੀ ਗੀਤਾਂ ਦੀ ਮਸ਼ਹੂਰੀ ਹਮੇਸ਼ਾ ਸੁਣੇ ਜਾਣ ਨਾਲ ਹੀ ਵਧੇਰੇ ਜੁੜੀ ਰਹੇਗੀ।

**ਪੰਜਾਬੀ ਗਾਇਕੀ ਦਾ ਕੌਮਾਂਤਰੀ ਮੁਕਾਮ**

ਪੰਜਾਬ ਚਾਹੇ ਭਾਰਤ ਦੀ ਹੱਦ ਤੱਕ ਹੀ ਮਹਿਦੂਦ ਹੈ ਪਰ ਪੰਜਾਬੀ ਸੰਗੀਤ ਇਸ ਸਾਲ ਵੀ ਹੱਦਾਂ-ਸਰਹੱਦਾਂ ਤੋਂ ਪਾਰ ਦਿਲਜੀਤ ਦੁਸਾਂਝ ਦੇ ਅੰਬਾਨੀ ਵੈਡਿੰਗ ਸ਼ੋਅ ਤੋਂ ‘ਦਿਲ-ਲੁਮਨਾਤੀ ਟੂਰ’ ਅਤੇ ਕਰਨ ਔਜਲਾ ਦੇ ਗੀਤ ‘ਤੌਬਾ ਤੌਬਾ’ ਅਤੇ ‘ਉਏ ਹੋਏ’ ਰਾਹੀਂ ਵਿਦੇਸ਼ਾਂ ਵਿੱਚ ਵੀ ਗੂੰਜਦਾ ਰਿਹਾ। ਸ਼ੋਅ ਹੋਵੇ ਜਾਂ ਸਿੰਗਲ ਟਰੈਕ ਦਿਲਜੀਤ ਦੁਸਾਂਝ ਸਾਰਾ ਸਾਲ ਪੰਜਾਬੀ ਸੰਗੀਤ ਜਗਤ ਵਿੱਚ ਛਾਇਆ ਰਿਹਾ। ਆਪਣੇ ਇਸ ਫਨ ਦੀ ਬਦੌਲਤ ਨਿਰਦੇਸ਼ਕ ਇਮਤਿਆਜ਼ ਅਲੀ ਦੀ ਫਿਲਮ ‘ਚਮਕੀਲਾ’ ਵਿੱਚ ਦਿਲਜੀਤ ਦੋਸਾਂਝ ਨੇ ਜਿੱਥੇ ਅਦਾਕਾਰੀ ਕੀਤੀ ਉੱਥੇ ਉਸਦੀ ਗਾਇਕੀ ਵੀ ਇਸ ਫਿਲਮ ਵਿੱਚ ਸੁਣਨ ਨੂੰ ਮਿਲੀ। ਇਸ ਤੋਂ ਬਿਨਾਂ ਨਿਰਦੇਸ਼ਕ ਆਨੰਦ ਤਿਵਾੜੀ ਦੀ ਫਿਲਮ ‘ਬੈਡ ਨਿਊਜ਼’ ਰਾਹੀਂ ਪੰਜਾਬੀ ਗਾਇਕ ਐਮੀ ਵਿਰਕ ਨੇ ਵੀ ਬਾਲੀਵੁੱਡ ਵਿੱਚ ਆਪਣੇ ਪੈਰ ਪਸਾਰੇ। ਬਤੌਰ ਅਦਾਕਾਰ ਐਮੀ ਤੇ ਨਿਰਦੇਸ਼ਕ ਮੁਦੱਸਰ ਅਜ਼ੀਜ਼ ਦੀ ਫਿਲਮ ‘ਖੇਲ ਖੇਲ ਮੇਂ’ ਵਿੱਚ ਗੁਰੂ ਰੰਧਾਵਾ ਦਾ ਗੀਤ ‘ਹੌਲੀ ਹੌਲੀ ਨੱਚ’ ਵੀ ਸਰੋਤਿਆਂ ਵਿੱਚ ਸਲਾਹਿਆ ਗਿਆ।

**ਪੰਜਾਬੀ ’ਚ ਆਏ ਨਵੇਂ ਗੀਤ**

ਜਿੱਥੋਂ ਤੱਕ ਪੰਜਾਬ ਦੇ ਗਾਇਕਾਂ ਦੀ ਗੱਲ ਹੈ ਤਾਂ ਨਵੇਂ ਤੇ ਸਥਾਪਤ ਕਈ ਗਾਇਕਾਂ ਨੇ ਆਪੋ-ਆਪਣੇ ਗੀਤਾਂ ਰਾਹੀਂ ਹਾਜ਼ਰੀ ਲਗਵਾਈ। ਇਸ ਵਿੱਚ ਅਰਜਨ ਢਿੱਲੋਂ ਆਪਣੀ ਕਲਮ, ਗਾਇਕੀ, ਨਵੇਂ ਵਿਸ਼ੇ ਅਤੇ ਆਪਣੀ ਟੀਮ ਰਾਹੀਂ ਤਕਰੀਬਨ ਸਾਰਾ ਸਾਲ ਚੱਲਣ ਲਈ ਕਾਮਯਾਬ ਰਿਹਾ। ਇਸਦੇ ਨਾਲ ਅਮਰਿੰਦਰ ਗਿੱਲ ਦਾ ਗੀਤ ‘ਕਾਫਕਾ’, ‘ਡਾਰਲਿੰਗ ਜੱਟ ਦੀ’, ਗੁਲਾਬ ਸਿੱਧੂ ਦਾ ‘ਸ਼ੀਸ਼ਾ’, ‘ਸਵਾਦ’, ਨਵਾਨ ਸੰਧੂ ਦਾ ‘ਸਿਟ ਡਾਊਨ ਸਨ’, ‘ਅੰਬਰਸਰੀਆ’, ਜੌਰਡਨ ਸੰਧੂ ਦੀ ਐਲਬਮ ‘ਅਲਫਾ’, ਗੁਰ ਸਿੱਧੂ ਦਾ ‘ਐਨਕਾਂ’, ਦਿਲਪ੍ਰੀਤ ਢਿੱਲੋਂ ਦਾ ‘ਕਿੱਲਾ’, ‘ਥਰੀ ਥਿੰਗਸ’, ਰਣਜੀਤ ਬਾਵਾ ਦਾ ‘ਤਾਰੀਫ਼’, ‘ਸਿੱਖ ਅੰਪਾਇਰ’, ‘ਕਿੰਨਾ ਸੋਹਣਾ ਮੁੰਡਾ’, ਅੰਮ੍ਰਿਤ ਮਾਨ ਦਾ ‘ਪਾਵਰ ਹਾਊਸ’, ‘ਸ਼ੁਕਰਾਨਾ’, ਹਿੰਮਤ ਸੰਧੂ ਦਾ ‘ਕੰਗਣੀ’, ‘ਸ਼ਗਨ’, ‘ਪੱਗਾਂ ਟੇਢੀਆਂ’, ਨਿਰਵੈਰ ਪੰਨੂ ਦਾ ‘ਅੰਦਾਜ਼’, ‘ਲਾਰਾ’, ਆਰ.ਨੇਤ ਦਾ ‘ਸਾਡੇ ਜਿਹੇ’, ‘ਅਦਲਾ ਬਦਲੀ’, ‘ਦਮ ਰੱਖਦੀ’, ਗੁਰਨਾਮ ਭੁੱਲਰ ਦਾ ‘ਸ਼ਕੀਨੀ’, ‘ਗਰੇਸ’, ਗੈਰੀ ਸੰਧੂ ਦਾ ‘ਲੱਕੀ’, ਜੀ. ਖ਼ਾਨ ਦਾ ‘ਗੌਟ ਯੂ’, ‘ਜਾਅਲੀ ਨੋਟ’, ਐਮੀ ਵਿਰਕ ਦਾ ‘ਰੋਡ ਰੇਜ’, ਮਨਕੀਰਤ ਔਲਖ ਦਾ ‘ਤਲਾਸ਼ੀ’, ‘ਖੌਫ਼’, ‘ਸੌਰੀ’, ਖ਼ਾਨ ਭੈਣੀ ਦਾ ‘ਅੰਦਾਜ਼ੇ’, ‘ਫੈਮਿਲੀ ਰੂਟੀਨ’, ‘ਸੁਣ ਕੇ’, ਸੁੱਖਾ ਦਾ ‘ਦੱਸ ਜੱਟਾ’, ‘ਸੰਗਦੀ’, ਸੱਜਣ ਅਦੀਬ ਦਾ ‘ਇਕੋ ਜਿਹੇ’, ‘ਮਿੱਠੇ ਬੋਲ’, ‘ਸੈਲਫ ਮੇਡ’, ਕੋਰਾਲਾ ਮਾਨ ਦਾ ‘ਸੋਹਣੀ ਸੁਨੱਖੀ’, ‘ਬੰਦਾ ਬਣਜਾ’, ‘ਮੰਗਣੀ’, ਚੀਮਾ ਬਾਈ ਦਾ ‘ਨਾਟ ਸ਼ੋਉਰ’, ਗਿੱਪੀ ਗਰੇਵਾਲ ਦੇ ਫ਼ਿਲਮੀ ਗੀਤ ‘ਨੱਬੇ ਨੱਬੇ’ ਤੇ ‘ਚੰਨ’, ਸ੍ਰੀ ਬਰਾੜ ਦਾ ‘ਤੇਰਾ ਯਾਰ ਰਕਾਨੇ’, ‘ਪੇਸ਼ੀ’, ‘ਮਰਡਰ’, ਬੀਰ ਸਿੰਘ ਦਾ ‘ਇਕੋ ਰੰਗ’, ਚੰਦਰਾ ਬਰਾੜ ਦਾ ‘ਡਰਾਇਵਰੀ’, ‘ਰਿਸਕ ਇਸ਼ਕ’, ਹੁਸਤਿੰਦਰ ਦਾ ‘ਡੋਂਟ ਯੂ ਡੇਅਰ’, ਜਸ ਬਾਜਵਾ ਦਾ ‘ਪੱਖੇ ਚੱਲਦੇ’, ‘ਰੋਟੀ ਪਾਣੀ’, ‘ਔਖੇ ਸੌਖੇ’ ਆਦਿ ਸਾਰਾ ਸਾਲ ਸਰੋਤਿਆਂ ਦੀ ਪਸੰਦ ਬਣੇ ਰਹੇ।

**ਸਭ ਤੋਂ ਵੱਧ ਦੇਖੇ ਜਾਣ ਵਾਲੇ ਗੀਤ**

ਪੰਜਾਬੀ ਗੀਤ ਸੰਗੀਤ ਵਿੱਚ ਹਰ ਸਾਲ ਹੀ ਨਵੇਂ ਤਜਰਬੇ ਹੁੰਦੇ ਰਹਿੰਦੇ ਹਨ, ਜਿਨ੍ਹਾਂ ਵਿਚੋਂ ਇਸ ਸਾਲ ਦਿ ਫੋਕ ਟਰਬਨੇਟਰਜ਼ ਵੱਲੋਂ ਗੀਤ ‘ਅੱਖ ਲੜ ਗਈ’ ਰਿਲੀਜ਼ ਕੀਤਾ ਗਿਆ ਜੋ ਕਿ ਨਿਰੋਲ ਰਵਾਇਤੀ ਸਾਜ਼ਾਂ ਨਾਲ ਗਾਇਆ ਗਿਆ। ਫਿਲਮ ਲੇਖਕ ਜਗਦੀਪ ਵੜਿੰਗ ਦਾ ਲਿਖਿਆ ਗੀਤ ‘ਤੇਰੇ ਬਿਨਾਂ ਨਾ ਗੁਜ਼ਾਰਾ ਏ’ ਜਿਸ ਨੂੰ ਜੋਸ਼ ਬਰਾੜ ਨਾਮੀ ਨਵੇਂ ਕਲਾਕਾਰ ਵੱਲੋਂ ਗਾਇਆ ਗਿਆ ਅਤੇ ਪਹਿਲੇ ਗੀਤ ਨਾਲ ਹੀ ਉਸਨੇ 34 ਮਿਲੀਅਨ ਵਿਊਜ਼ ਪ੍ਰਾਪਤ ਕੀਤੇ। ਜੋਸ਼ ਬਰਾੜ ਵੀ ਗਾਇਕ ਚੰਦਰਾ ਬਰਾੜ ਵਾਂਗ ਇੰਸਟਾਗਰਾਮ ਤੋਂ ਹੀ ਮਸ਼ਹੂਰ ਹੋਇਆ ਗਾਇਕ ਹੈ। ਇਸ ਤੋਂ ਇਲਾਵਾ ਗਾਇਕ ਗੁਰ ਨਜ਼ਰ ਚੱਠਾ ਨੇ ਵੀ ਰਾਹਤ ਫਤਿਹ ਅਲੀ ਖ਼ਾਨ ਨਾਲ ਗੀਤ ‘ਦੋਸਤ ਬਣ ਕੇ ਰਹਿਤੇ ਹੈਂ’ ਰਾਹੀਂ ਕਾਫੀ ਚਰਚਾ ਬਟੋਰੀ। ਜਿੱਥੋਂ ਤੱਕ ਯੂ-ਟਿਊਬ ’ਤੇ ਸਭ ਤੋਂ ਜ਼ਿਆਦਾ ਦੇਖੇ ਜਾਣ ਵਾਲੇ ਗੀਤਾਂ ਦਾ ਸਵਾਲ ਹੈ ਤਾਂ ਇਹ ਸਿਹਰਾ ਜਸ ਐਂਡ ਮਿਕਸ ਸਿੰਘ ਦੇ ਗੀਤ ‘ਸੁੰਨੀਆਂ-ਸੁੰਨੀਆਂ’ ਦੇ ਸਿਰ 215 ਮਿਲੀਅਨ ਵਿਊਜ਼ ਨਾਲ ਬੱਝਦਾ ਹੈ। ਦੂਸਰੇ ਨੰਬਰ ਉੱਤੇ ਐਵੀ ਸਰਾਂ ਅਤੇ ਡੈਨੀ ਦਾ ਗੀਤ ‘ਵੇ ਹਾਣੀਆਂ’ ਰਿਹਾ ਜੋ ਕਿ 200 ਮਿਲੀਅਨ ਵਿਊਜ਼ ਹਾਸਲ ਕਰਨ ਵਿੱਚ ਕਾਮਯਾਬ ਰਿਹਾ। ਇਸ ਤੋਂ ਬਾਅਦ ਕਰਨ ਔਜਲਾ ਦੇ ਗੀਤ ‘ਵਿੰਨੀਗ ਸਪੀਚ’ ਅਤੇ ਦਿਲਜੀਤ ਦੁਸਾਂਝ ਦੇ ਗੀਤ ‘ਲਹਿੰਗਾ’ ਦੇ ਲਗਪਗ 116 ਮਿਲੀਅਨ ਵਿਊਜ਼ ਰਹੇ। ਹਾਲਾਂਕਿ ਯੋ ਯੋ ਹਨੀ ਸਿੰਘ ਵੀ ਆਪਣੇ ਗੀਤ ‘ਮਿਲੀਨੀਅਰ’ ਰਾਹੀਂ ਚਰਚਾ ਵਿਚ ਰਿਹਾ। ਇਸ ਦੇ ਨਾਲ ਹੀ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ ਗੀਤ ਉਸ ਦੀ ਮੌਤ ਤੋਂ ਬਾਅਦ ਰਿਲੀਜ਼ ਹੋਇਆ ਗੀਤ ‘ਡਰਿਪੀ’ ਵੀ 83 ਮਿਲੀਅਨ ਵਿਊਜ਼ ਲੈਣ ਵਿਚ ਕਾਮਯਾਬ ਰਿਹਾ।

## ਟਰੂਡੋ ਦੇ ਬਦਲ ਵਜੋਂ ਨਵੇਂ

ਉਨ੍ਹਾਂ ਕਿਹਾ ਕਿ ਉਮੀਦਵਾਰ ਲੰਬੇ ਪ੍ਰਚਾਰ ਟੂਰ ਦੀ ਬਜਾਏ ਡਿਬੇਟਾਂ ਅਤੇ ਵਰਚੂਅਲ ਸਮਾਗਮਾਂ ਰਾਹੀਂ ਮੈਂਬਰਾਂ ਨੂੰ ਸ਼ਾਮਲ ਕਰ ਸਕਦੇ ਹਨ। ਹੁਣ ਤੱਕ ਲਿਬਰਲ ਲੀਡਰ ਵਿਅਕਤੀਗਤ ਤੌਰ 'ਤੇ ਪਾਰਟੀ ਕਨਵੈਨਸ਼ਨ ਵਿੱਚ ਚੁਣੇ ਜਾਂਦੇ ਰਹੇ ਹਨ। ਚੇਟਲ ਨੇ ਵੋਟਾਂ ਵੀ ਇਲੈਕਟ੍ਰੋਨਿਕਲੀ ਪਾਉਣ ਦਾ ਸੁਝਾਅ ਦਿੱਤਾ ਹੈ, ਤਾਂ ਕਿ ਮੈਂਬਰ ਇਸ ਪ੍ਰਕਿਰਿਆ ਦੀ ਲੋਕਤੰਤਰੀ ਵਿਵਸਥਾ ਨੂੰ ਬਰਕਰਾਰ ਰੱਖਦਿਆਂ, ਕਿਤੋਂ ਮਰਜ਼ੀ ਵੋਟ ਪਾ ਸਕਣ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅਸਤੀਫ਼ੇ ਦੇ ਐਲਾਨ ਮਗਰੋਂ ਉਨ੍ਹਾਂ ਦੇ ਸਿਆਸੀ ਵਿਰੋਧੀਆਂ, ਉਨ੍ਹਾਂ ਦੇ ਸਾਥੀ ਐਮਪੀਜ਼ ਅਤੇ ਮੁਲਕ ਦੇ ਹੋਰ ਸਿਆਸਤਦਾਨਾਂ ਨੇ ਆਪਣੇ ਪ੍ਰਤੀਕਰਮ ਦਿੱਤੇ। ਕੁਝ ਨੇ ਟਰੂਡੋ ਦੀ ਕਾਰਗੁਜ਼ਾਰੀ ਦੀ ਨਿੰਦਾ ਕੀਤੀ ਤਾਂ ਕੁਝ ਨੇ ਟਰੂਡੋ ਦੇ ਲੋਕ ਸੇਵਾ ਵਿੱਚ ਬਿਤਾਏ ਸਮੇਂ ਲਈ ਉਨ੍ਹਾਂ ਦੀ ਤਾਰੀਫ਼ ਕੀਤੀ।

ਬੈਂਕ ਆਫ਼ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ, ਜਿਨ੍ਹਾਂ ਨੂੰ ਟਰੂਡੋ ਦਾ ਸੰਭਾਵੀ ਬਦਲ ਮੰਨਿਆ ਜਾ ਰਿਹਾ ਹੈ, ਨੇ ਟਰੂਡੋ ਦੀ ਰਵਾਨਗੀ ਦੀ ਖ਼ਬਰ 'ਤੇ ਸੋਸ਼ਲ ਮੀਡੀਆ ਪੋਸਟ ਰਾਹੀਂ ਆਪਣੀਆਂ ਸ਼ੁੱਭ ਇੱਛਾਵਾਂ ਭੇਜੀਆਂ। ਕਾਰਨੀ ਨੇ ਐਕਸ 'ਤੇ ਲਿਖਿਆ, "ਧੰਨਵਾਦ ਪ੍ਰਧਾਨ ਮੰਤਰੀ, ਤੁਹਾਡੀ ਅਗਵਾਈ ਲਈ, ਕੈਨੇਡਾ ਵਿੱਚ ਤੁਹਾਡੇ ਬਹੁਤ ਸਾਰੇ ਯੋਗਦਾਨਾਂ ਲਈ ਅਤੇ ਤੁਹਾਡੇ ਅਤੇ ਤੁਹਾਡੇ ਪਰਿਵਾਰ ਵੱਲੋਂ ਜਨਤਕ ਸੇਵਾ ਲਈ ਕੀਤੀਆਂ ਕੁਰਬਾਨੀਆਂ ਲਈ।"

ਸਾਬਕਾ ਬੀ.ਸੀ. ਪ੍ਰੀਮੀਅਰ, ਕ੍ਰਿਸਟੀ ਕਲਾਰਕ, ਜੋ ਕਿ ਲਿਬਰਲ ਲੀਡਰਸ਼ਿਪ ਦੀ ਦਾਅਵੇਦਾਰ ਹੋ ਸਕਦੀ ਹੈ, ਨੇ ਟਰੂਡੋ ਦੀ ਦੇਸ਼ ਸੇਵਾ ਲਈ ਉਨ੍ਹਾਂ ਦਾ ਸ਼ੁਕਰੀਆ ਕੀਤਾ ਅਤੇ ਟਰੂਡੋ ਪਰਿਵਾਰ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਕ੍ਰਿਸਟੀ ਨੇ ਕਿਹਾ, "ਜੀਵਨ ਭਰ ਲਈ ਲਿਬਰਲ ਹੋਣ ਦੇ ਨਾਤੇ ਮੈਂ ਆਪਣਾ ਅਗਲਾ ਲੀਡਰ ਚੁਣਨ ਲਈ ਹਜ਼ਾਰਾਂ ਕੈਨੇਡੀਅਨਾਂ ਨਾਲ ਜੁੜਨ ਦੀ ਉਮੀਦ ਰੱਖਦੀ ਹਾਂ।"

ਐੱਨ.ਡੀ.ਪੀ. ਲੀਡਰ ਜਗਮੀਤ ਸਿੰਘ ਦੇ ਬਿਆਨ ਵਿੱਚ ਟਰੂਡੋ ਦੀ ਤਾਰੀਫ਼ ਨਜ਼ਰ ਨਹੀਂ ਆਈ। ਉਨ੍ਹਾਂ ਨੇ ਟਰੂਡੋ ਦੇ ਅਸਤੀਫ਼ੇ ਦੀ ਖ਼ਬਰ ਦਾ ਸਵਾਗਤ ਕੀਤਾ, ਪਰ ਕਿਹਾ ਕਿ ਟਰੂਡੋ ਨੇ ਉਨ੍ਹਾਂ ਕੈਨੇਡੀਅਨਜ਼ ਨੂੰ ਨਿਰਾਸ਼ ਕੀਤਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਸੇਵਾ ਲਈ ਚੁਣਿਆ ਸੀ।

ਕੰਜ਼ਰਵੇਟਿਵ ਲੀਡਰ ਪੀਅਰ ਪੌਲੀਵਰ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਟਰੂਡੋ ਦੇ ਅਸਤੀਫ਼ੇ ਦੇ ਬਾਵਜੂਦ, ਕੁਝ ਨਹੀਂ ਬਦਲਿਆ ਅਤੇ ਹਰ ਲਿਬਰਲ ਐਮ.ਪੀ. ਅਤੇ ਲੀਡਰਸ਼ਿਪ ਦਾਅਵੇਦਾਰ ਨੇ ਆਪਣੇ ਕਾਰਜਕਾਲ ਦੌਰਾਨ ਅਹੁਦੇ 'ਤੇ ਰਹਿੰਦਿਆਂ ਟਰੂਡੋ ਦੇ ਹਰ ਕੰਮ ਦਾ ਸਮਰਥਨ ਕੀਤਾ ਹੈ। ਹੁਣ ਉਹ ਹੋਰ ਚਾਰ ਸਾਲਾਂ ਲਈ ਕੈਨੇਡੀਅਨਾਂ ਨੂੰ ਤੋੜਦੇ ਰਹਿਣ ਲਈ ਇੱਕ ਹੋਰ ਲਿਬਰਲ ਚਿਹਰੇ ਵਿੱਚ ਅਦਲਾ-ਬਦਲੀ ਕਰਕੇ ਵੋਟਰਾਂ ਨੂੰ ਭਰਮਾਉਣਾ ਚਾਹੁੰਦੇ ਹਨ। ਲਿਬਰਲਾਂ ਨੇ ਜੋ ਤੋੜਿਆ ਉਸ ਨੂੰ ਠੀਕ ਕਰਨ ਦਾ ਇੱਕੋ ਇੱਕ ਤਰੀਕਾ ਕਾਰਬਨ ਟੈਕਸ ਹੈ। ਪੌਲੀਵਰ ਨੇ ਕੈਨੇਡੀਅਨਾਂ ਨੂੰ ਅਪੀਲ ਕੀਤੀ ਕਿ ਉਹ ਅਗਾਮੀ ਚੋਣਾਂ ਵਿਚ ਕੰਜ਼ਰਵੇਟਿਵ ਪਾਰਟੀ ਨੂੰ ਚੁਣਨ।

ਕੈਨੇਡੀਅਨ ਚੈਂਬਰ ਆਫ਼ ਕਾਮਰਸ ਦੀ ਸੀਈਓ, ਕੈਂਡੇਸ ਲੇਇੰਗ ਨੇ ਇੱਕ ਬਿਆਨ ਵਿੱਚ ਕਿਹਾ ਕਿ ਟਰੂਡੋ ਨੇ ਸਥਿਤੀ ਨੂੰ ਪਰਖਦਿਆਂ ਅਸਤੀਫ਼ੇ ਦਾ ਫ਼ੈਸਲਾ ਕਰਕੇ ਸਹੀ ਨਿਰਣਾ ਲਿਆ ਹੈ। ਟਰੂਡੋ ਦੀ ਸੇਵਾ ਲਈ ਧੰਨਵਾਦ ਕਰਦਿਆਂ ਲੇਇੰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਅਸਤੀਫ਼ਾ ਇੱਕ ਅਹਿਮ ਮੋੜ ਦੀ ਨਿਸ਼ਾਨਦੇਹੀ ਕਰਦਾ ਹੈ ਕਿਉਂਕਿ ਇਹ ਉਹ ਸਮਾਂ ਹੈ ਜਦੋਂ ਕੈਨੇਡਾ ਘਰੇਲੂ ਅਤੇ ਅੰਤਰਰਾਸ਼ਟਰੀ ਚੁਣੌਤੀਆਂ ਨਾਲ ਨਜਿੱਠ ਰਿਹਾ ਹੈ। ਬਿਜ਼ਨਸ ਕੌਂਸਲ ਆਫ਼ ਕੈਨੇਡਾ ਦੇ ਸੀਈਓ, ਗੋਲਡੀ ਹਾਈਡਰ ਨੇ ਟਰੂਡੋ ਦੇ 9 ਸਾਲਾਂ ਦੇ ਕਾਰਜਕਾਲ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

****

## ਕੈਨੇਡਾ 'ਚ ਪ੍ਰਧਾਨ ਮੰਤਰੀ ਦੀ ਦੌੜ

ਮੌਜੂਦਾ ਟਰਾਂਸਪੋਰਟ ਤੇ ਅੰਦਰੂਨੀ ਵਪਾਰ ਮੰਤਰੀ ਅਨੀਤਾ ਆਨੰਦ ਹਨ। ਅਨੀਤਾ ਦੇ ਮਾਤਾ-ਪਿਤਾ ਭਾਰਤ ਦੇ ਤਾਮਿਲਨਾਡੂ ਅਤੇ ਪੰਜਾਬ ਨਾਲ ਸਬੰਧਤ ਹਨ। ਅਨੀਤਾ ਦਾ ਜਨਮ 1967 ਵਿੱਚ ਨੋਵਾ ਸਕੋਸ਼ੀਆ ਵਿੱਚ ਭਾਰਤੀ ਮਾਪਿਆਂ ਘਰ ਹੋਇਆ, ਜੋ ਦੋਵੇਂ ਮੈਡੀਕਲ ਪੇਸ਼ੇਵਰ ਸਨ। ਉਸ ਦੀ ਮਾਤਾ ਸਰੋਜ ਪੰਜਾਬ ਤੋਂ ਅਤੇ ਪਿਤਾ ਐੱਸ.ਵੀ. ਆਨੰਦ ਤਾਮਿਲਨਾਡੂ ਦਾ ਰਹਿਣ ਵਾਲਾ ਸੀ। ਆਨੰਦ ਨੂੰ ਰਾਜਨੀਤੀ ਦਾ ਕਾਫੀ ਤਜਰਬਾ ਹੈ। ਉਸਨੇ ਕੋਵਿਡ ਮਹਾਮਾਰੀ ਦੌਰਾਨ ਬਹੁਤ ਵਧੀਆ ਕੰਮ ਕੀਤਾ। ਇਸ ਨਾਲ ਉਸ ਨੂੰ ਕਾਫੀ ਪ੍ਰਸਿੱਧੀ ਮਿਲੀ ਸੀ। ਭਾਰਤੀ ਮੂਲ ਦੇ ਲੋਕਾਂ ਵਿੱਚ ਵੀ ਉਨ੍ਹਾਂ ਦੀ ਚੰਗੀ ਛਵੀ ਮੰਨੀ ਜਾਂਦੀ ਹੈ।

ਭਾਰਤੀ ਮੂਲ ਦੇ ਇੱਕ ਹੋਰ ਆਗੂ ਅਲਬਰਟਾ ਦੇ ਲਿਬਰਲ ਐਮ.ਪੀ ਜਾਰਜ ਚਾਹਲ ਵੀ ਕੈਨੇਡਾ ਦੇ ਪ੍ਰਧਾਨ ਮੰਤਰੀ ਬਣ ਸਕਦੇ ਹਨ। ਚਾਹਲ ਨੇ ਵੀ ਪਿਛਲੇ ਹਫ਼ਤੇ ਆਪਣੇ ਕਾਕਸ ਸਾਥੀਆਂ ਨੂੰ ਪੱਤਰ ਲਿਖ ਕੇ ਇਹ ਬੇਨਤੀ ਕੀਤੀ ਹੈ। ਇੱਕ ਵਕੀਲ ਅਤੇ ਕਮਿਊਨਿਟੀ ਲੀਡਰ ਵਜੋਂ ਚਾਹਲ ਨੇ ਕੈਲਗਰੀ ਸਿਟੀ ਕੌਂਸਲਰ ਵਜੋਂ ਵੱਖ-ਵੱਖ ਕਮੇਟੀਆਂ ਵਿੱਚ ਕੰਮ ਕੀਤਾ ਹੈ। ਉਹ ਕੁਦਰਤੀ ਸਰੋਤਾਂ ਬਾਰੇ ਸਥਾਈ ਕਮੇਟੀ ਅਤੇ ਸਿੱਖ ਕਾਕਸ ਦੇ ਚੇਅਰਮੈਨ ਵੀ ਹਨ। ਚਾਹਲ ਪਿਛਲੇ ਕੁਝ ਸਮੇਂ ਤੋਂ ਟਰੂਡੋ ਦੀ ਆਲੋਚਨਾ ਕਰਦੇ ਰਹੇ ਹਨ।

ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਰਹਿ ਚੁੱਕੀ ਕ੍ਰਿਸਟੀਆ ਫ੍ਰੀਲੈਂਡ ਨੂੰ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਲਈ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਹੈ। ਉਸਦਾ ਅੰਤਰਰਾਸ਼ਟਰੀ ਤਜਰਬਾ ਅਤੇ ਆਰਥਿਕ ਮੁਹਾਰਤ ਉਸਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਮਜ਼ਬੂਤ ਦਾਅਵੇਦਾਰ ਬਣਾਉਂਦੀ ਹੈ। ਬੈਂਕ ਆਫ ਕੈਨੇਡਾ ਅਤੇ ਬੈਂਕ ਆਫ ਇੰਗਲੈਂਡ ਦੇ ਸਾਬਕਾ ਗਵਰਨਰ ਮਾਰਕ ਕਾਰਨੇ ਵੀ ਇਸ ਅਹੁਦੇ ਲਈ ਮਜ਼ਬੂਤ ਦਾਅਵੇਦਾਰ ਹਨ। ਉਨ੍ਹਾਂ ਦੀ ਵਿੱਤੀ ਮੁਹਾਰਤ ਅਤੇ ਆਰਥਿਕ ਮੁਹਾਰਤ ਉਨ੍ਹਾਂ ਲਈ ਲਾਹੇਵੰਦ ਹੋ ਸਕਦੀ ਹੈ। ਲਿਬਰਲ ਕੈਬਨਿਟ ਦੇ ਸੀਨੀਅਰ ਮੰਤਰੀ ਅਤੇ ਟਰੂਡੋ ਦੇ ਕਰੀਬੀ ਡੋਮਿਨਿਕ ਲੇਬਲੈਂਕ ਦੇ ਨਾਂ ਦੀ ਵੀ ਚਰਚਾ ਹੋ ਰਹੀ ਹੈ। ਫ੍ਰੀਲੈਂਡ ਦੇ ਅਸਤੀਫੇ ਤੋਂ ਬਾਅਦ ਉਹ ਮੌਜੂਦਾ ਵਿੱਤ ਮੰਤਰੀ ਹਨ। ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਵੀ ਪ੍ਰਮੁੱਖ ਦਾਅਵੇਦਾਰ ਹਨ। ਇੱਕ ਹੋਰ ਨਾਮ ਫ੍ਰਾਂਕੋਇਸ-ਫਿਲਿਪ ਸ਼ੈਂਪੇਨ ਹੈ, ਜੋ ਇੱਕ ਵਪਾਰਕ ਅਤੇ ਅੰਤਰਰਾਸ਼ਟਰੀ ਮਾਹਰ ਹੈ। ਇਨ੍ਹਾਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਦੀ ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਵੀ ਟਰੂਡੋ ਤੋਂ ਬਾਅਦ ਪਾਰਟੀ ਦੀ ਅਗਵਾਈ ਕਰਨ ਦੀ ਇੱਛਾ ਪ੍ਰਗਟਾਈ ਹੈ।

***

## ਟਰੰਪ ਨੇ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ

ਉਨ੍ਹਾਂ ਨੂੰ ਘੇਰੀ ਰੱਖਦੇ ਹਨ। ਰਲ ਕੇ ਇਹ ਕਿੰਨਾ ਮਹਾਨ ਦੇਸ਼ ਬਣੇਗਾ।" ਉਧਰ ਕੈਨੇਡਾ ਵੱਲੋਂ ਟਰੰਪ ਦੀ ਪੇਸ਼ਕਸ਼ 'ਤੇ ਕੋਈ ਪ੍ਰਤੀਕਰਮ ਨਹੀਂ ਮਿਲਿਆ ਹੈ।

ਟਰੰਪ ਵੱਲੋਂ ਨਸ਼ਿਆਂ ਅਤੇ ਪਰਵਾਸੀਆਂ ਦੀ ਆਮਦ 'ਤੇ ਰੋਕ ਲਾਉਣ ਦੇ ਨਿਰਦੇਸ਼

ਡੋਨਲਡ ਟਰੰਪ ਨੇ ਧਮਕੀ ਦਿੱਤੀ ਹੈ ਕਿ ਜੇ ਕੈਨੇਡਾ ਆਪਣੀ ਦੱਖਣੀ ਸਰਹੱਦ ਤੋਂ ਨਸ਼ਿਆਂ ਅਤੇ ਗ਼ੈਰਕਾਨੂੰਨੀ ਪਰਵਾਸੀਆਂ ਦੀ ਆਮਦ ਨੂੰ ਰੋਕਣ 'ਚ ਨਾਕਾਮ ਰਿਹਾ ਤਾਂ ਕੈਨੇਡੀਅਨ ਵਸਤਾਂ 'ਤੇ 25 ਫ਼ੀਸਦੀ ਵਾਧੂ ਦਾ ਟੈਕਸ ਲਗਾਇਆ ਜਾਵੇਗਾ। ਉਨ੍ਹਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਦੌਰਾਨ ਆਪਣੇ ਮਨਸ਼ੇ ਸਪੱਸ਼ਟ ਕਰ ਦਿੱਤੇ ਸਨ। ਟਰੰਪ ਨੇ ਟਰੂਡੋ ਨੂੰ ਮਖੌਲ ਕਰਦਿਆਂ ਉਸ ਨੂੰ ਕੈਨੇਡਾ ਦਾ ਗਵਰਨਰ ਤੱਕ ਆਖ ਦਿੱਤਾ ਸੀ।

***

## ਕੈਨੇਡਾ ਨੂੰ ਅਮਰੀਕਾ ਵਿੱਚ

ਉੱਧਰ ਜਦ ਟਰੰਪ ਤੋਂ ਪੁੱਛਿਆ ਗਿਆ ਕੀ ਉਹ ਕੈਨੇਡਾ ਨੂੰ ਆਪਣਾ ਸੂਬਾ ਬਣਾਉਣ ਲਈ ਫ਼ੌਜੀ ਤਾਕਤ ਦੀ ਵਰਤੋਂ ਕਰਨਗੇ, ਤਾਂ ਟਰੰਪ ਨੇ ਸਰਹੱਦ ਨੂੰ ਆਰਜੀ ਤੌਰ 'ਤੇ ਖਿੱਚੀ ਲਕੀਰ ਗਰਦਾਨਦੇ ਹੋਏ ਕਿਹਾ ਕਿ ਇਸਨੂੰ ਹਟਾਉਣਾ ਕੌਮੀ ਸੁਰੱਖਿਆ ਵਜੋਂ ਵੀ ਚੰਗਾ ਸਾਬਤ ਹੋਏਗਾ। ਟਰੰਪ ਨੇ ਆਪਣੀ ਗੱਲ ਸਪਸ਼ਟ ਕਰਦੇ ਹੋਏ ਕਿਹਾ ਸੀ ਕਿ ਬੇਸ਼ੱਕ ਅਮਰੀਕਾ ਕੋਲ ਕੈਨੇਡਾ ਨੂੰ ਮਿਲਾਉਣ ਦੇ ਦਾਅਵੇ ਦਾ ਕੋਈ ਹੱਕ ਨਹੀਂ, ਪਰ ਅਮਰੀਕਾ ਹਰ ਸਾਲ ਗਵਾਂਢੀ ਦੇਸ਼ ਵਜੋਂ ਕੈਨੇਡਾ ਦੀ ਸੁਰੱਖਿਆ ਅਤੇ ਸੰਭਾਲ ਵਾਸਤੇ ਸੈਂਕੜੇ ਅਰਬ ਡਾਲਰ ਦਾ ਖਰਚਾ (ਸਬਸਿਡੀ) ਸਹਿਣ ਕਰਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡਿਆਈ ਲੋਕਾਂ ਨੂੰ ਸੋਚਣ ਦੀ ਲੋੜ ਹੈ ਕਿ ਜੇ ਉਨ੍ਹਾਂ ਨੂੰ ਗੁਆਂਢੀ ਦੇਸ਼ ਤੋਂ ਇੰਨਾ ਜ਼ਿਆਦਾ ਸਮਰਥਨ ਮਿਲਦਾ ਹੈ ਤਾਂ ਕਿਉਂ ਨਾ ਉਹ ਇਸਦਾ ਹਿੱਸਾ ਬਣ ਜਾਣ।

ਟਰੰਪ ਦੇ ਇੱਕ ਹੋਰ ਬਿਆਨ 'ਤੇ ਟਿੱਪਣੀ ਕਰਦੇ ਹੋਏ ਕੈਨੇਡਾ ਦੀ ਵਿਦੇਸ਼ ਮੰਤਰੀ ਮੈਲਾਨੀ ਜੌਲੀ ਨੇ ਕਿਹਾ ਹੈ ਕਿ ਕੈਨੇਡਾ ਦੀ ਆਰਥਿਕਤਾ ਮਜਬੂਤ ਹੈ, ਦੇਸ਼ ਵਾਸੀ ਤਾਕਤਵਰ ਹਨ ਜੋ ਕਿਸੇ ਵੀ ਤਰ੍ਹਾਂ ਦੀਆਂ ਧਮਕੀਆਂ ਤੋਂ ਡਰ ਕੇ ਪਿੱਛੇ ਮੁੜਨ ਵਾਲੇ ਨਹੀਂ।

***

## ਕੀ ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਸਾਹਿਬ ਨਾਲ

ਇਸ ਨਾਲ ਸਾਫ਼ ਹੋ ਗਿਆ ਹੈ ਕਿ ਪੰਥਕ ਏਕਤਾ ਦਾ ਰਾਹ ਪੱਧਰਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਪੰਥਕ ਸਫ਼ਾਂ ਅੰਦਰ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਦੀ ਲੰਮੇ ਅਰਸੇ ਤੋਂ ਚਲੀ ਆ ਰਹੀ ਮੁਹਿੰਮ ਹਾਲੇ ਚਲਦੀ ਰਹੇਗੀ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਅਕਾਲੀ ਸਿਆਸਤ ਵਿੱਚ ਖਿੰਡਾਓ ਬਹੁਤ ਅੱਗੇ ਵਧ ਚੁੱਕਿਆ ਹੈ ਅਤੇ ਇਸ ਨੂੰ ਜੋੜ ਤੋੜ ਨਾਲ ਉਪਰੋਂ ਠੱਲ੍ਹ ਪਾਉਣ ਦੀਆਂ ਸੰਭਾਵਨਾਵਾਂ ਖ਼ਤਮ ਹੋ ਗਈਆਂ ਹਨ। ਹੋ ਸਕਦਾ ਹੈ ਜਥੇਦਾਰ ਰਘਬੀਰ ਸਿੰਘ ਨੂੰ ਅਸਤੀਫਾ ਦੇਣਾ ਪੈ ਜਾਵੇ।

ਸ਼੍ਰੋਮਣੀ ਅਕਾਲੀ ਦਲ ਲੰਮੇ ਅਰਸੇ ਤੋਂ ਪੰਜਾਬ ਅਤੇ ਪੰਥ ਦੇ ਹਿੱਤਾਂ ਦਾ ਤਰਜਮਾਨ ਰਿਹਾ ਹੈ ਪਰ ਹਾਲੀਆ ਰੁਝਾਨਾਂ ਕਰ ਕੇ ਪੰਜਾਬ ਦੇ ਹਿੱਤਾਂ ਨੂੰ ਗਹਿਰੀ ਸੱਟ ਵੱਜੀ ਹੈ ਅਤੇ ਅੱਤ ਦੇ ਕੇਂਦਰਵਾਦ ਦੀ ਮੁਹਿੰਮ ਨੂੰ ਵੀ ਬਲ ਮਿਲਿਆ ਹੈ। ਹੁਣ ਸ਼ਾਇਦ ਇਸ ਦਾ ਜਵਾਬ ਪੰਜਾਬ ਦੀਆਂ ਜਨਤਕ ਸਫ਼ਾਂ 'ਚੋਂ ਹੀ ਤਲਾਸ਼ ਕੀਤਾ ਜਾ ਸਕੇਗਾ ਜਿੱਥੇ ਲੀਡਰਸ਼ਿਪ ਨੂੰ ਆਪਣੀ ਪ੍ਰਮਾਣਿਕਤਾ ਸਿੱਧ ਕਰਨ ਲਈ ਦੇਰ ਸਵੇਰ ਜਾਣਾ ਹੀ ਪੈਂਦਾ ਹੈ।

ਦੂਜੇ ਪਾਸੇ ਬਾਦਲ ਦਲ ਦੇ ਹਲਕਿਆਂ ਦਾ ਮੰਨਣਾ ਹੈ ਕਿ ਚੋਣ ਕਮਿਸ਼ਨ ਅਨੁਸਾਰ ਅਕਾਲੀ ਨਵੀਂ ਭਰਤੀ ਟੀਮ ਬਣਾ ਸਕਦਾ ਹੈ। ਉਸ ਮੁਤਾਬਕ ਅਕਾਲੀ ਦਲ ਬਾਦਲ ਦੀ ਵਰਕਿੰਗ ਕਮੇਟੀ ਵੱਲੋਂ ਆਪਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਾਘੀ ਦੀ ਕਾਨਫਰੰਸ ਬਾਅਦ ਪ੍ਰਵਾਨ ਕਰਨ ਦੀ ਸੰਭਾਵਨਾ ਹੈ। ਤੇ ਅਗੋਂ ਸੁਖਬੀਰ ਬਾਦਲ ਨੂੰ ਪ੍ਰਧਾਨ ਬਣਾਉਣ ਦੀ ਸੰਭਾਵਨਾ ਹੈ।

ਇਸ ਲਈ ਖ਼ੁਦ ਸੁਖਬੀਰ ਸਿੰਘ ਬਾਦਲ ਵੀ ਸਹਿਮਤ ਹਨ, ਪਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਯੁਕਤ ਕੀਤੀ 7 ਮੈਂਬਰੀ ਕਮੇਟੀ ਨੂੰ ਕਮਾਨ ਸੌਂਪਣ ਤੋਂ ਬਾਦਲ ਅਕਾਲੀ ਦਲ ਇਨਕਾਰੀ ਹੈ। ਅਕਾਲੀ ਦਲ ਨੇ ਸੀਨੀਅਰ ਵਕੀਲ ਕਮਲ ਸਹਿਗਲ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਦਿੱਤੀਆਂ ਹਦਾਇਤਾਂ ਬਾਰੇ ਕਾਨੂੰਨੀ ਸਲਾਹ ਲਈ ਹੈ, ਜੋ ਉਨ੍ਹਾਂ ਨੇ ਕਰੀਬ 12 ਸਫਿਆਂ ਵਿੱਚ ਦਿੱਤੀ ਹੈ। ਬਾਦਲ ਅਕਾਲੀ ਦਲ ਦੇ ਨੇਤਾ ਕਹਿੰਦੇ ਹਨ ਕਿ ਜੇਕਰ ਇਸ ਤਰ੍ਹਾਂ ਅਕਾਲੀ ਦਲ ਦੀ ਵਾਗਡੋਰ ਧਾਰਮਿਕ ਹੁਕਮਾਂ ਅਧੀਨ ਬਣਾਈ ਕਮੇਟੀ ਨੂੰ ਸੌਂਪੀ ਗਈ ਤਾਂ ਅਕਾਲੀ ਦਲ ਕਾਨੂੰਨੀ ਤੌਰ 'ਤੇ ਆਪਣੀ ਮਾਨਤਾ ਗਵਾ ਲਵੇਗਾ। ਜਦਕਿ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਕਿਹਾ ਕਿ ਕੋਈ ਸੰਵਿਧਾਨ ਸਿਆਸੀ ਪਾਰਟੀ ਉਪਰ ਪਾਬੰਦੀ ਨਹੀਂ ਲਗਾਉਂਦਾ ਜਦ ਤਕ ਉਹ ਪੂਰਨ ਤੌਰ ਉੱਪਰ ਧਾਰਮਿਕ ਨਾ ਹੋਵੇ। ਅਕਾਲੀ ਦਲ ਦੀ ਵਰਕਿੰਗ ਕਮੇਟੀ ਅਕਾਲ ਤਖ਼ਤ ਸਾਹਿਬ ਦੀ ਭਰਤੀ ਕਮੇਟੀ ਨੂੰ ਪ੍ਰਵਾਨ ਕਰਕੇ ਇਹ ਫੈਸਲਾ ਲੈ ਸਕਦੀ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਸੇਵਾ ਨੂੰ ਪੂਰਾ ਕਰਕੇ ਹੁਣ ਸੁਖਬੀਰ ਬਾਦਲ ਨੂੰ 14 ਜਨਵਰੀ ਨੂੰ ਮੁਕਤਸਰ ਦੇ ਮਾਘੀ ਮੇਲੇ ਵਿੱਚ ਰੀਲਾਂਚ ਕੀਤਾ ਜਾਵੇਗਾ। ਪਾਰਟੀ ਦੇ ਨੇਤਾ ਡਾ.ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮਾਘੀ 'ਤੇ ਪਾਰਟੀ ਮੁਕਤਸਰ ਸਾਹਿਬ ਵਿੱਚ ਕਾਨਫਰੰਸ ਕਰੇਗੀ। ਇਸ ਵਿੱਚ ਸੀਨੀਅਰ ਨੇਤਾ ਸ਼ਾਮਲ ਹੋਣਗੇ।

ਦੂਜੇ ਪਾਸੇ ਮੁਕਤਸਰ ਸਾਹਿਬ ਵਿਖੇ ਹੀ ਮਾਘੀ ਮੌਕੇ ਟੀਮ ਭਾਈ ਅੰਮ੍ਰਿਤਪਾਲ ਸਿੰਘ, ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਤੇ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਨਵਾਂ ਅਕਾਲੀ ਦਲ ਬਣਾਉਣ ਦਾ ਐਲਾਨ ਕਰਨ ਜਾ ਰਹੀ ਹੈ। ਸਾਡੀ ਜਾਣਕਾਰੀ ਅਨੁਸਾਰ ਇਸ ਨਵੇਂ ਅਕਾਲੀ ਦਲ ਦਾ ਪ੍ਰਧਾਨ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਨੂੰ ਤੇ ਕਾਰਜਕਾਰੀ ਪ੍ਰਧਾਨ ਉਨ੍ਹਾਂ ਦੇ ਪਿਤਾ ਬਾਪੂ ਤਰਸੇਮ ਸਿੰਘ ਨੂੰ ਬਣਾਇਆ ਜਾਵੇਗਾ। ਜਦੋਂ ਕਿ ਭਾਈ ਸਰਬਜੀਤ ਸਿੰਘ ਖ਼ਾਲਸਾ ਨੂੰ ਇਕੋ ਇਕ ਸੀਨੀਅਰ ਮੀਤ ਪ੍ਰਧਾਨ ਜਾਂ ਸਕੱਤਰ ਜਨਰਲ ਬਣਾਏ ਜਾਣ ਦੇ ਆਸਾਰ ਹਨ।

## ਕੈਨੇਡਾ ਵਿੱਚ ਸਿੱਖਾਂ ਦੀ ਵਧ ਰਹੀ

ਭਾਰਤੀ ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ, ਸਾਨੂੰ ਬੀਤੇ ਦਿਨੀਂ ਕੈਨੇਡਾ ਤੋਂ ਕੂਟਨੀਤਕ ਸੁਨੇਹਾ ਮਿਲਿਆ ਸੀ। ਦੱਸਿਆ ਗਿਆ ਹੈ ਕਿ ਕੈਨੇਡਾ ਵਿੱਚ ਚੱਲ ਰਹੀ ਜਾਂਚ ਵਿੱਚ ਭਾਰਤੀ ਹਾਈ ਕਮਿਸ਼ਨਰ ਅਤੇ ਹੋਰ ਡਿਪਲੋਮੈਟਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ। ਭਾਰਤ ਸਰਕਾਰ ਕੈਨੇਡਾ ਦੇ ਇਨ੍ਹਾਂ ਇਲਜ਼ਾਮਾਂ ਦਾ ਪੁਰਜ਼ੋਰ ਖੰਡਨ ਕਰ ਰਹੀ ਹੈ। ਮੋਦੀ ਸਰਕਾਰ ਦਾ ਕਹਿਣਾ ਹੈ ਕਿ ਕੈਨੇਡਾ ਦੀ ਟਰੂਡੋ ਸਰਕਾਰ ਵੋਟ ਬੈਂਕ ਬਣਾਉਣ ਲਈ ਅਜਿਹਾ ਕਰ ਰਹੀ ਹੈ। ਇਸ ਤੋਂ ਪਹਿਲਾਂ 18 ਸਤੰਬਰ 2024 ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਸੰਸਦ ਵਿੱਚ ਬਿਆਨ ਦਿੱਤਾ ਸੀ ਕਿ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੀ ਸੰਭਾਵੀ ਸ਼ਮੂਲੀਅਤ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਜਸਟਿਨ ਟਰੂਡੋ ਜਦੋਂ 2015 ਵਿੱਚ ਪਹਿਲੀ ਵਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਮਜ਼ਾਕ ਵਿੱਚ ਕਿਹਾ ਸੀ ਕਿ ਉਨ੍ਹਾਂ ਦੀ ਕੈਬਨਿਟ ਵਿੱਚ ਭਾਰਤ ਦੀ ਮੋਦੀ ਸਰਕਾਰ ਨਾਲੋਂ ਵੱਧ ਸਿੱਖ ਮੰਤਰੀ ਹਨ। ਉਸ ਸਮੇਂ ਟਰੂਡੋ ਨੇ ਚਾਰ ਸਿੱਖਾਂ ਨੂੰ ਕੈਬਨਿਟ ਵਿੱਚ ਸ਼ਾਮਲ ਕੀਤਾ ਸੀ। ਕੈਨੇਡੀਅਨ ਰਾਜਨੀਤੀ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਸਿੱਖਾਂ ਦੀ ਸਿਆਸੀ ਪਾਵਰ ਵਧੀ ਹੈ।

ਕੈਨੇਡਾ ਦੀ ਆਬਾਦੀ ਧਰਮ ਅਤੇ ਨਸਲ ਦੇ ਪੱਖੋਂ ਕਾਫ਼ੀ ਭਿੰਨ ਹੈ। ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, 2016 ਵਿੱਚ ਕੈਨੇਡਾ ਦੀ ਕੁੱਲ ਆਬਾਦੀ ਵਿੱਚ ਘੱਟ ਗਿਣਤੀ ਕੌਮਾਂ 22.3 ਪ੍ਰਤੀਸ਼ਤ ਹੋ ਗਈਆਂ ਸਨ। 1981 ਵਿੱਚ ਘੱਟ ਗਿਣਤੀਆਂ ਦੀ ਕੁਲ ਅਬਾਦੀ 4.7 ਫ਼ੀਸਦੀ ਸੀ। ਇਸ ਰਿਪੋਰਟ ਮੁਤਾਬਕ 2036 ਤੱਕ ਕੈਨੇਡਾ ਦੀ ਕੁੱਲ ਆਬਾਦੀ ਵਿੱਚ ਘੱਟਗਿਣਤੀਆਂ 33 ਫ਼ੀਸਦੀ ਹੋ ਜਾਣਗੀਆਂ।

ਸਿੱਖ ਕੌਮ ਕੈਨੇਡਾ ਦਾ ਚੌਥਾ ਸਭ ਤੋਂ ਵੱਡਾ ਧਾਰਮਿਕ ਸਮੂਹ ਹੈ, ਜਿਸ ਦੇ ਲਗਭਗ 800,000 ਅਨੁਯਾਈ ਹਨ। 2021 ਤੱਕ, ਸਿੱਖ ਕੈਨੇਡੀਅਨ ਆਬਾਦੀ ਦਾ 2.1% ਬਣਦੇ ਸਨ। ਕੈਨੇਡਾ ਵਿੱਚ ਭਾਰਤੀ ਮੂਲ ਦੇ 16 ਲੱਖ ਤੋਂ ਵੱਧ ਲੋਕ ਰਹਿੰਦੇ ਹਨ, ਜਦਕਿ ਭਾਰਤੀ ਪਰਵਾਸੀਆਂ ਦੀ ਗਿਣਤੀ 7 ਲੱਖ ਹੈ। ਪੂਰੀ ਦੁਨੀਆਂ ਵਿੱਚ ਜ਼ਿਆਦਾਤਰ ਭਾਰਤੀ ਕੈਨੇਡਾ ਵਿੱਚ ਰਹਿੰਦੇ ਹਨ। ਇਹ ਕੈਨੇਡਾ ਦੀ ਕੁੱਲ ਆਬਾਦੀ ਦਾ 4 ਫ਼ੀਸਦੀ ਹੈ। ਇਹ ਭਾਰਤੀ ਜ਼ਿਆਦਾਤਰ ਕੈਨੇਡਾ ਦੇ ਟੋਰਾਂਟੋ, ਵੈਨਕੂਵਰ, ਮਾਂਟਰੀਅਲ, ਓਟਾਵਾ ਅਤੇ ਵਿਨੀਪੈਗ ਵਿੱਚ ਰਹਿੰਦੇ ਹਨ। ਇਸ ਸਮੇਂ ਕੈਨੇਡਾ ਦੀ ਸੰਸਦ ਵਿੱਚ ਭਾਰਤੀ ਮੂਲ ਦੇ 19 ਲੋਕ ਹਨ। ਇਸ ਦੇ ਨਾਲ ਹੀ 3 ਮੈਂਬਰ ਕੈਬਨਿਟ ਮੰਤਰੀ ਹਨ। ਕੈਨੇਡਾ ਦੀ ਅਬਾਦੀ ਦਾ 2.1 ਫ਼ੀਸਦੀ ਹਿੱਸਾ ਸਿੱਖ ਹਨ, ਜਿਸ ਕਾਰਨ ਉੱਥੋਂ ਦੀ ਸਿਆਸਤ ਲਈ ਵੀ ਬੇਹਦ ਅਹਿਮ ਹਨ। ਪੰਜਾਬੀ ਭਾਸ਼ਾ, ਕੈਨੇਡਾ ਦੀ ਤੀਜੀ ਸਭ ਤੋਂ ਹਰਮਨ ਪਿਆਰੀ ਭਾਸ਼ਾ ਹੈ।

***

## ਜਾਰਜ ਸੋਰੋਸ ਨੂੰ ਅਮਰੀਕਾ ਦਾ ਸਰਵਉੱਚ ਨਾਗਰਿਕ

ਇਸ ਬਿਆਨ ਤੋਂ ਭਾਜਪਾ ਬਹੁਤ ਭੜਕੀ ਸੀ ਤੇ ਕਿਹਾ ਸੀ ਕਿ ਜਾਰਜ ਸੋਰੋਸ ਦਾ ਬਿਆਨ ਭਾਰਤ ਦੀ ਲੋਕਤੰਤਰਿਕ ਪ੍ਰਕਿਰਿਆ ਨੂੰ ਬਰਬਾਦ ਕਰਨ ਦਾ ਐਲਾਨ ਹੈ। ਭਾਰਤ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਸੋਰੋਸ ਦਾ ਨਾਂ ਲੈ ਕੇ ਕਾਂਗਰਸ 'ਤੇ ਨਿਸ਼ਾਨਾ ਸਾਧ ਰਹੀ ਹੈ। ਭਾਜਪਾ ਦਾ ਕਹਿਣਾ ਹੈ ਕਿ ਕਾਂਗਰਸ ਨੂੰ ਸੋਰੋਸ ਤੋਂ ਕਈ ਤਰ੍ਹਾਂ ਦੀ ਮਦਦ ਮਿਲਦੀ ਹੈ। ਭਾਜਪਾ ਕਸ਼ਮੀਰ 'ਤੇ ਸੋਰੋਸ ਦੇ ਰੁਖ ਨੂੰ ਰਾਸ਼ਟਰ-ਵਿਰੋਧੀ ਵਜੋਂ ਜੋੜਦੀ ਰਹੀ ਹੈ। ਸੋਰੋਸ ਫਾਊਂਡੇਸ਼ਨ ਨੇ 1999 ਵਿੱਚ ਭਾਰਤ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। 2021 ਤੱਕ, ਸੋਰੋਸ ਦੀ ਫਾਊਂਡੇਸ਼ਨ ਨੇ ਆਪਣੀਆਂ ਭਾਰਤ ਦੀਆਂ ਗਤੀਵਿਧੀਆਂ ਲਈ ਲਗਭਗ 3.4 ਕਰੋੜ ਰੁਪਏ ਦਿੱਤੇ ਸਨ, ਜੋ ਕਿ ਉਸ ਸਾਲ ਦੁਨੀਆਂ ਭਰ ਵਿੱਚ 12,703 ਕਰੋੜ ਰੁਪਏ ਦੇ ਕੁੱਲ ਫੰਡਿੰਗ ਦਾ 0.02 ਪ੍ਰਤੀਸ਼ਤ ਹੈ।

***

## ਕੈਨੇਡਾ 'ਚ ਨਸਲਵਾਦ ਦੇ ਖ਼ਾਤਮੇ ਦੇ

ਇਸ ਸ਼ਹਿਰ ਵਿੱਚ ਹੀ ਭਾਈ ਸਾਹਿਬ ਨੂੰ ਫ਼ਾਂਸੀ ਦਿੱਤੀ ਗਈ ਸੀ। ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਇਸ ਤੋਂ ਇਲਾਵਾ ਬੀਸੀ ਦੀ ਸਿੱਖਿਆ ਮੰਤਰੀ ਬੀਬੀ ਰਚਨਾ ਸਿੰਘ ਨੇ ਭਾਈ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਆਪਣੇ ਦਫ਼ਤਰ ਵਿੱਚ ਭਾਈ ਮੇਵਾ ਸਿੰਘ ਲੋਪੋਕੇ ਦੀ ਤਸਵੀਰ ਸੁਸ਼ੋਭਿਤ ਕੀਤੀ, ਪਰ ਜ਼ਿਆਦਾਤਰ ਦੇਸੀ ਸਿਆਸਤਦਾਨ ਅਜੇ ਵੀ ਸ਼ਹੀਦ ਭਾਈ ਮੇਵਾ ਸਿੰਘ ਦਾ ਨਾਂ ਲੈਣ ਤੋਂ ਝਿਜਕਦੇ ਹਨ।

ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦੇ ਸ਼ਹੀਦ ਐਲਾਨੇ ਜਾਣ ਦੀ ਮੰਗ

ਨਸਲਵਾਦ ਖ਼ਿਲਾਫ਼ ਡਟਣ ਵਾਲ਼ੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫ਼ੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰ ਕੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਦਾ ਸ਼ਹੀਦ ਐਲਾਨਿਆ ਜਾਵੇ। 21 ਅਕਤੂਬਰ ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫ਼ੁੱਲਤ ਕੀਤਾ ਹੈ। ਕਿੰਨਾ ਚੰਗਾ ਹੋਵੇ ਕਿ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਦੂਜੇ ਪਾਸੇ ਬੀ.ਸੀ. ਅਸੰਬਲੀ ਬਿਲਡਿੰਗ ਵਿਕਟੋਰੀਆ ਦੇ ਪਿਛਲੇ ਪਾਸੇ ਦੀ ਪਾਰਕ 'ਚ ਅਜੇ ਵੀ ਹਾਪਕਿਨਸਨ ਦਾ ਨਾਂ ਸ਼ਿਲਾਲੇਖ ਉਪਰ ਅੰਕਿਤ ਹੈ, ਉਸ ਨੂੰ ਤੁਰੰਤ ਹਟਾਇਆ ਜਾਵੇ ਅਤੇ ਬੀ.ਸੀ. ਵਿਧਾਨ ਸਭਾ ਦੇ ਅੱਗੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਬੁੱਤ ਲਗਾਇਆ ਜਾਵੇ। ਅੱਜ ਲੋੜ ਇਸ ਗੱਲ ਦੀ ਹੈ ਕਿ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਸ਼ਹੀਦ ਮੇਵਾ ਸਿੰਘ ਦੇ ਨਕਸ਼ੇ-ਕਦਮਾਂ ਤੇ ਪਹਿਰਾ ਦੇਣ। ਅੱਜ ਲੋੜ ਅਜਿਹੇ ਪ੍ਰਬੰਧਕਾਂ ਤੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫ਼ਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਦੀ ਮਿਸਾਲ ਤਾਜ਼ਾ ਕੈਨੇਡਾ ਵੱਸਦੇ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਭਾਰਤੀ ਏਜੰਸੀਆਂ ਵੱਲੋਂ ਆਪਣੇ ਏਜੰਟਾਂ ਰਾਹੀਂ ਹਮਲਿਆਂ ਦੇ ਰੂਪ ਵਿੱਚ ਮਿਲਦੀ ਹੈ। ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖ਼ਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ। ਕੈਨੇਡਾ ਦੇ ਇਤਿਹਾਸ ਵਿੱਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਇਹ ਗੌਰਵਮਈ ਗਾਥਾ ਸਾਡਾ ਸ਼ਾਨਾਮੱਤਾ ਇਤਿਹਾਸ ਹੈ। ਇਸ ਦਿਨ ਨੂੰ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦੇ ਮੁੱਢ ਬੱਝਣ ਬੰਨ੍ਹਣ ਵਜੋਂ ਚੇਤੇ ਕਰਨਾ ਚਾਹੀਦਾ ਹੈ।

## ਕੀ ਹੈ ਕੇਂਦਰੀ ਖੇਤੀ ਮੰਡੀਕਰਨ ਨੀਤੀ,

ਕਹਿਣ ਦਾ ਭਾਵ ਕਿ ਸਾਰੇ ਸੂਬਿਆਂ ਦੇ ਖੇਤੀ ਮੰਤਰੀ ਇਕੱਠੇ ਹੋ ਕੇ ਇਹ ਤੈਅ ਕਰਨਗੇ ਕਿ ਕਿਸ ਤਰ੍ਹਾਂ ਖੇਤੀ ਦੀ ਉਪਜ ਦੇ ਮੰਡੀਕਰਨ ਵਿੱਚ ਸੁਧਾਰ ਕੀਤੇ ਜਾਣ। ਇਸ ਕਮੇਟੀ ਨੂੰ ਸਲਾਹ ਦੇਣ ਲਈ ਕੇਂਦਰੀ ਖੇਤੀ ਮੰਤਰਾਲੇ 'ਚ ਮੰਡੀਕਰਨ ਨਾਲ ਸੰਬੰਧਿਤ ਵਧੀਕ ਸਕੱਤਰ ਦੀ ਪ੍ਰਧਾਨਗੀ ਅਧੀਨ ਸੂਬਿਆਂ ਦੇ ਮੰਡੀਕਰਨ ਨਾਲ ਸੰਬੰਧਿਤ ਸਕੱਤਰਾਂ ਦੀ ਇਕ ਕਮੇਟੀ ਬਣੇਗੀ। ਸਕੱਤਰ ਤਾਂ ਆਉਂਦੇ ਹੀ ਕੇਂਦਰ ਸਰਕਾਰ ਅਧੀਨ ਹਨ ਅਤੇ ਬਹੁਤਿਆਂ ਦੀ ਸੋਚ ਕਾਰਪੋਰੇਟ ਪੱਖੀ ਹੈ। ਨਤੀਜਾ ਉਪਰੋਕਤ ਦੋਵੇਂ ਕਮੇਟੀਆਂ ਕੇਂਦਰ ਸਰਕਾਰ ਦੀ ਸੋਚ ਤੋਂ ਪਾਸੇ ਨਹੀਂ ਜਾ ਸਕਦੀਆਂ। ਇਸ ਦਾ ਹਾਲ ਅਸੀਂ ਜੀ.ਐਸ.ਟੀ. ਕੌਂਸਲ ਦੀਆਂ ਮੀਟਿੰਗਾਂ 'ਚ ਦੇਖ ਹੀ ਚੁੱਕੇ ਹਾਂ।

ਅੱਜ ਜੋ ਖੇਤੀ ਅਤੇ ਕਿਸਾਨੀ ਦੇ ਹਾਲਾਤ ਹਨ, ਉਨ੍ਹਾਂ ਨੂੰ ਨੀਤੀ ਉਹ ਚਾਹੀਦੀ ਹੈ, ਜੋ ਪਿੰਡ ਪੱਧਰ 'ਤੇ ਖੇਤੀ ਪੈਦਾਵਾਰ ਦੀ ਪ੍ਰੋਸੈਸਿੰਗ ਲਈ ਛੋਟੇ ਉਦਯੋਗਾਂ ਨੂੰ ਵਧਾਵੇ ਤਾਂ ਕਿ ਪੇਂਡੂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ। ਨਸ਼ਿਆਂ ਦਾ ਰੁਝਾਨ ਘਟੇ ਅਤੇ ਚੋਰੀ-ਡਕੈਤੀ ਅਤੇ ਮਾਰਾ-ਮਾਰੀ ਤੋਂ ਮੁਕਤੀ ਮਿਲੇ। ਕੋਆਪ੍ਰੇਟਿਵ ਸੁਸਾਈਟੀਆਂ ਨੂੰ ਮੁੜ ਸੁਰਜੀਤ ਕਰ ਕੇ ਇਸ ਸੰਬੰਧੀ ਬਹੁਤ ਸਾਰੇ ਕੰਮ ਉਨ੍ਹਾਂ ਤੋਂ ਕਰਵਾਏ ਜਾਣ। ਪੰਜਾਬ ਨੇ 2017 ਤੋਂ ਪ੍ਰਾਈਵੇਟ ਮੰਡੀਆਂ ਖੋਲ੍ਹਣ ਦੀ ਕਾਨੂੰਨੀ ਸਹੂਲਤ ਦਿੱਤੀ ਹੋਈ ਹੈ, ਜੇ ਕਿਸੇ ਨੇ ਮੰਡੀ ਖੋਲ੍ਹਣੀ ਹੈ ਤਾਂ ਉਸ ਕਾਨੂੰਨ ਅਧੀਨ ਖੋਲ੍ਹੇ। ਕਾਰਪੋਰੇਟ ਸਰਕਾਰੀ ਮੰਡੀਆਂ 'ਚ ਵੜ ਕੇ ਚਲਦੀਆਂ ਮੰਡੀਆਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਸ ਨੀਤੀ ਅਧੀਨ ਕਿਸਾਨਾਂ ਦਾ ਫ਼ਾਇਦਾ ਤਾਂ ਘੱਟ ਪਰ ਵਪਾਰੀ ਅਤੇ ਕਾਰਪੋਰੇਟ ਦਾ ਫ਼ਾਇਦਾ ਜ਼ਿਆਦਾ ਹੁੰਦਾ ਨਜ਼ਰ ਆਉਂਦਾ ਹੈ। ਇਹ ਇਕ ਹੋਰ ਕੋਸ਼ਿਸ਼ ਜਾਪਦੀ ਹੈ ਪਿਛਲੇ ਦਰਵਾਜ਼ਿਓਂ ਅੰਦਰ ਵੜ ਕੇ ਖੇਤੀ ਪੈਦਾਵਾਰ 'ਤੇ ਕਬਜ਼ਾ ਕਰਨ ਦੀ।

***

## ਕੌਮੀ ਖੇਤੀ ਮੰਡੀ ਨੀਤੀ ਰਾਜਾਂ ਤੇ

ਇਸ ਨੀਤੀ ਨਾਲ ਕਿਸਾਨਾਂ ਨੂੰ ਕੀਮਤਾਂ 'ਚ ਵਧੇਰੇ ਅਸਥਿਰਤਾ ਦਾ ਸਾਹਮਣਾ ਕਰਨਾ ਪਵੇਗਾ ਅਤੇ ਬਾਜ਼ਾਰ ਦੀਆਂ ਤਾਕਤਾਂ 'ਤੇ ਨਿਰਭਰਤਾ 'ਚ ਵਾਧਾ ਹੋਵੇਗਾ, ਜਿਸ ਦੇ ਨਤੀਜੇ ਵਜੋਂ ਕਿਸਾਨਾਂ ਦੇ ਸ਼ੋਸ਼ਣ ਅਤੇ ਵਿੱਤੀ ਅਸਥਿਰਤਾ 'ਚ ਵਾਧਾ ਹੋਵੇਗਾ। ਨਾਲ ਹੀ, ਇਹ ਨੀਤੀ ਅੰਤਰਰਾਸ਼ਟਰੀ ਖੇਤੀਬਾੜੀ ਮਾਰਕੀਟਿੰਗ ਦੀ ਅਣਦੇਖੀ ਕਰਦੀ ਹੈ, ਜਿੱਥੇ ਕੇਂਦਰ ਸਰਕਾਰ ਵਲੋਂ ਬੇਵਜ੍ਹਾ ਲਾਈਆਂ ਨਿਰਯਾਤ ਡਿਊਟੀਆਂ, ਪਾਬੰਦੀਆਂ ਅਤੇ ਘੱਟੋ-ਘੱਟ ਨਿਰਯਾਤ ਕੀਮਤਾਂ ਸਿੱਧੇ ਤੌਰ 'ਤੇ ਖੇਤੀਬਾੜੀ ਮੰਡੀਕਰਨ ਅਤੇ ਕਿਸਾਨਾਂ ਦੇ ਮੁਨਾਫ਼ੇ 'ਤੇ ਮਾੜਾ ਅਸਰ ਪਾਉਂਦੀਆਂ ਹਨ। ਇਹ ਨੀਤੀ ਰਾਜਾਂ ਦੇ ਅਧਿਕਾਰਾਂ 'ਤੇ ਵੀ ਸਿੱਧਾ ਹਮਲਾ ਹੈ, ਕਿਉਂਕਿ ਖੇਤੀ ਰਾਜਾਂ ਦਾ ਵਿਸ਼ਾ ਹੈ ਅਤੇ ਇੱਕ ਕੇਂਦਰੀ ਖੇਤੀਬਾੜੀ ਮੰਡੀਕਰਨ ਨੀਤੀ ਨਾਲ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟੀ ਜਾਵੇਗੀ।

ਪੰਜਾਬ ਸਰਕਾਰ ਦੀ ਇਸ ਨੀਤੀ ਪ੍ਰਤੀ ਕਾਰਗੁਜ਼ਾਰੀ ਢਿੱਲੀ ਰਹੀ ਹੈ। ਕਿਸਾਨਾਂ ਅਤੇ ਆਮ ਲੋਕਾਈ ਵੱਲੋਂ ਵਿਰੋਧ ਸ਼ੁਰੂ ਹੋਣ ਤੋਂ ਬਾਅਦ ਹੀ ਸਰਕਾਰ ਨੇ ਇਸ ਵੱਲ ਤਵੱਜੋ ਦੇ ਕੇ ਮਾਹਿਰਾਂ ਅਤੇ ਕਿਸਾਨ ਲੀਡਰਾਂ ਨਾਲ ਮੀਟਿੰਗਾਂ ਕੀਤੀਆਂ ਹਨ। ਹੁਣ ਪੰਜਾਬ ਸਰਕਾਰ ਨੂੰ ਫੁਰਤੀ ਦਿਖਾ ਕੇ ਇਸ ਖੇਤੀਬਾੜੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ ਦੇ ਖਰੜੇ ਨੂੰ ਪੂਰੀ ਤਰ੍ਹਾਂ ਰੱਦ ਕਰ ਦੇਣਾ ਚਾਹੀਦਾ ਹੈ। ਇਸ ਕੰਮ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸ਼ੈਸ਼ਨ ਸੱਦ ਕੇ ਇਸ ਨੀਤੀ ਖ਼ਿਲਾਫ਼ ਮਤਾ ਪਾਸ ਕਰਕੇ ਇਸ ਨੀਤੀ ਨੂੰ ਰੱਦ ਕੀਤਾ ਜਾਵੇ। ਇਸ ਦੇ ਬਦਲ ਵਜੋਂ ਪੰਜਾਬ ਸਰਕਾਰ ਵੱਲੋਂ ਗਠਿਤ 11 ਮੈਂਬਰੀ ਕਮੇਟੀ ਵੱਲੋਂ ਤਿਆਰ ਕੀਤੀ 'ਪੰਜਾਬ ਰਾਜ ਖੇਤੀ ਨੀਤੀ (2023)' ਨੂੰ ਲਾਗੂ ਕਰਨਾ ਹੀ ਸੂਬੇ ਦੇ ਹਿਤ 'ਚ ਹੋਵੇਗਾ।

***

## ਕਾਰਪੋਰੇਟ ਸਿੱਖਿਆ ਸਮਾਜ

ਪ੍ਰਾਈਵੇਟ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਖੁੱਲ੍ਹਾਂ ਦੇ ਕੇ ਸਿੱਖਿਆ ਦਾ ਵਪਾਰੀਕਰਨ ਕਰ ਦਿੱਤਾ। ਇਉਂ ਸਿੱਖਿਆ ਬਹੁਤ ਮਹਿੰਗੀ ਹੋਣ ਕਰ ਕੇ ਆਮ ਤੇ ਮੱਧ ਵਰਗ ਦੇ ਬੱਚਿਆਂ ਦੀ ਪਹੁੰਚ ਤੋਂ ਬਾਹਰ ਹੋ ਰਹੀ ਹੈ। ਕਰੋਨਾ ਦੇ ਦੌਰ ਵਿੱਚ 2020 ਵਿੱਚ ਕੇਂਦਰ ਸਰਕਾਰ ਵੱਲੋਂ ਪਾਸ ਕੌਮੀ ਸਿੱਖਿਆ ਨੀਤੀ ਲਾਗੂ ਕਰ ਦਿੱਤੀ ਗਈ। ਇਸ ਨੀਤੀ ਤਹਿਤ ਦੋ ਮੁੱਖ ਏਜੰਡੇ ਲਾਗੂ ਕੀਤੇ; ਪਹਿਲਾਂ, ਸਿੱਖਿਆ ਦਾ ਕਾਰਪੋਰੇਟੀਕਰਨ ਤੇ ਦੂਜਾ ਹਿੰਦੂਤਵੀ ਝੁਕਾਅ। ਇਹ ਕੇਂਦਰ ਸਰਕਾਰ ਦੇ ਫਾਸ਼ੀਵਾਦ ਵੱਲ ਵਧਦੇ ਕਦਮ ਕਹੇ ਜਾ ਸਕਦੇ ਹਨ। ਇਸ ਤਰਜ਼ 'ਤੇ ਹੀ ਹਿਟਲਰ ਨੇ ਜਰਮਨੀ ਅਤੇ ਮੁਸੋਲਿਨੀ ਨੇ ਇਟਲੀ ਵਿੱਚ ਵੱਖਰੇ ਫਿਰਕੂ ਤੇ ਖਾਸ ਸਕੂਲ ਖੋਲ੍ਹੇ ਸਨ। ਕੇਂਦਰ ਸਰਕਾਰ ਵਲੋਂ 2023 ਵਿੱਚ ਨੈਸ਼ਨਲ ਕਰੀਕੁੱਲਮ ਫਰੇਮਵਰਕ ਤਹਿਤ ਸਿਲੇਬਸ ਤੇ ਕਿਤਾਬਾਂ ਵਿੱਚ ਤਬਦੀਲੀ ਕਰ ਕੇ ਹਿੰਦੂਤਵ ਦਾ ਪਸਾਰਾ ਕੀਤਾ ਜਾ ਰਿਹਾ ਹੈ। ਇਸ ਵਿੱਚ ਅਤੀਤ ਤੇ ਇਤਿਹਾਸ ਮੋਹ ਦਿਖਾਇਆ ਗਿਆ ਜੋ ਸਾਮਰਾਜ ਤੇ ਸਰਮਾਏਦਾਰਾਂ ਦੇ ਫਿੱਟ ਬੈਠਦਾ ਹੈ। ਇਸ ਦੇ ਭਰਮਜਾਲ ਵਿੱਚ ਆਮ ਲੋਕ ਆ ਜਾਂਦੇ ਹਨ। ਸਿਲੇਬਸਾਂ ਵਿੱਚ ਫਿਰਕਾਪ੍ਰਸਤੀ ਆਧਾਰਿਤ ਤਬਦੀਲੀ ਤੇ ਛੰਗਾਈ ਕਰ ਦਿੱਤੀ ਗਈ ਹੈ। ਮਿਥਿਹਾਸ ਨੂੰ ਇਤਿਹਾਸ ਬਣਾ ਕੇ ਰਲਗੱਡ ਕਰ ਦਿੱਤਾ ਗਿਆ। ਤਰਕਹੀਣ ਤਬਦੀਲੀਆਂ ਕਰ ਕੇ ਡਾਰਵਿਨ ਤੇ ਲੈਮਾਰਕ ਵਰਗੇ ਵਿਗਿਆਨੀ ਸਿਲੇਬਸ ਤੋਂ ਬਾਹਰ ਕਰ ਦਿੱਤੇ ਗਏ ਹਨ। ਮੁਗਲ ਰਾਜ ਤੇ ਇਸਲਾਮ ਦੇ ਹਵਾਲੇ ਖਤਮ ਕਰ ਦਿੱਤੇ ਹਨ। ਇਸ ਨਾਲ ਸਿੱਖ ਗੁਰੂਆਂ ਦਾ ਇਤਿਹਾਸ ਆਪਣੇ ਆਪ ਸਿਲੇਬਸ ਤੋਂ ਬਾਹਰ ਹੋ ਗਿਆ ਹੈ। ਸਮਾਜਿਕ ਤੇ ਸਿਆਸੀ ਲਹਿਰਾਂ ਦੇ ਜ਼ਿਕਰ ਸਾਫ਼ ਕਰ ਦਿੱਤੇ ਹਨ।

ਇਸ ਲਈ ਸਿੱਖਿਆ ਦੀ ਤਬਾਹੀ ਨੂੰ ਬਚਾਉਣ ਲਈ ਕਾਰਪੋਰੇਟ ਅਤੇ ਹਿੰਦੂਤਵ ਫਿਰਕਾਪ੍ਰਸਤੀ ਖਿਲਾਫ ਦਿੱਲੀ ਕਿਸਾਨ ਮੋਰਚੇ ਦੀ ਤਰਜ਼ 'ਤੇ ਅੰਦੋਲਨ ਖੜ੍ਹਾ ਕਰਨ ਦੀ ਜ਼ਰੂਰਤ ਹੈ। ਕੇਂਦਰ ਤੇ ਰਾਜ ਸਰਕਾਰ ਵਿਰੁੱਧ ਸੰਘਰਸ਼ ਨੂੰ ਅੱਗੇ ਵਧਾ ਕੇ ਕਾਮਨ ਸਕੂਲਾਂ ਦੀ ਸਥਾਪਤੀ ਲਈ ਵੱਖ-ਵੱਖ ਨਾਵਾਂ ਦੇ ਸਕੀਮਾਂ ਵਾਲੇ ਅਦਾਰੇ ਬੰਦ ਕਰਵਾਏ ਜਾਣ। ਸਾਰੇ ਸਰਕਾਰੀ ਲੀਡਰ, ਅਫਸਰਾਂ, ਮੁਲਾਜ਼ਮਾਂ ਤੇ ਅਧਿਆਪਕਾਂ ਦੇ ਬੱਚੇ ਸਰਕਾਰੀ ਅਦਾਰਿਆਂ ਵਿੱਚ ਦਾਖਲ ਕਰਵਾਏ ਜਾਣ। ਇਸ ਸਬੰਧੀ ਅਲਾਹਾਬਾਦ ਹਾਈਕੋਰਟ ਫੈਸਲਾ ਕਰ ਚੁੱਕੀ ਹੈ। ਮੁਫ਼ਤ ਸਿੱਖਿਆ ਲਈ ਯਤਨ ਜੁਟਾ ਕੇ ਅਵਾਮ ਦੀ ਲਾਮਬੰਦੀ ਕਰਨੀ ਚਾਹੀਦੀ ਹੈ।

***

## ਅਸਲ ਚੁਣੌਤੀਆਂ ਦੀ ਹੋ ਰਹੀ

ਅਮਰੀਕਾ ਨੂੰ ਛੱਡ ਕੇ ਚੀਨ ਤੋਂ ਲੈ ਕੇ ਯੂਰਪ ਤੱਕ ਜ਼ਿਆਦਾਤਰ ਅਰਥਚਾਰਿਆਂ ਦੇ ਮੱਠੇ ਪੈਣ ਦੇ ਸੰਕੇਤ ਵੀ ਚੰਗੇ ਨਹੀਂ ਹਨ।

ਟਰੰਪ ਸੱਤਾ ਸੰਭਾਲਦੇ ਹੀ ਉਨ੍ਹਾਂ ਦੇਸ਼ਾਂ 'ਤੇ ਇੰਪੋਰਟ ਡਿਊਟੀ ਲਗਾਉਣ ਦੀ ਧਮਕੀ ਦੇ ਰਹੇ ਹਨ ਜਿਨ੍ਹਾਂ ਨੂੰ ਅਮਰੀਕਾ ਨਾਲ ਵਪਾਰ ਵਿੱਚ ਲਾਭ ਹੋ ਰਿਹਾ ਹੈ। ਭਾਰਤ ਨੂੰ ਸਭ ਤੋਂ ਵੱਡਾ ਵਪਾਰ ਲਾਹਾ ਅਮਰੀਕਾ ਤੋਂ ਹੀ ਹੁੰਦਾ ਹੈ। ਇੰਨੀਆਂ ਸਾਰੀਆਂ ਭਖ਼ਦੀਆਂ ਸਮੱਸਿਆਵਾਂ 'ਤੇ ਸਰਕਾਰ ਤੋਂ ਹੱਲ ਦਾ ਹਿਸਾਬ ਮੰਗਣ ਅਤੇ ਜਨਤਾ ਦੇ ਸਾਹਮਣੇ ਬਿਹਤਰ ਬਦਲ ਰੱਖਣ ਦੀ ਜਗ੍ਹਾ ਕੁਝ ਕੁ ਬੇਲੋੜੇ ਮੁੱਦਿਆਂ ਨੂੰ ਚੁੱਕੀ ਜਾਣ ਨਾਲ ਕਿਹੜੀ ਸਮੱਸਿਆ ਦਾ ਹੱਲ ਹੋਵੇਗਾ ?

ਵਿਰੋਧੀ ਧਿਰ ਨੂੰ ਵੀ ਆਪਣਾ ਫ਼ਰਜ਼ ਸਮਝਦੇ ਹੋਏ ਸੰਸਦ ਵਿੱਚ ਸਾਰਥਕ ਚਰਚਾ ਦਾ ਮਾਹੌਲ ਬਣਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਦੇਸ਼ ਅੱਗੇ ਖੜ੍ਹੇ ਬੇਸ਼ੁਮਾਰ ਮਸਲਿਆਂ ਦਾ ਸਾਰਥਕ ਹੱਲ ਕੱਢਿਆ ਜਾ ਸਕੇ। ਕੀ ਸੰਵਿਧਾਨ ਇਹ ਕਹਿੰਦਾ ਹੈ ਕਿ ਵਿਰੋਧੀ ਧਿਰ ਦਾ ਕੰਮ ਸਰਕਾਰ ਦੀਆਂ ਯੋਜਨਾਵਾਂ ਨੂੰ ਰਚਨਾਤਮਕ ਚੁਣੌਤੀ ਦੇਣ ਦੀ ਥਾਂ ਸਿਰਫ਼ ਲੋਕ ਫ਼ਤਵੇ ਨੂੰ ਹੀ ਚੁਣੌਤੀ ਦਿੰਦੇ ਰਹਿਣਾ ਹੈ ?

***

## ਭਾਰਤ ਲਈ ਵੱਡੀ ਸਮੱਸਿਆ

ਵਰਣਨਯੋਗ ਹੈ ਕਿ ਸਾਡੇ ਦੇਸ਼ 'ਚ ਨਾਰਕੋਟਿਕਸ ਡਰੱਗ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ 1985 ਲਾਗੂ ਕੀਤਾ ਗਿਆ ਸੀ ਜਿਸ ਨੂੰ ਪ੍ਰਭਾਵੀ ਬਣਾਉਣ ਲਈ 2014 ਵਿੱਚ ਇੱਕ ਸੋਧ ਬਿੱਲ ਲਿਆਂਦਾ ਗਿਆ ਸੀ। ਇਸ ਦੇ ਆਧਾਰ 'ਤੇ 2015 'ਚ ਨਵਾਂ ਕਾਨੂੰਨ ਬਣਾਇਆ ਗਿਆ ਸੀ ਪਰ ਭਾਰਤੀ ਕਾਨੂੰਨ ਕੁਝ ਹੱਦ ਤੱਕ ਲਚਕਦਾਰ ਹੈ ਤੇ ਨਸ਼ਾ ਤਸਕਰ, ਡਰੱਗ ਮਾਫ਼ੀਆ ਕਾਨੂੰਨ ਦੀ ਲਚਕਤਾ, ਸਿਆਸੀ ਮਿਲੀਭੁਗਤ ਤੇ ਪ੍ਰਭਾਵ ਦਾ ਫ਼ਾਇਦਾ ਉਠਾ ਕੇ ਪੁਲਿਸ ਤੇ ਕਾਨੂੰਨ ਦੀ ਪਕੜ ਤੋਂ ਆਸਾਨੀ ਨਾਲ ਬਚ ਨਿਕਲਦੇ ਹਨ। ਭਾਰਤ ਨੂੰ ਸਿੰਗਾਪੁਰ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ ਜਿੱਥੇ ਨਸ਼ਾ ਵਿਰੋਧੀ ਕਾਨੂੰਨ ਸਾਰੀ ਦੁਨੀਆਂ ਤੋਂ ਸਖ਼ਤ ਹਨ। ਜ਼ਿਕਰਯੋਗ ਹੈ ਕਿ ਉੱਥੋਂ ਦੇ ਕਾਨੂੰਨ ਤਹਿਤ ਜੇ ਕੋਈ 500 ਗ੍ਰਾਮ ਤੋਂ ਵੱਧ ਗਾਂਜੇ ਜਾਂ 15 ਗ੍ਰਾਮ ਤੋਂ ਵੱਧ ਹੈਰੋਇਨ ਦੀ ਤਸਕਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ।

***

## ਬੱਚਿਆਂ ਨੂੰ ਸਰਬਪੱਖੀ

ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਗੰਭੀਰ ਸੋਚ ਰੱਖਣ ਵਾਲੇ ਚਿੰਤਕ ਅਜਿਹੀਆਂ ਕਾਨਫ਼ਰੰਸਾਂ ਨੂੰ ਨਿਰਾਰਥਕ ਹੀ ਦੱਸਦੇ ਹਨ। ਪੰਜਾਬੀ ਸਾਹਿਤ ਤੇ ਸਭਿਆਚਾਰਕ ਸੰਸਥਾਵਾਂ ਨੂੰ ਨਿੱਗਰ ਪਲੇਟਫਾਰਮ ਤੇ ਸਾਹਿਤਕ ਤੋਰ ਦੀ ਬਹੁਤ ਜ਼ਰੂਰਤ ਹੈ, ਕਿਉਂਕਿ ਅਸਾਹਿਤਕ ਰਚਨਾਵਾਂ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ। ਪੰਜਾਬੀ ਸਾਹਿਤ ਦੀਆਂ ਰੀਝਾਂ ਸੱਧਰਾਂ ਦੇ ਰਾਹਾਂ 'ਚ ਛੋਟੇ-ਛੋਟੇ ਲਾਲਚ ਨਾ ਵਿਛਾਏ ਜਾਣ ਤੇ ਸਭਿਆਚਾਰ ਨੂੰ ਪ੍ਰਦੂਸ਼ਿਤ ਨਾ ਕੀਤਾ ਜਾਵੇ। ਨਹੀਂ ਤਾਂ ਨਵੀਂਆਂ ਕਲਮਾਂ ਦੇ ਚਾਅ ਰਾਹਾਂ 'ਚ ਦਮ ਤੋੜ ਜਾਣਗੇ। ਤੋਹਫ਼ਾ ਰਾਜਨੀਤੀ ਬੱਲੇ-ਬੱਲੇ, ਤੁਕਬੰਦੀ, ਤੁਕਾਂਤਬੰਦੀ, ਫੇਸ-ਬੁੱਕ ਅਸਾਹਿਤਕਤਾ ਸਾਨੂੰ ਸਾਹਿਤਕ ਪੈੜਾਂ ਤੋਂ ਛੇਤੀ ਹੀ ਵਾਂਝੇ ਕਰ ਸਕਦੇ ਹਨ, ਕਿਉਂਕਿ ਅਸਾਹਿਤਕ ਜੁਗਾੜਬੰਦੀ 'ਚ ਸਾਹਿਤਕ ਰੁਚੀਆਂ ਦਾ ਸਾਹ ਘੁੱਟਿਆ ਜਾਵੇਗਾ। ਨਵੀਆਂ ਕਲਮਾਂ ਨੂੰ ਸੁਹਿਰਦਤਾ ਨਾਲ ਆਪਣੀਆਂ ਲਿਖਤਾਂ ਉਪਰ ਗਹਿਰੀ ਸੋਚ ਵਿਚਾਰ ਕਰਨੀ ਚਾਹੀਦੀ ਹੈ। ਜੇਕਰ ਛੋਟੇ ਹਿੱਤਾਂ ਨੂੰ ਵਿਸਾਰ ਕੇ ਵਧੀਆ ਸਿੱਖਣ ਤੇ ਪੜ੍ਹਨ ਦੀ ਰੁਚੀ ਨੂੰ ਅੱਗੇ ਵਧਾਉਂਦਿਆ ਸਾਹਿਤਕ ਰਚਨਾਵਾਂ ਦੀ ਸਿਰਜਣਾ ਕੀਤੀ ਜਾਵੇ, ਤਾਂ ਭਵਿੱਖ 'ਚ ਇਹ ਉਦਮ ਚੰਨ ਸਿਤਾਰੇ ਵਾਂਗ ਦਿੱਸਦੇ ਰਹਿਣਗੇ। ਜੇ ਪੰਜਾਬੀ ਸਾਹਿਤ ਚੰਗਾ ਹੋਵੇਗਾ ਤਾਂ ਹੀ ਅਸੀਂ ਪੰਜਾਬੀ ਨੂੰ ਵਧੀਆ ਮੁਕਾਮ 'ਤੇ ਲਿਜਾ ਸਕਾਂਗੇ। ਇਸ ਲਈ ਜ਼ਰੂਰੀ ਹੈ ਬੇਗਾਨੀ ਭਾਸ਼ਾ ਦੀ ਗੁਲਾਮੀ ਤਿਆਗੋ! ਆਪਣੀ ਮਾਂ-ਬੋਲੀ 'ਤੇ ਮਾਣ ਕਰੋ!

***

## ਸੰਘੀ ਅਦਾਲਤ ਵੱਲੋਂ ਟਰੰਪ

ਟਰੰਪ ਨੇ ਕਿਹਾ ਸੀ ਕਿ ਕੈਰੋਲ ਨੇ ਆਪਣੀ ਕਿਤਾਬ ਦੀ ਵਿਕਰੀ ਵਧਾਉਣ ਦੇ ਮਕਸਦ ਨਾਲ ਜਬਰਜਨਾਹ ਦੀ ਕਹਾਣੀ ਘੜੀ ਹੈ। ਟਰੰਪ ਦੇ ਬੁਲਾਰੇ ਤੇ ਵਾਈਟ ਹਾਊਸ ਦੇ ਅਗਲੇ ਕਮਿਊਨੀਕੇਸ਼ਨ ਡਾਇਰੈਕਟਰ ਸਟੀਵਨ ਚੀਉਂਗ ਨੇ ਫ਼ੈਸਲੇ ਉਪਰੰਤ ਕਿਹਾ ਹੈ ਕਿ ਹੋਰ ਅਪੀਲ ਕੀਤੀ ਜਾਵੇਗੀ। ਚੀਉਂਗ ਨੇ ਕਿਹਾ ਹੈ ਕਿ ਅਮਰੀਕੀ ਲੋਕਾਂ ਨੇ ਭਾਰੀ ਬਹੁਮਤ ਨਾਲ ਟਰੰਪ ਨੂੰ ਮੁੜ ਰਾਸ਼ਟਰਪਤੀ ਚੁਣਿਆ ਹੈ। ਉਹ ਮੰਗ ਕਰਦੇ ਹਨ ਕਿ ਸਾਡੀ ਨਿਆਂ ਪ੍ਰਣਾਲੀ ਦੀ ਰਾਜਸੀ ਹਥਿਆਰ ਵਜੋਂ ਵਰਤੋਂ ਤੁਰੰਤ ਬੰਦ ਕੀਤੀ ਜਾਵੇ।

****

## ਜੰਗ ਖਿਦਰਾਣੇ ਦੀ ਢਾਬ ਦੀ,

ਜੇ ਪਿੱਛੇ ਵੀ ਹਟੀਏ ਤਾਂ ਘੱਟੋ-ਘੱਟ ਦਸ ਕੋਹ ਤੋਂ ਉਰਾਂ ਕਿਤੇ ਵੀ ਪਾਣੀ ਮਿਲਣ ਦੀ ਕੋਈ ਸੰਭਾਵਨਾ ਨਹੀਂ। ਵਜੀਦ ਖਾਂ ਨੇ ਪਿੱਛੇ ਮੁੜਨ ਦਾ ਮਨ ਬਣਾ ਲਿਆ ਪਰ ਮੁੜਨ ਤੋਂ ਪਹਿਲਾਂ ਕਹਿਣ ਲੱਗਾ ਕਿ ਇਨ੍ਹਾਂ ਸ਼ਹੀਦ ਹੋਏ ਮੋਮਨਾਂ ਨੂੰ ਕਿਤੇ ਦਫ਼ਨਾ ਚੱਲੀਏ ਤੇ ਨਾਲ ਹੀ ਮਰੇ ਹੋਏ ਸਿੱਖਾਂ ਵਿੱਚੋਂ ਸ਼ਾਇਦ ਗੁਰੂ ਜੀ ਦੀ ਲੋਥ ਲੱਭ ਜਾਏ ਤੇ ਉਨ੍ਹਾਂ ਦਾ ਸਿਰ ਲਾਹ ਕੇ ਲੈ ਚੱਲੀਏ ਤਾਂ ਜੋ ਬਾਦਸ਼ਾਹ ਸਲਾਮਤ ਤੋਂ ਇਨਾਮ, ਨੇਕਨਾਮੀ, ਬਹਾਦਰੀ ਦਾ ਮਰਤਬਾ ਲੈ ਲਈਏ। ਸਾਰੀ ਦੁਨੀਆਂ 'ਵਿਚ ਮੇਰਾ ਨਾਂ ਹੋ ਜਾਏਗਾ ਕਿ ਜਿਸ ਗੁਰੂ ਗੋਬਿੰਦ ਸਿੰਘ ਹਿੰਦ ਦੇ ਪੀਰ ਨੇ ਜੰਗਾਂ ਕਰਕੇ ਬਾਈ ਧਾਰ ਦੇ ਪਹਾੜੀ ਰਾਜਿਆਂ ਨੇ ਮਾਰ-ਮਾਰ ਬਿਲੇ ਲਾ ਛੱਡਿਆ ਤੇ ਕਈ ਵਾਰ ਲੱਖਾਂ ਸ਼ਾਹੀ ਫ਼ੌਜਾਂ ਨੂੰ ਅੰਗੂਠਾ ਦਿਖਾ ਕੇ ਸਹੀ ਸਲਾਮਤ ਨਿਕਲ ਗਿਆ ਸੀ, ਉਸ ਨੂੰ ਵਜੀਦ ਖਾਂ ਨੇ ਮਾਰ ਲਿਆ। ਉਸ ਦੀ ਇਹ ਗੱਲ ਸੁਣ ਕੇ ਕਪੂਰੇ ਨੇ ਕਿਹਾ ਤੁਸੀਂ ਕਿਹੜੇ ਭਰਮ-ਭੁਲੇਖੇ 'ਵਿਚ ਫਿਰਦੇ ਹੋ। ਗੁਰੂ ਤੁਹਾਡੇ ਮਾਰਨ ਲਈ ਨਹੀਂ, ਓਥੇ ਬੈਠੇ। ਉਹ ਤਾਂ ਖ਼ਬਰੇ ਕਿੱਧਰ ਨੂੰ ਨਿਕਲ ਗਏ ਹੋਣਗੇ। ਬਾਕੀ ਜਿਹੜੇ ਮੋਮਨ ਮਾਰੇ ਗਏ ਸੋ ਮਾਰੇ ਗਏ, ਇਨ੍ਹਾਂ ਨੂੰ ਦੱਬਣ ਵਿੱਚ ਕੀ ਪਿਐ, ਕਿਤੇ ਦੱਬਣ-ਦਬਾਉਣ ਦੇ ਚੱਕਰ ਵਿੱਚ ਤੁਸੀਂ ਆਪ ਨਾ ਦੱਬੇ ਜਾਓ। ਚੱਲੇ ਹੁੰਦੇ ਤਾਂ ਹੁਣ ਤਕ ਚਾਰ ਕੋਹ ਪੈਂਡਾ ਮਾਰ ਲੈਣਾ ਸੀ। ਜੇ ਸਿਪਾਹੀ ਤਿਹਾਏ, ਮਰਦੇ ਬੇਹੋਸ਼ ਹੋ ਕੇ ਇੱਥੇ ਡਿੱਗਣ ਲੱਗ ਪਏ ਤਾਂ ਚਾਰ-ਚੁਫੇਰੇ ਬੈਠੇ ਸਿੱਖਾਂ ਨੇ ਉਨ੍ਹਾਂ ਦਾ ਦਲੀਆ ਬਣਾ ਦੇਣੈ। ਖ਼ਾਨ ਸਾਹਿਬ! ਮੋਇਆਂ ਨੂੰ ਸੰਭਾਲਣ ਦੀ ਬਜਾਏ, ਜਿਉਂਦਿਆਂ ਨੂੰ ਬਚਾਉਣ ਦਾ ਰਾਹ ਲੱਭੋ ਨਹੀਂ ਤਾਂ ਇਹ ਧਰਤੀ ਕਰਬਲਾ ਬਣ ਜਾਏਗੀ ਤੇ ਦੱਬਣ-ਫੂਕਣ ਵਾਲਾ ਵੀ ਕੋਈ ਨਹੀਂ ਬਚੇਗਾ। ਹੁਣ ਤਾਂ ਤੁਹਾਡੀ ਫ਼ਤਿਹ ਹੋ ਗਈ ਹੈ। ਜਿਹੜੇ ਸਿੱਖ ਤੁਹਾਡੇ ਸਾਹਮਣੇ ਲੜਦੇ ਸਨ, ਉਹ ਤਾਂ ਚਾਰ-ਚਾਰ ਨੂੰ ਮਾਰ ਕੇ ਸ਼ਹੀਦ ਹੋ ਗਏ ਹਨ ਤੇ ਜਿਹੜੇ ਝਾੜਾਂ ਵਿੱਚ ਲੁਕੇ ਬੈਠੇ ਨੇ ਉਨ੍ਹਾਂ ਨੂੰ ਕਿੱਥੋਂ-ਕਿੱਥੋਂ ਲੱਭਦੇ ਫਿਰੋਗੇ। ਫਿਰ ਇਹ ਬੈਰਾੜ ਤਾਂ ਇਨ੍ਹਾਂ ਜੰਗਲਾਂ, ਝਾੜਾਂ ਦੇ ਸੂਹੀਏ ਹਨ ਤੇ ਤੇਰੀ ਫ਼ੌਜ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਕਿਧਰੋਂ ਆਏ ਹਨ ਤੇ ਕਿੱਧਰ ਜਾਣਾ ਹੈ। ਕੁਝ ਤਿਹਾਏ ਮਰ ਜਾਣਗੇ, ਕੁਝ ਨੂੰ ਬੈਰਾੜ ਲੈ ਜਾਣਗੇ। ਵਜੀਦ ਖ਼ਾਨ ਨੂੰ ਕਪੂਰੇ ਦੀ ਗੱਲ ਜਚ ਗਈ ਕਿ ਜੇ ਪਿੱਛੇ ਨਾ ਮੁੜੇ ਤਾਂ ਤਿਹਾਈ ਫ਼ੌਜ ਪਾਣੀ ਖੁਣੋਂ ਤਿੱਤਰ-ਬਿਤਰ ਹੋ ਜਾਏਗੀ। ਉਸ ਨੇ ਫ਼ੌਜਾਂ ਨੂੰ ਪਿੱਛੇ ਵੱਲ ਮੋੜ ਲਿਆ। ਫੇਰ ਮੁਰਦੇ ਤਾਂ ਕੀ ਸਾਂਭਣੇ ਸਨ, ਜ਼ਖ਼ਮੀਆਂ ਨੂੰ ਵੀ ਤੜਫਦਿਆਂ ਛੱਡ ਕੇ ਤੁਰਕਾਂ ਦੀ ਫ਼ੌਜ ਹਰਨ ਹੋ ਗਈ। ਤੁਰਕਾਂ ਦੇ ਨੱਸ ਜਾਣ ਦੀ ਖ਼ਬਰ ਸੁਣ ਕੇ ਜਦੋਂ ਗੁਰੂ ਜੀ ਰਣਭੂਮੀ 'ਚ ਆਏ ਤਾਂ ਕੀ ਦੇਖਦੇ ਹਨ ਕਿ ਇੱਕ-ਇੱਕ ਸਿੱਖ ਕੋਲ ਦੋ-ਦੋ ਤੁਰਕ ਮੋਏ ਪਏ ਹਨ। ਮਾਈ ਭਾਗੋ, ਜੋ ਮਝੈਲ ਸਿੰਘਾਂ ਨਾਲ ਆਈ ਸੀ, ਤੁਰਕਾਂ ਨਾਲ ਦੋ-ਦੋ ਹੱਥ ਕਰਕੇ ਟੋਬੇ ਦੇ ਕੰਢੇ ਬੈਠੀ ਆਪਣੇ ਜ਼ਖ਼ਮ ਧੋ ਰਹੀ ਸੀ। ਉਸ ਨੇ ਜਦੋਂ ਮਝੈਲ ਸਿੱਖਾਂ ਦੇ ਸ਼ਹੀਦ ਹੋਣ ਦੀ ਗਾਥਾ ਗੁਰੂ ਜੀ ਨੂੰ ਸੁਣਾਈ ਤਾਂ ਗੁਰੂ ਜੀ ਦੇ ਨੇਤਰ ਭਰ ਆਏ। ਜਿਹੜੇ ਸਿੰਘ ਅੱਗੇ ਹੋ-ਹੋ ਕੇ ਰਣ ਤੱਤੇ 'ਚ ਜੂਝੇ ਸਨ, ਉਨ੍ਹਾਂ ਦੇ ਮੂੰਹ ਰੁਮਾਲ ਨਾਲ ਪੂੰਝੇ ਤੇ ਕਿਸੇ ਨੂੰ ਪੰਜ ਹਜ਼ਾਰੀ, ਕਿਸੇ ਨੂੰ ਦਸ ਹਜ਼ਾਰੀ ਦਾ ਵਰ ਦਿੰਦੇ ਚਿਖਾ 'ਤੇ ਧਰਦੇ ਗਏ। ਜਿਵੇਂ ਪਿਤਾ-ਪੁੱਤਰ ਨਾਲ ਤੇ ਮਿੱਤਰ-ਮਿੱਤਰ ਨਾਲ ਸਨੇਹ ਕਰਦਾ ਹੈ, ਤਿਓਂ ਹੀ ਪਿਆਰ ਨਾਲ ਗੁਰੂ ਜੀ ਉਨ੍ਹਾਂ ਦੀ ਸਲਾਹੁਤਾ ਕਰਦੇ ਰਹੇ। ਤਦੋਂ ਹੀ ਇੱਕ ਸਹਿਕਦਾ ਸਿੱਖ ਮਹਾਂ ਸਿੰਘ ਹੱਥ ਲੱਗਾ। ਗੁਰੂ ਜੀ ਨੇ ਜਲ ਪਿਲਾ ਕੇ ਉਸ ਦੇ ਜ਼ਖ਼ਮ ਧੁਆ ਕੇ, ਮੂੰਹ ਪੂੰਝਿਆ ਤਾਂ ਉਸ ਅੱਖਾਂ ਖੋਲ੍ਹੀਆਂ। ਗੁਰੂ ਜੀ ਦਾ ਦੀਦਾਰ ਕਰਕੇ ਧੰਨ ਹੋ ਗਿਆ। ਗੁਰੂ ਜੀ ਨੇ ਮਿਹਰ ਦਾ ਨੂਰ ਵਰਸਾਉਂਦਿਆਂ ਕਿਹਾ ਮਹਾਂ ਸਿੰਘ ਜੋ ਮੰਗਣਾ ਹੈ, ਮੰਗ ਲੈ। ਮਹਾਂ ਸਿੰਘ ਦਾ ਉਤਰ ਸੀ ਕਿ ਮੇਰੀਆਂ ਤਾਂ ਸਭ ਇੱਛਾਵਾਂ ਪੂਰੀਆਂ ਹੋ ਚੁੱਕੀਆਂ ਨੇ, ਜੇ ਤੁਠੇ ਹੋ ਤਾਂ ਇੱਕ ਕਿਰਪਾ ਕਰੋ," ਗ਼ਲਤੀ 'ਚ ਜਿਹੜਾ ਬੇਦਾਵਾ ਮਾਝੇ ਦੇ ਸਿੰਘਾਂ ਨੇ ਲਿਖਿਆ ਸੀ, ਉਹ ਫਾੜ ਦਿਓ।" ਗੁਰੂ ਜੀ ਨੇ ਬੇਦਾਵਾ ਪਾੜਦੇ ਹੋਏ ਮਹਾਂ ਸਿੰਘ ਨੂੰ ਗਲ਼ ਨਾਲ ਲਾ ਲਿਆ ਤੇ ਉਸ ਦੇ ਪ੍ਰਾਣ ਪੰਖੇਰੂ ਉਡ ਗਏ। ਗੁਰੂ ਜੀ ਨੇ ਆਪਣੇ ਹੱਥੀਂ ਚਿਖਾ ਤਿਆਰ ਕਰਵਾ ਕੇ ਭਾਈ ਮਹਾਂ ਸਿੰਘ ਦਾ ਅੰਤਿਮ ਸਸਕਾਰ ਕੀਤਾ ਤੇ ਫੁਰਮਾਇਆ-ਜਿੱਥੇ ਇੱਕ ਦੋ ਰਿਖੀ ਮੁਨੀ ਤਪ ਕਰਦੇ ਹਨ, ਉਹ ਥਾਂ ਪੂਜਣਯੋਗ ਹੋ ਜਾਂਦੀ ਹੈ। ਇੱਥੇ ਤਾਂ ਬਹੁਤ ਸਾਰੇ ਸੂਰਮੇ ਧਰਮ ਯੁੱਧ ਕਰਦੇ ਹੋਏ ਮੈਦਾਨੇ ਜੰਗ ਵਿੱਚ ਜੂਝੇ ਹਨ। ਇਸ ਲਈ ਜੇ ਕੋਈ ਇਸਤਰੀ ਪੁਰਖ ਸ਼ਰਧਾ ਨਾਲ ਏਸ ਥਾਂ ਆ ਕੇ ਇਸ਼ਨਾਨ ਕਰੇਗਾ, ਉਹ ਜਮਰਾਜਪੁਰੀ ਨਹੀਂ ਦੇਖੇਗਾ ਤੇ ਸਿੱਧਾ ਸੱਚਖੰਡ ਜਾਏਗਾ। ਸਹਿਜੇ ਹੀ ਉਚਾਰੀ ਇਹ ਉਕਤੀ ਮੁਕਤੀ ਦੇਣ ਵਾਲੀ ਹੋਣ ਕਰਕੇ ਇਸ ਸਥਾਨ ਦਾ ਨਾਂ ਮੁਕਤਸਰ ਪੈ ਗਿਆ। ਇਸ ਦਾ ਹਵਾਲਾ ਗੁਰਬਿਲਾਸ ਪਾਤਸ਼ਾਹੀ 10 ਵਿੱਚ ਵੀ ਮਿਲਦਾ ਹੈ:- ਸਿਰ ਦੈ ਸਭ ਮੁਕਤੇਸਰ ਲੜੈ। ਨਾਮ ਮੁਕਤਸਰ ਤਾਤੇ ਧਰੈ। ! ਮਾਘ ਮਾਸ ਪਹਿਲੀ ਹੈ ਜਾਨੋ। ਬਡੋ ਨੀਰ ਤੇ ਜੁਧ ਪਛਾਨੋ। ਇਸ ਇਤਿਹਾਸਕ ਜੰਗ ਨੂੰ ਤਿੰਨ ਸਦੀਆਂ ਤੋਂ ਵੀ ਵਧੇਰੇ ਸਮਾਂ ਹੋ ਗਿਆ ਹੈ ਪਰ ਅੱਜ ਵੀ ਇਸ ਜੰਗ ਦੀ ਧਰਮ ਯੁੱਧ ਵਜੋਂ ਬੜੀ ਅਹਿਮੀਅਤ ਹੈ।

***

## ਇਤਿਹਾਸਕ ਸ਼ਹਿਰ

ਅਸੂਲਾਂ ਵਿਚ ਸਰੀਰ ਦੀ ਨਿਯਮਬੱਧ ਸਫ਼ਾਈ ਰੱਖਣਾ ਵੀ ਸ਼ਾਮਲ ਹੈ। ਗੁਰੂ ਜੀ ਨੇ ਲੜਾਈ ਦੇ ਕਠਿਨ ਸਮੇਂ ਵਿੱਚ ਵੀ ਆਪਣਾ ਨਿਤਨੇਮ ਨਹੀਂ ਛੱਡਿਆ। ਖਿਦਰਾਣੇ ਦੀ ਜੰਗ ਦੌਰਾਨ ਆਪਣੇ ਨਿਤਨੇਮ ਅਨੁਸਾਰ ਗੁਰੂ ਜੀ ਸਵੇਰੇ ਸੁਵਖਤੇ ਉੱਠ ਕੇ ਦਾਤਣ ਕੁਰਲਾ ਕਰਦੇ ਸਨ। ਇਸ ਅਸਥਾਨ 'ਤੇ ਗੁਰਦੁਆਰਾ ਦਾਤਣਸਰ ਸਥਾਪਤ ਹੈ।

**ਗੁਰਦੁਆਰਾ ਰਕਾਬਸਰ ਸਾਹਿਬ:**
ਜੰਗ ਦੌਰਾਨ ਗੁਰੂ ਜੀ ਦੇ ਘੋੜੇ ਦੀ ਇੱਕ ਰਕਾਬ ਟੁੱਟ ਗਈ ਜਿਸ ਨੂੰ ਇਸ ਅਸਥਾਨ 'ਤੇ ਸੰਭਾਲ ਕੇ ਰੱਖਿਆ ਹੋਇਆ ਹੈ। ਇਸ ਗੁਰਦੁਆਰੇ ਵਿਖੇ ਸਰੋਵਰ ਵੀ ਸਥਿਤ ਹੈ।

***

## ਜਗਦੀਪ ਸਿੰਘ ਨੂੰ

ਵਿਕਸਿਤ ਕਰਨਾ ਸੀ, ਜੋ ਵਧੇਰੇ ਊਰਜਾ ਕੁਸ਼ਲ, ਸੁਰੱਖਿਅਤ ਅਤੇ ਤੇਜ਼ੀ ਨਾਲ ਚਾਰਜ ਕਰਨ ਦੀ ਸਮਰਥਾ ਵਾਲੀਆਂ ਹਨ। (ਕੁਆਂਟਮਸਕੇਪ) ਸਾਲਿਡ-ਸਟੇਟ ਬੈਟਰੀ ਤਕਨਾਲੋਜੀ 'ਤੇ ਕੰਮ ਕਰਦੀ ਹੈ, ਜੋ ਰਵਾਇਤੀ ਲਿਥੀਅਮ-ਆਇਨ ਬੈਟਰੀਆਂ ਦੇ ਮੁਕਾਬਲੇ ਤੇਜ਼ ਚਾਰਜਿੰਗ, ਲੰਬੀ ਰੇਂਜ ਅਤੇ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਤਕਨੀਕ ਨੂੰ ਇਲੈਕਟ੍ਰਿਕ ਵਾਹਨਾਂ ਲਈ ਗੇਮ-ਚੇਂਜਰ ਮੰਨਿਆ ਜਾਂਦਾ ਹੈ। ਕੁਆਂਟਮਸਕੇਪ ਨੇ 2012 ਵਿੱਚ ਇੱਕ ਹੋਰ ਕੰਪਨੀ ਨਾਲ ਇੱਕ ਰਣਨੀਤਕ ਸਾਂਝੇਦਾਰੀ ਕੀਤੀ, ਜਿਸ ਨੇ ਕੰਪਨੀ ਨੂੰ ਕੁਆਂਟਮਸਕੇਪ ਵਿੱਚ ਵਿਆਪਕ ਤੌਰ 'ਤੇ ਨਿਵੇਸ਼ ਕੀਤਾ।

****

## ਇਨਸਾਫ਼ ਮੋਰਚੇ ਦੀ ਕਾਲ ਨੂੰ

ਵੱਲੋਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਵੀ ਕੌਮੀ ਇਨਸਾਫ਼ ਮੋਰਚੇ ਦੇ ਹੱਕ ਵਿੱਚ ਫ਼ੈਸਲਾ ਸੁਣਾਇਆ ਜਾ ਚੁੱਕਾ ਹੈ ਕਿ ਉਹ ਸ਼ਾਂਤਮਈ ਢੰਗ ਨਾਲ ਸਰਕਾਰ ਖ਼ਿਲਾਫ਼ ਆਪਣਾ ਰੋਸ ਪ੍ਰਗਟ ਕਰ ਸਕਦੇ ਹਨ ਤੇ ਕੋਈ ਵੀ ਮੋਰਚੇ ਨੂੰ ਚੁਕਾ ਨਹੀਂ ਸਕਦਾ। ਉਨ੍ਹਾਂ ਦੁਹਰਾਇਆ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰ ਮੰਗਾਂ ਪੂਰੀਆਂ ਹੋਣ ਤੱਕ ਮੋਰਚਾ ਚੜ੍ਹਦੀ ਕਲਾ ਵਿੱਚ ਚੱਲਦਾ ਰਹੇਗਾ।

***

## ਭਾਰਤੀ ਕੰਪਨੀਆਂ ਤੋਂ ਪਾਬੰਦੀ

ਹੋਵੇਗਾ ਤਾਂ ਜੋ ਭਾਰਤੀ ਕੰਪਨੀਆਂ ਅਮਰੀਕਾ ਦੇ ਨਿੱਜੀ ਖੇਤਰ, ਵਿਗਿਆਨੀਆਂ ਤੇ ਤਕਨਾਲੋਜੀ ਮਾਹਿਰਾਂ ਨਾਲ ਮਿਲ ਕੇ ਸਿਵਲ ਪਰਮਾਣੂ ਊਰਜਾ 'ਚ ਸਹਿਯੋਗ ਵਧਾ ਸਕਣ। ਭਾਰਤੀ ਕੰਪਨੀਆਂ ਤੋਂ ਪਾਬੰਦੀ ਹਟਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਐੱਨ.ਐੱਸ.ਏ. ਜੈਕ ਸੁਲੀਵਨ ਨੇ ਕਿਹਾ ਕਿ ਇਹ ਭਾਰਤ-ਅਮਰੀਕਾ ਭਾਈਵਾਲੀ ਹੋਰ ਮਜ਼ਬੂਤ ਕਰਨ ਵਿੱਚ ਅਗਲਾ ਵੱਡਾ ਕਦਮ ਸਾਬਤ ਹੋ ਸਕਦ ਹੈ। ਸੁਲੀਵਨ ਨੇ ਆਸ ਜਤਾਈ ਕਿ ਅਗਲੇ ਦਹਾਕੇ 'ਚ ਅਮਰੀਕੀ ਅਤੇ ਭਾਰਤੀ ਕੰਪਨੀਆਂ ਆਧੁਨਿਕ ਸੈਮੀਕੰਡਕਟਰ ਤਕਨਾਲੋਜੀਆਂ ਰਲ ਕੇ ਤਿਆਰ ਕਰਨਗੀਆਂ। ਉਨ੍ਹਾਂ ਕਿਹਾ ਕਿ ਅਮਰੀਕੀ ਅਤੇ ਭਾਰਤੀ ਪੁਲਾੜ ਯਾਤਰੀ ਵੀ ਇਕੱਠਿਆਂ ਖੋਜ ਅਤੇ ਹੋਰ ਮੁਹਿੰਮਾਂ ਚਲਾ ਰਹੇ ਹਨ।

***

## ਕਿਸਾਨ ਆਗੂ ਡੱਲੇਵਾਲ ਦੀ

ਅਧਿਕਾਰੀਆਂ ਵੱਲੋਂ ਡੱਲੇਵਾਲ ਨੂੰ ਇਲਾਜ ਲਈ ਮਨਾਉਣ ਦੀਆਂ ਕੋਸ਼ਿਸ਼ਾਂ ਅੱਜ ਵੀ ਜਾਰੀ ਰਹੀਆਂ। ਕਿਸਾਨ ਆਗੂ ਅਭਿਮੰਨੀਊ ਕੋਹਾੜ ਨੇ ਕਿਹਾ, 'ਰੱਬ ਭਲੀ ਕਰੇ, ਜੇ ਡੱਲੇਵਾਲ ਜੀ ਨੂੰ ਕੁਝ ਹੋ ਗਿਆ ਤਾਂ ਸ਼ਾਇਦ ਹਾਲਾਤ 'ਤੇ ਕੇਂਦਰ ਸਰਕਾਰ ਦਾ ਕੰਟਰੋਲ ਵੀ ਨਾ ਰਹੇ।' ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਹਾਲਾਤ ਨਾ ਬਣਨ ਦੇਵੇ ਕਿਉਂਕਿ ਜੇ ਡੱਲੇਵਾਲ ਨੂੰ ਕੁਝ ਹੋ ਗਿਆ ਤਾਂ ਇਹ ਕੇਂਦਰ ਸਰਕਾਰ ਦੇ ਮੱਥੇ 'ਤੇ ਕਦੇ ਵੀ ਨਾ ਪੂੰਝਿਆ ਜਾਣ ਵਾਲਾ 'ਦਾਗ਼' ਹੋਵੇਗਾ।

***

## ਮਾਲਵਾ ਇਲਾਕੇ ਦੇ ਪਾਣੀ ਵਿੱਚ

ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਪਾਣੀ 'ਚ ਯੂਰੇਨੀਅਮ ਦੀ ਮਾਤਰਾ 15 ਪਾਰਟ ਪ੍ਰਤੀ ਬਿਲੀਅਨ (ਪੀ.ਪੀ.ਬੀ.) ਨੂੰ ਸੁਰੱਖਿਅਤ ਮੰਨਿਆ ਹੈ ਪਰ ਬਠਿੰਡਾ ਦੇ 22 ਪਿੰਡਾਂ ਦੇ ਪਾਣੀ 'ਚ ਯੂਰੇਨੀਅਮ (ਮਾਈਕ੍ਰੋਗ੍ਰਾਮ ਪ੍ਰਤੀ ਲੀਟਰ) ਦੀ ਮਾਤਰਾ ਤੋਂ ਕਈ ਗੁਣਾ ਜ਼ਿਆਦਾ ਮਿਲੀ ਹੈ। ਜੱਜਲ, ਗਿਆਨਾ, ਮਲਕਾਨਾ 'ਚ ਸਭ ਤੋਂ ਵੱਧ ਯੂਰੇਨੀਅਮ ਦੀ ਮਾਤਰਾ ਮਿਲੀ ਹੈ। ਇਨ੍ਹਾਂ ਪਿੰਡਾਂ 'ਚ ਕੈਂਸਰ ਦੀ ਬਿਮਾਰੀ ਸਭ ਤੋਂ ਜ਼ਿਆਦਾ ਹੈ। ਇਸ ਖੇਤਰ ਦੇ ਪਿੰਡ ਸ਼ੇਖਪੁਰਾ 'ਚ ਬਹੁਤੇ ਬੱਚੇ ਅਜੀਬ ਕਿਸਮ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਪਿੰਡ ਜੱਜਲ ਤਾਂ ਕੈਂਸਰ ਲਈ ਜਾਣਿਆ ਜਾਣ ਲੱਗਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com